ਅਧਿਆਇ ਪਹਿਲਾ

# ਨਾਰੀਵਾਦ ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

**ਅਧਿਆਇ ਪਹਿਲਾ**

# ਨਾਰੀਵਾਦ ਇਤਿਹਾਸਕ ਅਤੇ ਸਿਧਾਂਤਕ ਪਰਿਪੇਖ

## 1. ਨਾਰੀਵਾਦ : ਸਿਧਾਂਤਕ ਪਰਿਪੇਖ

ਵਿਸ਼ਵ ਚਿੰਤਨ ਦੇ ਖੇਤਰ ਵਿੱਚ ਪਿਛਲੇ ਕੁਝ ਅਰਸੇ ਦੌਰਾਨ ਵਿਭਿੰਨ ਗਿਆਨ-ਸ਼ਾਸਤਰਾਂ ਦੇ ਵਿਕਸਿਤ ਹੋਣ ਨਾਲ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਖੇਤਰਾਂ ਦੇ ਨਾਲ-ਨਾਲ ਸਾਹਿਤ, ਕਲਾ ਅਤੇ ਅਧਿਐਨ ਦੀ ਸਮੁੱਚੀ ਪ੍ਰਕ੍ਰਿਆ ਵੀ ਪ੍ਰਭਾਵਿਤ ਹੋ ਰਹੀ ਹੈ। ਨਵੇਂ ਗਿਆਨ ਚਿੰਤਨ ਵਿੱਚ 'ਨਾਰੀਵਾਦ' ਵਿਸ਼ਵ ਪੱਧਰ 'ਤੇ ਇੱਕ ਅਜਿਹੇ ਮਹੱਤਵਪੂਰਨ ਸੰਕਲਪ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ ਜੋ ਨਾਰੀ ਦੀ ਅਧੀਨਗੀ ਅਤੇ ਦੁਜੈਲੀ ਸਥਿਤੀ, ਉਸਦੀ ਹੋਂਦ, ਅਸਤਿਤਵੀ ਆਜ਼ਾਦੀ ਅਤੇ ਸਵੈ-ਪਛਾਣ ਨਾਲ ਜੁੜੇ ਵਿਭਿੰਨ ਮਸਲਿਆਂ ਨੂੰ ਸਮਝਣ, ਸਮਝਾਉਣ ਅਤੇ ਹੱਲ ਤਲਾਸ਼ਣ ਵੱਲ ਅਗਰਸਰ ਹੁੰਦਾ ਹੈ। ਨਾਰੀਵਾਦ ਪਿੱਤਰਸੱਤਾਤਮਕ ਸਮਾਜ ਵਿੱਚ ਨਾਰੀ ਨਾਲ ਹੁੰਦੇ ਲਿੰਗਕ ਵਿਤਕਰੇ ਦਾ ਵਿਰੋਧ ਕਰਦਾ ਹੈ ਅਤੇ ਨਾਰੀ ਨੂੰ ਹਰ ਪੱਧਰ 'ਤੇ ਮਰਦ ਦੇ ਬਰਾਬਰ ਅਧਿਕਾਰ ਦਿੱਤੇ ਜਾਣ ਦੀ ਮੰਗ ਕਰਦਾ ਹੈ। ਇਸ ਦਾ ਮੰਤਵ ਸਮਾਜ ਵਿੱਚ ਔਰਤ ਅਤੇ ਮਰਦ ਵਿਚਲੀ ਨਾ-ਬਰਾਬਰਤਾ ਅਤੇ ਅਸੰਤੁਲਨ ਦਾ ਖ਼ਾਤਮਾ ਕਰਕੇ ਨਾਰੀ ਦੀ ਸੁਤੰਤਰ ਅਸਤਿਤਵੀ ਪਛਾਣ ਸਥਾਪਿਤ ਕਰਨਾ ਹੈ। ਨਾਰੀਵਾਦੀ ਪ੍ਰਵਚਨ ਔਰਤ ਨੂੰ ਆਪਣੇ ਅਸਤਿਤਵ ਨੂੰ ਜਾਨਣ ਲਈ ਜਾਗਰੂਕ ਕਰਦਾ ਹੋਇਆ ਉਸਦੀ ਮਾਨਵੀ ਹੋਂਦ ਦੀ ਸਵੀਕ੍ਰਿਤੀ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਵੱਖ-ਵੱਖ ਵਿਦਵਾਨਾਂ, ਬੁੱਧੀਜੀਵੀਆਂ, ਚਿੰਤਕਾਂ ਅਤੇ ਆਲੋਚਕਾਂ ਨੇ ਨਾਰੀਵਾਦ ਅਤੇ ਇਸਦੇ ਸਰੂਪ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ।

### (ੳ) ਸ਼ਾਬਦਿਕ ਅਰਥ : ਸੰਕਲਪਕ ਅਤੇ ਪਰਿਭਾਸ਼ਕ ਪਦ

ਨਾਰੀਵਾਦ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Feminism' ਦਾ ਸਮਾਨਅਰਥੀ ਹੈ। Feminism ਸ਼ਬਦ Latin ਭਾਸ਼ਾ ਦੇ ਸ਼ਬਦ Femina ਤੋਂ ਆਇਆ ਹੈ ਜਿਸਦਾ ਮੂਲ ਅਰਥ ਹੈ – ਔਰਤਾਂ ਦੇ ਗੁਣ ਰੱਖਣਾ।[1] ਨਾਰੀਵਾਦ ਸ਼ਬਦ ਦੇ ਪ੍ਰਚਲਨ ਸੰਬੰਧੀ ਜੇਨ ਫਰੀਡਮੈਨ (Jane Freedman) ਲਿਖਦੀ ਹੈ ਕਿ :

> ਨਾਰੀਵਾਦ ਸ਼ਬਦ ਪਹਿਲੀ ਵਾਰ 1871 ਵਿੱਚ ਇਕ ਫ੍ਰੈਂਚ ਮੈਡੀਕਲ ਟੈਕਸਟ ਵਿੱਚ ਵਰਤਿਆ ਗਿਆ ਸੀ ਜਿਸ ਵਿੱਚ ਮਰਦ ਮਰੀਜ਼ਾਂ ਵਿੱਚ ਜਿਨਸੀ ਅੰਗਾਂ ਅਤੇ ਵਿਸ਼ੇਸ਼ਤਾਵਾਂ ਦੇ ਵਿਕਾਸ ਵਿੱਚ ਰੁਕਾਵਟ ਨੂੰ ਦਰਸਾਇਆ ਗਿਆ ਸੀ, ਜੋ ਇਹ ਸਮਝਦੇ ਸਨ ਕਿ ਉਨ੍ਹਾਂ ਦੇ ਸਰੀਰ ਦਾ ਨਾਰੀਕਰਨ ਹੋ ਰਿਹਾ ਹੈ।[2]

ਉੱਥੇ 'ਨਾਰੀਵਾਦ' ਸ਼ਬਦ ਦੀ ਵਰਤੋਂ ਨਾਰੀ ਦੇ ਪ੍ਰਸੰਗ ਵਿੱਚ ਨਹੀਂ ਹੋਈ ਬਲਕਿ ਵਿਸ਼ੇਸ਼ ਬਿਮਾਰੀ ਜਾਂ ਉਸਦੇ ਲੱਛਣਾਂ ਨੂੰ ਦਰਸਾਉਣ ਲਈ ਕੀਤੀ ਗਈ ਸੀ। ਫਰੀਡਮੈਨ ਅੱਗੇ ਦੱਸਦੀ ਹੈ ਕਿ 1960 ਦੇ ਦਹਾਕੇ ਦੇ ਅੰਤ ਅਤੇ 1970 ਦੇ ਸ਼ੁਰੂ ਵਿੱਚ ਬਹੁਤ ਸਾਰੇ ਨਾਰੀ ਅਧਿਕਾਰਾਂ ਦੇ ਸੰਗਠਨਾਂ ਨੇ ਖ਼ੁਦ ਨੂੰ ਨਾਰੀਵਾਦੀ ਨਹੀਂ ਕਿਹਾ ਸੀ; ਪਰਿਭਾਸ਼ਕ ਸ਼ਬਦ ਨਾਰੀਵਾਦ ਦੀ ਸੀਮਤ ਵਰਤੋਂ ਦਾ ਸੰਬੰਧ ਖਾਸ ਗਰੁੱਪਾਂ ਅਤੇ ਸਰੋਕਾਰਾਂ ਨਾਲ ਸੀ।[3]

ਜਿਵੇਂ-ਜਿਵੇਂ ਵਿਸ਼ਵ ਪੱਧਰ ਉੱਤੇ ਨਾਰੀ, ਨਾਰੀ ਦੀਆਂ ਸਮੱਸਿਆਵਾਂ, ਮਸਲਿਆਂ ਅਤੇ ਨਾਰੀ ਦੇ ਹੱਕਾਂ, ਅਧਿਕਾਰਾਂ ਬਾਰੇ ਵਿਚਾਰ ਚਰਚਾ ਅੱਗੇ ਵਧੀ, ਉਵੇਂ ਹੀ 'ਨਾਰੀਵਾਦ' ਸ਼ਬਦ ਦੀ ਵਰਤੋਂ ਵੀ ਵਧੇਰੇ ਹੋਣ ਲੱਗੀ। ਬਹੁਤ ਸਾਰੇ ਵਿਦਵਾਨਾਂ, ਚਿੰਤਕਾਂ, ਵਿਚਾਰਕਾਂ ਨੇ ਵੱਖ-ਵੱਖ ਤਰ੍ਹਾਂ ਨਾਰੀਵਾਦ ਸ਼ਬਦ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ।

The Dictionary of Feminist Theory ਅਨੁਸਾਰ :

> ਨਾਰੀਵਾਦ ਨਾਰੀ ਦੀ ਆਜ਼ਾਦੀ ਦੀ ਵਿਚਾਰਧਾਰਾ ਹੈ ਜੋ ਇਹ ਵਿਸ਼ਵਾਸ ਕਰਦੀ ਹੈ ਕਿ ਨਾਰੀ ਆਪਣੇ ਲਿੰਗ (sex) ਕਰਕੇ ਅਨਿਆਂ ਭੋਗਦੀ ਹੈ।[4]

The New International Webster's Comprehensive Dictionary of the English Language ਅਨੁਸਾਰ :

> ਨਾਰੀਵਾਦ ਦੋਹਾਂ ਲਿੰਗਾਂ ਲਈ ਬਰਾਬਰੀ ਦਾ ਐਲਾਨ ਕਰਦਾ ਹੈ ਅਤੇ ਔਰਤਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹੱਕਾਂ ਦੀ ਵਕਾਲਤ ਕਰਦਾ ਹੈ।[5]

Stanford Encyclopedia of Philosophy ਅਨੁਸਾਰ :

> ਨਾਰੀਵਾਦ ਇਕ ਬੌਧਿਕ ਅਤੇ ਰਾਜਨੀਤਕ ਲਹਿਰ ਹੈ ਜੋ ਔਰਤਾਂ ਲਈ ਨਿਆਂ ਅਤੇ ਲਿੰਗਵਾਦ ਦੇ ਹਰ ਰੂਪ ਦੇ ਖ਼ਾਤਮੇ ਦੀ ਮੰਗ ਕਰਦੀ ਹੈ।[6]

ਚਾਰਲੋਟ ਪਰਕਿਨਜ਼ ਗਿੱਲਮੈਨ (Charlotte Perkins Gilman) ਦੇ ਸ਼ਬਦਾਂ ਵਿੱਚ :

> ਨਾਰੀਵਾਦ ਸਾਰੇ ਸੰਸਾਰ ਦੀਆਂ ਔਰਤਾਂ ਦਾ ਸਮਾਜਿਕ ਜਾਗਰਣ ਹੈ।[7]

ਪਾਮ ਮੋਰਿਸ (Pam Morris) ਅਨੁਸਾਰ :

(1) ਔਰਤ ਅਤੇ ਮਰਦ ਦੇ ਵਿਚਕਾਰ ਲਿੰਗਭੇਦ ਦਾ ਬੁਨਿਆਦੀ ਆਧਾਰ ਹੈ ਸੰਰਚਨਾਤਮਕ ਅਸਮਾਨਤਾ। ਇਸਦੇ ਕਾਰਣ ਔਰਤਾਂ ਨੂੰ ਯੋਜਨਾਬੱਧ ਸਮਾਜਿਕ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

(2) ਦੋਨਾਂ ਲਿੰਗਾਂ ਦੀ ਅਸਮਾਨਤਾ ਜੀਵ ਵਿਗਿਆਨਕ ਜਰੂਰਤ ਦਾ ਪਰਿਣਾਮ ਨਹੀਂ ਹੈ, ਬਲਕਿ ਇਹ ਲਿੰਗਭੇਦ ਸਭਿਆਚਾਰ ਦੁਆਰਾ ਪੈਦਾ ਕੀਤਾ ਗਿਆ ਹੈ। ਇਹ ਧਾਰਣਾ ਨਾਰੀਵਾਦ ਨੂੰ ਦੋਹਰਾ ਏਜੰਡਾ ਪ੍ਰਦਾਨ ਕਰਦੀ ਹੈ ; ਲਿੰਗ ਦੀ ਪਹਿਚਾਣ ਨੂੰ ਕਿਸ ਤਰ੍ਹਾਂ ਸਮਾਜਿਕ ਅਤੇ ਮਾਨਸਿਕ ਤਾਣੇ-ਬਾਣੇ ਦੇ ਤਹਿਤ ਨਿਰਮਿਤ ਕੀਤਾ ਜਾਂਦਾ ਹੈ, ਪ੍ਰਸਾਰਿਤ ਕੀਤਾ ਜਾਂਦਾ ਹੈ ਅਤੇ ਇਸਨੂੰ ਬਦਲਿਆ ਕਿਵੇਂ ਜਾਵੇ।[8]

ਕੋਸ਼ਾਂ ਵਿੱਚ ਅੰਕਿਤ ਅਤੇ ਪੱਛਮੀ ਚਿੰਤਕਾਂ ਦੀਆਂ ਉਪਰੋਕਤ ਪਰਿਭਾਸ਼ਾਵਾਂ ਤੋਂ ਇਲਾਵਾ ਭਾਰਤੀ ਚਿੰਤਕਾਂ ਅਤੇ ਨਾਰੀਵਾਦੀ ਆਲੋਚਕਾਂ ਨੇ ਵੀ 'ਨਾਰੀਵਾਦ' ਨੂੰ ਆਪੋ-ਆਪਣੇ ਨਜ਼ਰੀਏ ਤੋਂ ਪਰਿਭਾਸ਼ਤ ਕੀਤਾ ਹੈ। ਹਿੰਦੀ ਦੀ ਨਾਰੀਵਾਦੀ ਆਲੋਚਕ ਅਨਾਮਿਕਾ ਅਨੁਸਾਰ ਨਾਰੀਵਾਦ ਦੇ ਤਿੰਨ ਪ੍ਰਮੁੱਖ ਸੂਤਰ ਹਨ :

- ਜੈਂਡਰ ਦੇ ਨਿਰਮਾਣਕਾਰੀ ਤੱਤ ਸਮਾਜਿਕ ਹਨ।
- ਪਿੱਤਰਸੱਤਾਤਮਕ ਵਿਵਸਥਾ ਵਿੱਚ ਆਚਾਰ ਸੰਹਿਤਾਵਾਂ ਮਰਦਾਂ ਵੱਲੋਂ ਬਣਾਈਆਂ ਗਈਆਂ ਹੋਣ ਕਰਕੇ ਨਾਰੀ ਪ੍ਰਤੀ ਇਨ੍ਹਾਂ ਦਾ ਦ੍ਰਿਸ਼ਟੀਕੋਣ ਪੱਖਪਾਤੀ ਹੁੰਦਾ ਹੈ। ਨਾਰੀ ਵਿਕਾਸ ਦੇ ਅਵਸਰ ਕਿਰਪਾ ਪੂਰਵਕ ਦ੍ਰਿਸ਼ਟੀ ਤੋਂ ਹੀ ਦਿੱਤੇ ਜਾਂਦੇ ਹਨ।
- ਭਵਿੱਖ ਵਿੱਚ ਜੋ ਸਮਾਜ ਲਿੰਗਕ ਸ਼ੋਸ਼ਣ ਤੋਂ ਮੁਕਤ ਹੋਵੇਗਾ, ਉਸਨੂੰ ਬਣਾਉਣ ਵਿੱਚ ਨਾਰੀ ਦੇ ਜੀਵਨ ਪ੍ਰਤੀ ਅਨੁਭਵ ਮੂਲਕ ਬਿਰਤਾਂਤ ਤੇ ਇਸ ਦੀ ਭਾਸ਼ਾ ਦਾ ਸੁਤੰਤਰ ਵਿਕਾਸ, ਬੜੇ ਮੁੱਲਵਾਨ ਤੇ ਨਿਰਣਾਇਕ ਸਾਬਤ ਹੋਣਗੇ।[9]

ਪ੍ਰਭਾ ਖੇਤਾਨ ਅਨੁਸਾਰ :

ਨਾਰੀ ਵਿਮਰਸ਼ ਦੇ ਕੇਂਦਰ ਵਿੱਚ ਕਿਉਂਕਿ ਇਸਤਰੀ ਹੈ। ਇਸ ਲਈ ਪਿੱਤਰਸੱਤਾ ਦੁਆਰਾ ਅਰਜਿਤ ਅਤੇ ਪ੍ਰਚਾਰਿਤ ਗਿਆਨ ਨੂੰ ਇਹ ਅਸਵੀਕਾਰ ਕਰਦਾ ਹੈ। ਨਾਰੀਵਾਦ ਪਰੰਪਰਕ ਗਿਆਨ ਅਤੇ ਦਰਸ਼ਨ ਨੂੰ ਚੁਣੌਤੀ ਦਿੰਦਾ ਹੈ। ਇਤਿਹਾਸਕ ਰੂਪ ਵਿੱਚ ਅਸੀਂ ਪੁਰਸ਼ ਪ੍ਰਧਾਨ ਸਮਾਜ ਵਿੱਚ ਰਹਿੰਦੇ ਆਏ ਹਾਂ ਇੱਥੇ ਇਸਤਰੀ ਗਿਆਤਾ ਨਹੀਂ ਬਲਕਿ ਗਿਆਨ ਦੀ ਵਿਸ਼ਾ ਵਸਤੂ ਹੈ। ਅਸੀਂ ਜਿਸਨੂੰ ਯਥਾਰਥਪਰਕ ਗਿਆਨ ਜਾਂ ਵਸਤੂਪਰਕ ਗਿਆਨ ਕਹਿੰਦੇ ਹਾਂ, ਵਾਸਤਵ ਵਿੱਚ ਉਹ ਪੁਰਸ਼ ਦੁਆਰਾ ਨਿਰਮਿਤ ਅਤੇ ਉਤਪਾਦਿਤ ਗਿਆਨ ਹੈ। ਇਸਦੇ ਵਿਪਰੀਤ ਨਾਰੀਵਾਦੀ ਸਿਧਾਂਤ ਨਾਰੀ ਕੇਂਦ੍ਰਿਤ ਗਿਆਨ ਦੀ ਚਰਚਾ ਕਰਦਾ ਹੈ।[10]

ਸ਼ੁਸ਼ੀਲਾ ਸਿੰਘ ਅਨੁਸਾਰ :

> ਨਾਰੀਵਾਦ ਸਿਰਫ਼ ਔਰਤਾਂ ਦੇ ਵਿਸ਼ੇਸ਼ ਹੱਕਾਂ ਦੀ ਗੱਲ ਨਹੀਂ ਕਰਦਾ ਸਗੋਂ ਪਰਿਵਰਤਨਸ਼ੀਲ ਸਮਾਜ ਨੂੰ ਵੀ ਆਪਣੀ ਵਿਚਾਰਧਾਰਾ ਵਿੱਚ ਸ਼ਾਮਲ ਕਰਦਾ ਹੈ। ਇਸ ਕਾਰਨ ਨਾਰੀਵਾਦ ਨੂੰ ਸਮਾਜ ਰੂਪਾਂਤਰਕ ਰਾਜਨੀਤੀ ਵੀ ਆਖਿਆ ਜਾ ਸਕਦਾ ਹੈ। ਹਰ ਵਿਸ਼ੇ ਤੇ ਵਸਤੂ ਦਾ ਸੰਬੰਧ ਔਰਤ ਨਾਲ ਹੋਣ ਕਰਕੇ ਇਸਦਾ ਹਰ ਵਿਸ਼ਾ ਨਾਰੀਵਾਦੀ ਸਮੱਸਿਆ ਦੇ ਪਰਿਪੇਖ ਨਾਲ ਸੰਬੰਧਿਤ ਹੈ।[11]

ਡਾ. ਵਨੀਤਾ ਅਨੁਸਾਰ :

> ਪੱਛਮ ਵਿੱਚ ਨਾਰੀਵਾਦ ਦੀ ਲਹਿਰ ਵਧੇਰੇ ਉੱਭਰੀ ਤੇ ਇਸਦਾ ਪ੍ਰਭਾਵ ਬਾਕੀ ਦੇਸ਼ਾਂ 'ਤੇ ਵੀ ਪਿਆ ਹੈ। ਇਸ ਲਹਿਰ ਦਾ ਸਿੱਟਾ ਇਹ ਹੋਇਆ ਕਿ ਨਾਰੀ ਦੇ ਹੱਕਾਂ ਤੋਂ ਬਿਨਾਂ ਉਸ ਦੀ ਆਪਣੀ ਹੋਂਦ ਦਾ ਪ੍ਰਸ਼ਨ, ਸਮਾਜਿਕ, ਆਰਥਿਕ, ਰਾਜਨੀਤਕ ਦ੍ਰਿਸ਼ਟੀ ਤੋਂ ਮਰਦ ਦੇ ਬਰਾਬਰ ਵਿਚਰਨ ਦਾ ਪ੍ਰਸ਼ਨ ਅਤੇ ਨਾਰੀਵਾਦੀ ਦ੍ਰਿਸ਼ਟੀ ਤੋਂ ਸਾਹਿਤ ਸਿਧਾਂਤਾਂ ਬਾਰੇ ਨਿਰਣਾ, ਨਾਰੀਵਾਦੀ ਸੁਹਜ ਸ਼ਾਸਤਰ ਦੀ ਪਹਿਚਾਣ ਆਦਿ ਇਹ ਸਾਰੀਆਂ ਗੱਲਾਂ ਹੀ ਨਾਰੀਵਾਦ ਦੇ ਅੰਤਰਗਤ ਉੱਭਰੀਆਂ ਹਨ।[12]

ਉਪਰੋਕਤ ਪਰਿਭਾਸ਼ਾਵਾਂ ਨੂੰ ਵਿਚਾਰਨ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਨਾਰੀਵਾਦ ਇਕ ਲਹਿਰ ਹੈ, ਇੱਕ ਦ੍ਰਿਸ਼ਟੀਕੋਣ ਹੈ। ਇਸ ਦਾ ਉਦੇਸ਼ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਮੌਜੂਦ ਲਿੰਗਕ ਭੇਦਭਾਵ ਅਤੇ ਸ਼ੋਸ਼ਣ ਦਾ ਖਾਤਮਾ ਕਰਕੇ ਨਾਰੀ ਨੂੰ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਆਦਿ ਖੇਤਰਾਂ ਵਿੱਚ ਮਰਦ ਦੇ ਬਰਾਬਰ ਅਧਿਕਾਰ ਪ੍ਰਦਾਨ ਕਰਨਾ ਅਤੇ ਨਾਰੀ ਦੀ ਮਾਨਵੀ ਹੋਂਦ ਨੂੰ ਸਵੀਕਾਰਨ ਉੱਪਰ ਬਲ ਦੇਣਾ ਹੈ। ਨਾਰੀਵਾਦ ਪਿੱਤਰਸੱਤਾ, ਮਰਦ ਪ੍ਰਭੁੱਤਾ, ਦਮਨ ਅਤੇ ਅਨਿਆਂ ਦਾ ਵਿਰੋਧੀ ਹੈ ਅਤੇ ਇਹ ਔਰਤ ਨੂੰ ਆਪਣੇ ਅਸਤਿਤਵ ਪ੍ਰਤੀ ਸੁਚੇਤ ਅਤੇ ਉਸਨੂੰ ਆਪਣੀ ਸਥਿਤੀ ਨੂੰ ਸੁਧਾਰਨ ਲਈ ਜਾਗਰੂਕ ਕਰਦਾ ਹੈ। ਨਾਰੀ ਵੀ ਇਕ ਵਿਵੇਕਸ਼ੀਲ ਪ੍ਰਾਣੀ ਹੈ ਅਤੇ ਹਰ ਖੇਤਰ ਵਿੱਚ ਉਸਨੂੰ ਵੀ ਬਰਾਬਰ ਅਧਿਕਾਰ ਅਤੇ ਮੌਕੇ ਮਿਲਣੇ ਚਾਹੀਦੇ ਹਨ। ਨਾਰੀਵਾਦ ਉਹਨਾਂ ਸਾਰੇ ਮਿੱਥਕ ਪ੍ਰਕਾਰਜਾਂ, ਮੁੱਲਾਂ, ਪ੍ਰਤਿਮਾਨਾਂ ਅਤੇ ਸਥਾਪਨਾਵਾਂ ਨੂੰ ਮੂਲੋਂ ਰੱਦ ਕਰਦਾ ਹੈ ਜੋ ਕਿ ਲਿੰਗ-ਵੱਖਰਤਾ ਤੇ ਲਿੰਗ-ਵਿਤਕਰੇ ਦਾ ਕਾਰਨ ਬਣਦੇ ਹਨ। ਇਹ ਅੰਦੋਲਨ ਅਤੇ ਲਹਿਰ ਦੇ ਰੂਪ ਵਿੱਚ ਪਹਿਲਾਂ ਪੱਛਮੀ ਦੇਸ਼ਾਂ ਵਿੱਚ ਵਿਕਸਤ ਹੋਇਆ ਅਤੇ ਹੌਲੀ-ਹੌਲੀ ਇਸਦਾ ਦੂਸਰੇ ਦੇਸ਼ਾਂ ਉੱਤੇ ਵੀ ਵਿਆਪਕ ਪ੍ਰਭਾਵ ਪਿਆ। ਨਾਰੀਵਾਦ ਸਿਧਾਂਤ ਨੇ ਸਾਹਿਤ, ਕਲਾ ਅਤੇ ਦਰਸ਼ਨ ਦੇ ਅਧਿਐਨ ਲਈ ਨਵੀਆਂ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ।

**(ਅ) ਨਾਰੀ ਪਛਾਣ : ਨਾਰੀ-ਹੋਂਦ, ਲਿੰਗ ਵਿਤਕਰਾ**

ਨਾਰੀ ਕੀ ਹੈ? ਸਮਾਜ ਵਿੱਚ ਉਸ ਦੀ ਸਥਿਤੀ ਨੂੰ ਨਿਰਧਾਰਤ ਕਰਨ ਵਾਲੇ ਕਿਹੜੇ ਤੱਤ ਹਨ? ਆਦਿ ਸਵਾਲ ਵਿਸ਼ਵ ਪੱਧਰ 'ਤੇ ਨਾਰੀਵਾਦੀ ਸੰਗਠਨਾਂ ਅਤੇ ਚਿੰਤਕਾਂ ਵਿੱਚ ਬਹਿਸ ਦਾ ਹਿੱਸਾ ਰਹੇ ਹਨ। A Dictionary of Feminist Theory ਵਿੱਚ 'ਨਾਰੀ' ਪਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ ਕਿ "ਇਹ ਸ਼ਬਦ ਮਾਨਵ ਜਾਤੀ ਦੀ ਮਾਦਾ ਦੇ ਸਮਾਜ ਸਭਿਆਚਾਰੀਕਰਨ ਦੀ ਪ੍ਰਕਿਰਿਆ ਵਾਸਤੇ ਰਾਖਵਾਂ ਹੈ। ਸਾਡੀ ਸਮਾਜ- ਸਭਿਆਚਾਰਕ ਵਿਵਸਥਾ ਵਿੱਚ ਨਾਰੀ ਦੀ ਪਛਾਣ ਨਿਰਮਤ ਕੀਤੀ ਜਾਂਦੀ ਹੈ। ਸਮਾਜਿਕ ਨਿਯਮ, ਕਾਨੂੰਨ, ਮਾਨਤਾਵਾਂ ਅਤੇ ਪਰੰਪਰਾਵਾਂ ਉਸ ਉੱਪਰ ਥੋਪੀਆਂ ਜਾਂਦੀਆਂ ਹਨ। ਨਾਰੀਵਾਦੀਆਂ ਦਾ ਮੱਤ ਹੈ ਕਿ ਨਾਰੀ ਦੇ ਅਰਥ ਮਰਦ ਦੇ ਵਿਰੋਧ ਵਿੱਚ ਪਏ ਹਨ, ਇਸ ਲਈ ਇਹ ਪਦ ਆਪਣੇ ਕੋਈ ਸੁਤੰਤਰ ਅਰਥ ਨਹੀਂ ਰੱਖਦਾ।"[13] ਨਾਰੀ ਦੀ ਹੋਂਦ, ਪਛਾਣ ਅਤੇ ਲਿੰਗ ਵਿਤਕਰੇ ਸੰਬੰਧੀ ਸੀਮੋਨ-ਦ-ਬੋਵਾਰ (Simone-de-Beauvoir) ਦੀ ਪੁਸਤਕ 'ਸੈਕਿੰਡ ਸੈਕਸ' (Second Sex) ਵਿੱਚ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਸੀਮੋਨ ਲਿਖਦੀ ਹੈ ਕਿ "ਔਰਤ ਮਨੁੱਖਤਾ ਦਾ ਅੱਧਾ ਹਿੱਸਾ ਹੈ। ਇਹ ਵੱਖਰੀ ਗੱਲ ਹੈ ਕਿ ਸਾਨੂੰ ਸਮਝਾਇਆ ਜਾਵੇ ਕਿ ਅੱਜ ਔਰਤ ਦੀ ਹੋਂਦ ਖਤਰੇ ਵਿੱਚ ਹੈ। ਔਰਤ ਨੂੰ ਔਰਤ ਹੋਣਾ ਸਿਖਾਇਆ ਜਾਂਦਾ ਹੈ। ਔਰਤ ਬਣੀ ਰਹਿਣ ਲਈ ਉਸਨੂੰ ਅਨੁਕੂਲ ਬਣਾਇਆ ਜਾਂਦਾ ਹੈ। ਤੱਥਾਂ ਦੇ ਵਿਸ਼ਲੇਸ਼ਣ ਨਾਲ ਇਹ ਸਮਝ ਵਿੱਚ ਆਵੇਗਾ ਕਿ ਹਰੇਕ ਮਾਦਾ ਮਨੁੱਖੀ ਜੀਵ ਲਾਜ਼ਮੀ ਤੌਰ 'ਤੇ ਇਕ ਔਰਤ ਨਹੀਂ।"[14] ਅਰਸਤੂ ਅਨੁਸਾਰ ਔਰਤ ਕੁਝ ਗੁਣਾਂ ਦੀ ਕਮੀ ਦੇ ਕਾਰਨ ਔਰਤ ਬਣਦੀ ਹੈ। ਸਾਨੂੰ ਔਰਤ ਦੇ ਸੁਭਾਅ ਤੋਂ ਇਹ ਸਮਝਣਾ ਚਾਹੀਦਾ ਹੈ ਕਿ ਕੁਦਰਤੀ ਰੂਪ 'ਚ ਉਸ ਵਿੱਚ ਕੁਝ ਕਮੀਆਂ ਹਨ। ਉਹ ਇਕ ਪ੍ਰਸੰਗਿਕ ਜੀਵ ਹੈ। ਉਹ ਆਦਮ ਦੀ ਇਕ ਵਾਧੂ ਹੱਡੀ ਤੋਂ ਬਣੀ ਹੈ। ਸੀਮੋਨ ਅਰਸਤੂ ਦੇ ਨਾਰੀ ਸੰਬੰਧੀ ਵਿਚਾਰਾਂ ਦਾ ਵਿਸ਼ਲੇਸ਼ਣ ਕਰਦੀ ਹੋਈ ਲਿਖਦੀ ਹੈ ਕਿ "ਇਸਦਾ ਅਰਥ ਇਹ ਹੈ ਕਿ ਉਹ ਲਾਜ਼ਮੀ ਹੀ ਆਦਮੀ ਦੇ ਲਈ ਭੋਗ ਦੀ ਵਸਤੂ ਹੈ ਤੇ ਇਸਦੇ ਬਿਨਾਂ ਕੁਝ ਵੀ ਨਹੀਂ। ਉਹ ਆਦਮੀ ਦੇ ਸੰਦਰਭ ਵਿੱਚ ਹੀ ਪਰਿਭਾਸ਼ਤ ਕੀਤੀ ਜਾਂਦੀ ਹੈ। ਆਦਮੀ ਨਿੱਜ ਹੈ, ਵਿਲਾਸੀ ਹੈ। ਉਹ ਪੂਰਨ ਹੈ ਜਦੋਂ ਕਿ ਔਰਤ ਬਸ 'ਗੌਣ' ਹੈ।"[15] ਸੀਮੋਨ ਦਾ ਮੰਨਣਾ ਹੈ ਕਿ ਜਦੋਂ ਅਸੀਂ ਮਨੁੱਖ ਸ਼ਬਦ ਦਾ ਉਚਾਰਣ ਕਰਦੇ ਹਾਂ ਤਾਂ ਉਸ ਵਿੱਚ ਆਦਮੀ ਅਤੇ ਔਰਤ ਦੋਵੇਂ ਸ਼ਾਮਿਲ ਹਨ। "ਆਦਮੀ ਹੋਣਾ ਆਪ ਇਕ ਕਾਨੂੰਨੀ ਪ੍ਰਕਿਰਿਆ ਹੈ। ਇਸ 'ਚ ਇਕਮਿੱਕਤਾ ਸ਼ਾਮਿਲ ਹੈ, ਜਦੋਂ ਕਿ ਔਰਤ ਹੋਣਾ ਸਿਰਫ ਇਕ ਰੋਕ ਦੀ ਅਗਵਾਈ ਕਰਦਾ ਹੈ। ਬਿਨਾਂ ਕਿਸੇ ਮੇਲ ਦੇ ਇਹ ਇਕ ਸੀਮਤ ਵਰਗ ਦੁਆਰਾ ਪਰਿਭਾਸ਼ਤ ਹੁੰਦਾ ਹੈ। ...ਔਰਤਾਂ ਨੂੰ ਤਾਂ ਉਹੀ ਮਿਲਿਆ, ਜੋ ਆਦਮੀ ਨੇ ਇੱਛਾ ਨਾਲ ਦੇਣਾ ਚਾਹਿਆ।"[16] ਜਦੋਂ ਆਦਮੀ ਨੇ ਔਰਤ ਨੂੰ ਗੌਣਤਾ ਦਿੱਤੀ ਤਾਂ ਔਰਤ ਵੀ ਸਹਿਅਪਰਾਧੀ ਹੋ ਗਈ। ਔਰਤ

ਨਿੱਜ ਨਹੀਂ ਹੁੰਦੀ, ਕਿਉਂਕਿ ਉਸ ਕੋਲ ਸਾਧਨ ਨਹੀਂ ਹਨ ਅਤੇ ਉਹ ਮਹਿਸੂਸ ਕਰਦੀ ਹੈ ਕਿ ਉਸਦੇ ਅਤੇ ਆਦਮੀ ਦੇ ਵਿਚਕਾਰ ਆਪਸੀ ਮੇਲ ਤੋਂ ਬਿਨਾਂ ਹੋਰ ਕੋਈ ਜ਼ਰੂਰੀ ਬੰਧਨ ਨਹੀਂ ਹੈ। ਜ਼ਿਆਦਾਤਰ ਤਾਂ ਔਰਤਾਂ ਆਪ ਵੀ ਆਪਣੀ ਇਸ ਨਗਨਤਾ ਵਿੱਚ ਸੰਤੁਸ਼ਟ ਰਹਿੰਦੀਆਂ ਹਨ। ਆਦਮੀ ਉਸ ਦੁਆਲੇ ਕਦੇ ਪਿਤਾ, ਕਦੇ ਭਰਾ ਅਤੇ ਕਦੇ ਪੁੱਤ ਦੇ ਰੂਪ 'ਚ ਰਹਿੰਦਾ ਹੈ।[17] ਇਸ ਤਰ੍ਹਾਂ ਸੀਮੋਨ ਦਾ ਮੰਨਣਾ ਹੈ ਕਿ ਨਾਰੀ ਲਈ ਸਭ ਤੋਂ ਵੱਡੀ ਚੁਣੌਤੀ ਪੁਰਸ਼ ਪ੍ਰਧਾਨ ਪਿੱਤਰੀ ਸਮਾਜ ਵਿੱਚ ਆਪਣੀ ਸੁਤੰਤਰ ਹੋਂਦ ਅਤੇ ਪਛਾਣ ਨੂੰ ਕਾਇਮ ਕਰਨਾ ਹੈ। ਪੁਰਸ਼ ਆਪਣੇ ਆਪ ਨੂੰ ਪੁਰਸ਼ਤਵ ਦੇ ਪੱਖ ਤੋਂ ਸੰਪੂਰਨ ਮੰਨਦਾ ਹੈ ਤਾਂ ਨਾਰੀ ਵੀ ਬਰਾਬਰ ਆਪਣੀ ਪਛਾਣ ਨਾਰੀਤਵ ਦੇ ਪੱਖ ਤੋਂ ਰੱਖ ਸਕਦੀ ਹੈ। ਸੀਮੋਨ ਵਾਂਗ ਜੂਲੀਆ ਕ੍ਰਿਸਤੀਵਾ (Julia Kristeva), ਲੂਸੀ ਇਰਿਗੈਰੇ (Luce Irigaray) ਅਤੇ ਹੈਲੇਨ ਸਿੱਖੂ (Helene cixous) ਨੇ ਨਾਰੀ ਦੀ ਵੱਖਰੀ ਪਛਾਣ, ਉਸਦੇ ਸੁਤੰਤਰ ਆਤਮ ਦੇ ਸਥਾਪਨ ਸੰਬੰਧੀ ਮਹੱਤਵਪੂਰਨ ਵਿਚਾਰ ਦਿੱਤੇ ਹਨ। ਇਰਿਗੈਰੇ ਅਤੇ ਸਿੱਖੂ ਦੇ ਚਿੰਤਨ ਵਿੱਚ ਨਾਰੀ ਦੇਹ ਨੂੰ ਕੇਂਦਰੀ ਮਹੱਤਤਾ ਪ੍ਰਾਪਤ ਹੈ। ਉਹ ਨਾਰੀ ਭਾਸ਼ਾ ਅਤੇ ਨਾਰੀ ਪਾਠ ਦੀ ਸਿਰਜਣਾ ਉੱਤੇ ਜ਼ੋਰ ਦਿੰਦੀਆਂ ਹਨ।

## ਲਿੰਗ ਵਿਤਕਰਾ

ਜਦੋਂ ਨਾਰੀਵਾਦੀ ਚਿੰਤਕ ਸੀਮੋਨ-ਦ-ਬੋਵਾਰ ਇਹ ਕਹਿੰਦੀ ਹੈ ਕਿ "ਔਰਤ ਜਨਮ  ਤੋਂ ਹੀ ਔਰਤ ਨਹੀਂ ਹੁੰਦੀ ਸਗੋਂ ਵੱਡੀ ਹੋ ਕੇ ਔਰਤ ਬਣਦੀ ਹੈ"[18] ਉਸਦਾ ਸਿੱਧਾ ਸੰਕੇਤ ਉਸ ਪਿੱਤਰਕੀ ਸਮਾਜਿਕ ਵਿਵਸਥਾ ਵਿੱਚ ਮੌਜੂਦ ਲਿੰਗ ਵਿਤਕਰੇ ਵੱਲ ਹੀ ਹੈ ਜੋ ਨਾਰੀ ਆਪਣੇ ਲਿੰਗ ਕਾਰਨ ਸਹਿੰਦੀ ਹੈ। ਦੇਖਿਆ ਜਾਵੇ ਤਾਂ ਸਮੁੱਚੀ ਕਾਇਨਾਤ ਦੀ ਬਨਸਪਤੀ ਤੇ ਜੀਵ ਜੰਤੂ ਸਮੇਤ ਮਨੁੱਖ ਜੋੜਿਆਂ 'ਚ ਵੰਡੇ ਹੋਏ ਹਨ, ਜੋ ਇਕ ਦੂਜੇ ਦੇ ਪੂਰਕ ਹੁੰਦੇ ਹੋਏ ਆਪਣੀ ਨਸਲ ਦੇ ਉਤਪਾਦਨ ਅਤੇ ਵਿਕਾਸ ਦਾ ਆਧਾਰ ਬਣਦੇ ਹਨ ਪ੍ਰੰਤੂ ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਹਨਾਂ ਜੋੜਿਆਂ 'ਚੋਂ ਸਿਰਫ਼ ਮਨੁੱਖੀ ਜੋੜਾ (ਨਰ/ਮਾਦਾ) ਹੀ ਅਜਿਹਾ ਹੈ, ਜੋ ਸਮ-ਨਸਲੀ ਹੋਣ ਦੇ ਬਾਵਜੂਦ ਸਿਰਫ਼ ਜੈਵਿਕ ਭਿੰਨਤਾ ਕਰਕੇ ਸਮਾਜ 'ਚ ਆਪਣੀ ਵੱਖੋ-ਵੱਖ ਹੋਂਦ ਤੇ ਸਥਿਤੀ ਨੂੰ ਹੰਢਾਉਂਦਾ ਹੈ। ਇਸਨੂੰ ਜੈਂਡਰ ਵੱਖਰਤਾ/ਵਿਤਕਰਾ (Gender Difference/Discrimination) ਕਿਹਾ ਜਾਂਦਾ ਹੈ। "ਆਮ ਤੌਰ 'ਤੇ ਜਦੋਂ ਅਸੀ ਲਿੰਗ ਵਿਭਿੰਨਤਾ ਦੀ ਗੱਲ ਕਰਦੇ ਹਾਂ ਤਾਂ ਅਸੀਂ ਜੈਂਡਰ ਨੂੰ ਲਿੰਗ ਨਾਲ ਰਲਗੱਡ ਕਰ ਦਿੰਦੇ ਹਾਂ। ਪਰੰਤੂ ਲਿੰਗ ਮਨੁੱਖ ਦੀ ਪ੍ਰਕਿਰਤਕ ਪਛਾਣ ਹੈ ਤੇ ਜੈਂਡਰ ਸਮਾਜਿਕ। ਅਸਲ ਵਿੱਚ ਜੈਂਡਰ ਇਕ ਸਮਾਜਿਕ ਵਰਤਾਰਾ ਹੈ ਜਿਸ ਤੋਂ ਭਾਵ ਲਿੰਗਕ ਵੱਖਰਤਾ ਕਾਰਨ ਔਰਤ/ਮਰਦ ਦੀ ਸਮਾਜਿਕ ਸਥਿਤੀ/ਪਛਾਣ ਤੋਂ ਹੈ ਜੋ ਕੁਦਰਤੀ ਨਹੀਂ ਬਲਕਿ ਸਮਾਜ ਨੇ ਉਸਨੂੰ ਪ੍ਰਦਾਨ ਕੀਤੀ ਹੈ।"[19] ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਉਹ ਨਰ ਜਾਂ ਮਾਦਾ ਹੁੰਦਾ ਹੈ, ਔਰਤ ਜਾਂ ਮਰਦ ਨਹੀਂ

ਹੁੰਦਾ। ਪਿੱਤਰਕੀ ਸਮਾਜ ਇਸ ਲਿੰਗਕ ਵਖਰੇਵੇਂ ਨੂੰ ਲਿੰਗ ਵਿਤਕਰੇ ਵਿੱਚ ਤਬਦੀਲ ਕਰ ਦਿੰਦਾ ਹੈ। ਪਿੱਤਰਤੰਤਰ ਨੇ ਸਮੁੱਚੇ ਸਮਾਜ-ਸਭਿਆਚਾਰ ਅਤੇ ਗਿਆਨ-ਸ਼ਾਸਤਰ ਦੀ ਉਸਾਰੀ ਇਸ ਤਰੀਕੇ ਨਾਲ ਕੀਤੀ ਕਿ ਨਾਰੀ ਨੂੰ ਲਿੰਗ ਦੇ ਆਧਾਰ ਤੇ ਪੁਰਸ਼ ਤੋਂ ਘਟਾ ਕੇ ਪੇਸ਼ ਕੀਤਾ ਗਿਆ। ਔਰਤ ਦੇ ਜਨਮ ਤੋਂ ਲੈ ਕੇ ਸਮੁੱਚੇ ਜੀਵਨ ਨਾਲ ਸੰਬੰਧਿਤ ਅਜਿਹਾ ਪ੍ਰਬੰਧ ਤੇ ਪ੍ਰਵਚਨ ਵਿਕਸਤ ਕੀਤਾ, ਜੋ ਔਰਤ ਦੀ ਨੀਵੀਂ, ਦੁਜੈਲੀ ਅਤੇ ਅਧੀਨਗੀ ਵਾਲੀ ਸਥਿਤੀ ਨੂੰ ਬਣਾਈ ਰੱਖਣ ਅਤੇ ਸਥਾਪਿਤ ਕਰਨ ਵਿੱਚ ਸਹਾਇਕ ਹੁੰਦਾ ਹੈ। ਪਿੱਤਰਕੀ ਪ੍ਰਬੰਧ ਵਿੱਚ ਵਿਚਰਦੀ ਔਰਤ ਖ਼ੁਦ ਆਪਣੀ ਹੀਣ ਸਥਿਤੀ ਨੂੰ ਪ੍ਰਾਕ੍ਰਿਤਕ, ਕੁਦਰਤੀ ਮੰਨਣ ਲੱਗਦੀ ਹੈ। ਮਨੁੱਖੀ ਸਭਿਅਤਾ ਦੇ ਵਿਸ਼ੇਸ਼ ਪੜਾਅ ’ਤੇ ਇਸ ਲਿੰਗ ਵਿਤਕਰੇ ਦੇ ਆਧਾਰ ’ਤੇ ਹੀ ਕੰਮ ਦੀ ਵਰਗ ਵੰਡ, ਔਰਤ-ਮਰਦ ਵਿਚਲੇ ਗੁਣਾਂ ਅਤੇ ਭੂਮਿਕਾਵਾਂ ਦੀ ਵੰਡ ਕੀਤੀ ਗਈ। ਇਉਂ ਪਿੱਤਰੀ ਸਮਾਜਿਕ ਬਣਤਰ ਵਿੱਚ ਔਰਤ ਦੀ ਇਸ ਸਰੀਰਕ ਵੱਖਰਤਾ ਨੂੰ ਹੀ ਮਰਦ ਤੋਂ ਦੁਜੈਲੀ ਜਾਂ ਉਸਦੀ ਅਧੀਨਗੀ ਲਈ ਇਕ ਸਾਧਨ/ਹਥਿਆਰ ਵਜੋਂ ਵਰਤਿਆ ਗਿਆ। ਇਸ ਲਿੰਗਕ ਵਖਰੇਵੇਂ ਉੱਤੇ ਆਧਾਰਿਤ ਲਿੰਗਕ ਵਿਤਕਰੇ ਦੇ ਵਿਰੋਧ ਵਿੱਚ ਹੀ ਨਾਰੀਵਾਦੀ ਸੋਚ ਦਾ ਉਭਾਰ ਹੁੰਦਾ ਹੈ। ਲਿੰਗ ਆਧਾਰਿਤ ਦਮਨ ਦੇ ਵਿਰੋਧ ਵਿੱਚ ਨਾਰੀਵਾਦ ਇਕ ਸਿਧਾਂਤ ਅਤੇ ਚਿੰਤਨ ਦੇ ਰੂਪ ਵਿੱਚ ਵਿਕਾਸ ਕਰਦਾ ਹੈ।

## 2. ਨਾਰੀਵਾਦ : ਇਤਿਹਾਸਕ ਅਤੇ ਵਿਚਾਰਧਾਰਕ ਸੰਦਰਭ

### (ੳ) ਪੱਛਮੀ ਨਾਰੀਵਾਦ : ਇਤਿਹਾਸਕ ਵਿਕਾਸ ਰੁਖ

ਨਾਰੀਵਾਦ ਇਕ ਸ਼ਕਤੀਸ਼ਾਲੀ ਨਾਰੀ ਮੁਕਤੀ ਅੰਦੋਲਨ ਅਤੇ ਲਹਿਰ ਦੇ ਰੂਪ ਵਿੱਚ ਉੱਨੀਵੀਂ-ਵੀਹਵੀਂ ਸਦੀ ਵਿੱਚ ਯੂਰਪ ਅਤੇ ਅਮਰੀਕਾ ਵਿੱਚ ਸ਼ੁਰੂ ਹੋਇਆ। ਜੇਕਰ ਗੰਭੀਰਤਾ ਨਾਲ ਦੇਖੀਏ ਤਾਂ ਇਸਦਾ ਆਧਾਰ ਬਹੁਤ ਸਮਾਂ ਪਹਿਲਾਂ ਤੋਂ ਹੀ ਬਣਨਾ ਆਰੰਭ ਹੋ ਗਿਆ ਸੀ। ਇਸ ਅੰਦੋਲਨ ਦੇ ਬੀਜ ਫ਼ਰਾਂਸ ਦੀ ਲੋਕ ਕ੍ਰਾਂਤੀ (1789) ਅਤੇ ਅਠਾਰਵੀਂ ਸਦੀ ਵਿੱਚ ਸ਼ੁਰੂ ਹੋਏ ਉਦਯੋਗਿਕ ਇਨਕਲਾਬ ਵਿੱਚ ਪਏ ਹਨ। ਵਿਸ਼ਵ ਦੇ ਹੋਰਨਾਂ ਦੇਸ਼ਾਂ ਦੀਆਂ ਔਰਤਾਂ ਵਾਂਗ ਹੀ ਪੱਛਮੀ ਦੇਸ਼ਾਂ ਵਿਚਲੀ ਔਰਤ ਵੀ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਖੇਤਰ ਵਿੱਚ ਮਰਦਾਂ ਤੋਂ ਬਹੁਤ ਪੱਛੜੀ ਹੋਈ ਸੀ। ਉਸਨੂੰ ਕਿਸੇ ਪ੍ਰਕਾਰ ਦਾ ਕੋਈ ਅਧਿਕਾਰ ਅਤੇ ਸੁਤੰਤਰਤਾ ਹਾਸਿਲ ਨਹੀਂ ਸੀ। ਉਸਨੂੰ ਸਰੀਰਕ ਅਤੇ ਬੌਧਿਕ ਰੂਪ ਵਿੱਚ ਕਮਜ਼ੋਰ ਮੰਨਿਆ ਜਾਂਦਾ ਸੀ। ਇਸ ਪੱਖਪਾਤੀ ਨਜ਼ਰੀਏ ਕਾਰਨ ਨਾ ਤਾਂ ਉਸਨੂੰ ਕਿਸੇ ਸਰਵਜਨਕ ਕੰਮਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਸੀ ਅਤੇ ਨਾ ਹੀ ਉਹ ਉੱਚ ਵਿੱਦਿਆ ਪ੍ਰਾਪਤ ਕਰਨ ਦੇ ਸਮਰੱਥ ਸਮਝੀ ਜਾਂਦੀ ਸੀ। ਪੱਛਮੀ ਔਰਤ ਦੀ ਇਸ ਦਮਿਤ ਅਤੇ ਨਿਮਨ ਸਥਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਅਮਰੀਕਾ ਵਿੱਚ 1878 ਤੱਕ ਕੋਈ ਲੜਕੀ ਮੈਡੀਕਲ ਜਾਂ ਕਾਨੂੰਨ ਦੀ ਸਿੱਖਿਆ ਨਹੀਂ ਲੈ ਸਕਦੀ ਸੀ।[20] ਘਰ, ਸੰਪੱਤੀ ਅਤੇ

ਬੱਚੇ ਸਭ ਮਰਦ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਨ ਅਤੇ ਔਰਤ ਮਰਦ ਦੀ ਗ਼ੁਲਾਮੀ ਲਈ ਮਜ਼ਬੂਰ ਸੀ। ਹੌਲੀ-ਹੌਲੀ ਪੱਛਮ ਵਿੱਚ ਔਰਤ ਜਥੰਬੇਦੀਆਂ ਨੇ ਪੁਰਸ਼ ਪ੍ਰਧਾਨ ਸਮਾਜ ਦੀਆਂ ਇਹਨਾਂ ਵਧੀਕੀਆਂ ਖਿਲਾਫ਼ ਆਵਾਜ਼ ਉਠਾਉਣੀ ਸ਼ੁਰੂ ਕੀਤੀ ਅਤੇ ਆਪਣੇ ਅਧਿਕਾਰਾਂ ਅਤੇ ਹੱਕਾਂ ਲਈ ਸੰਘਰਸ਼ ਆਰੰਭ ਕੀਤਾ। ਸਭ ਤੋਂ ਪਹਿਲਾਂ ਉਹਨਾਂ ਨੇ ਵੋਟ ਦੇਣ ਦੇ ਅਧਿਕਾਰ ਦੀ ਮੰਗ ਕੀਤੀ। ਅਮਰੀਕਾ ਵਿੱਚ 1647 ਈ. ਵਿੱਚ ਮਾਰਗਰੇਟ ਬਰੈਂਟ (Margaret Brent) ਨੇ ਮੈਰੀਲੈਂਡ ਅਸੈਂਬਲੀ ਵਿੱਚ ਆਪਣੇ ਹੱਕਾਂ ਲਈ ਆਵਾਜ਼ ਉਠਾਈ। 1691 ਵਿੱਚ ਇਹ ਅਧਿਕਾਰ ਸਿਰਫ਼ ਉਹਨਾਂ ਔਰਤਾਂ ਨੂੰ ਮਿਲਿਆ ਜਿਹੜੀਆਂ ਜਾਇਦਾਦ ਦੀਆਂ ਮਾਲਕ ਸਨ। 1830-40 ਦੀ ਜਾਗ੍ਰਿਤੀ ਦੌਰਾਨ ਔਰਤਾਂ ਵੱਲੋਂ 'ਪੂਰਨ ਮੁਕਤੀ' ਦਾ ਨਾਅਰਾ ਬੁਲੰਦ ਕੀਤਾ ਗਿਆ। ਲੁਕ੍ਰੇਸ਼ੀਆ ਮੋਟ (Lucretia Mott), ਲੂਸੀ ਸਟੋਨ (Lucy Stone), ਅਬੀਗੇਲ ਕੈਲੀ ਫਾਸਟਰ (Abigail Kelley Faster) ਆਦਿ ਨੇ ਔਰਤਾਂ ਦੇ ਹੱਕਾਂ ਦੀ ਵਕਾਲਤ ਕੀਤੀ। 19-20 ਜੁਲਾਈ 1848 ਵਿੱਚ ਐਲਿਜਬੈਥ ਕੈਂਡੀ ਸਟਾਨਟੋਨ (Elizabeth Candy Stanton) ਤੇ ਲੁਕ੍ਰੇਸ਼ੀਆ ਮੋਟ ਦੁਆਰਾ ਔਰਤਾਂ ਦੇ ਇਕ ਸੰਮੇਲਨ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਔਰਤਾਂ ਦੀ ਆਜ਼ਾਦੀ ਬਾਰੇ ਕੁਝ ਮਤੇ ਪੇਸ਼ ਕੀਤੇ ਗਏ। ਇਸ ਵਿੱਚ ਔਰਤਾਂ ਨੂੰ ਵੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਅੱਗੇ ਵਧਣ ਦਾ ਸੁਨੇਹਾ ਦਿੱਤਾ ਗਿਆ। ਇਹ ਵੀ ਕਿਹਾ ਗਿਆ ਕਿ ਦੇਸ਼ ਦੀ ਸੁਰੱਖਿਆ ਲਈ ਔਰਤਾਂ ਦੀ ਸੁਰੱਖਿਆ ਜ਼ਰੂਰੀ ਹੈ ਅਤੇ ਔਰਤਾਂ ਦੀ ਸੁਰੱਖਿਆ ਲਈ ਉਹਨਾਂ ਦੇ ਅਧਿਕਾਰਾਂ ਦਾ ਸੁਰੱਖਿਅਤ ਹੋਣਾ ਜ਼ਰੂਰੀ ਹੈ। ਇਸ ਵਿੱਚ ਪੇਸ਼ ਐਲਾਨਨਾਮੇ ਤੇ 68 ਔਰਤਾਂ ਤੇ 32 ਮਰਦਾਂ ਨੇ ਦਸਤਖ਼ਤ ਕੀਤੇ। ਇਉਂ ਸੰਯੁਕਤ ਰਾਜ ਵਿੱਚ ਨਾਰੀਵਾਦ ਦਾ ਮੁੱਢ ਬੱਝਿਆ।[21] ਇਸ ਤੋਂ ਬਾਅਦ 8 ਮਾਰਚ 1857 ਵਿੱਚ ਨਿਊਯਾਰਕ ਦੀਆਂ ਸੜਕਾਂ ਉੱਤੇ ਕੱਪੜਾ ਮਿੱਲਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੇ ਵੱਧ ਵੇਤਨ ਅਤੇ ਕੰਮ ਦੇ ਘੰਟੇ ਦੀ ਮੰਗ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ। ਇਹ ਦਿਨ ਨਾ ਕੇਵਲ ਅਮਰੀਕਾ ਦੇ ਲਈ, ਬਲਕਿ ਪੂਰੇ ਵਿਸ਼ਵ ਦੇ ਇਤਿਹਾਸ ਵਿੱਚ ਪ੍ਰਸਿੱਧ ਦਿਨ ਹੈ। ਭਾਵੇਂ ਕਿ ਇਸ ਅੰਦੋਲਨ ਨੂੰ ਪੁਲਿਸ ਦੁਆਰਾ ਕੁਚਲ ਦਿੱਤਾ ਗਿਆ ਸੀ ਪਰੰਤੂ ਫਿਰ ਵੀ ਇਹ ਅੰਦੋਲਨ ਆਪਣਾ ਅਮਿੱਟ ਪ੍ਰਭਾਵ ਛੱਡ ਗਿਆ ਸੀ। ਅੱਜ ਵੀ 8 ਮਾਰਚ ਦਾ ਦਿਨ ਪੂਰੇ ਵਿਸ਼ਵ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 1882 ਵਿੱਚ ਅਮਰੀਕਾ ਵਿੱਚ ਪਹਿਲੀ ਨਾਰੀਵਾਦੀ 'ਇੰਟਰਨੈਸ਼ਨਲ ਵੂਮੈਨ ਔਰਗਨਾਈਜੇਸ਼ਨ' (International Women Organization) ਦੀ ਸਥਾਪਨਾ ਹੋਣ ਨਾਲ ਨਾਰੀਵਾਦੀ ਲਹਿਰ ਨੂੰ ਹੋਰ ਮਜ਼ਬੂਤੀ ਮਿਲੀ। 1904 ਵਿੱਚ 'ਇੰਟਰਨੈਸ਼ਨਲ ਵੂਮੈਨ ਸਫ਼ਰੇਜ਼ ਅਲਾਇੰਸ' (International Women Suffrage Alliance) ਦੀ ਸਥਾਪਨਾ ਹੋਈ। 1914 ਵਿੱਚ 'ਨੈਸ਼ਨਲ ਅਮਰੀਕਨ ਵੂਮੈਨ ਸਫ਼ਰੇਜ਼ ਐਸੋਸੀਏਸ਼ਨ (National American Women Suffrage Association) ਵੱਲੋਂ ਸੂਸਨ.

ਬੀ. ਐਂਥਨੀ (Susan. B. Anthony) ਦੀ ਅਗਵਾਈ ਹੇਠ ਪੰਜ ਲੱਖ ਨਾਵਾਂ ਵਾਲੀ ਪਟੀਸ਼ਨ ਕਾਂਗਰਸ ਨੂੰ ਪੇਸ਼ ਕੀਤੀ ਜਿਸਦਾ ਮੂਲ ਵਿਸ਼ਾ ਸੀ ਕਿ ਸਿਰਫ਼ ਲਿੰਗ ਨੂੰ ਆਧਾਰ ਬਣਾ ਕੇ ਵੋਟ ਦੇ ਅਧਿਕਾਰ ਤੋਂ ਵਾਂਝਾ ਰੱਖਣਾ ਉੱਚਿਤ ਨਹੀਂ ਹੈ। 19 ਮਾਰਚ 1914 ਨੂੰ ਇਸ ਬਿੱਲ ਦੇ ਹੱਕ ਵਿੱਚ ਬਹੁਮੱਤ ਨਾ ਮਿਲਣ ਕਾਰਣ ਇਸ ਸੰਵਿਧਾਨਕ ਸੋਧ ਲਈ ਰਾਹ ਪੱਧਰਾ ਨਾ ਹੋ ਸਕਿਆ ਪਰ ਵਿਸ਼ਵ ਯੁੱਧ ਵਿੱਚ ਔਰਤਾਂ ਦੀ ਭੂਮਿਕਾ ਨੇ ਪਾਸਾ ਹੀ ਪਲਟ ਦਿੱਤਾ। 1918 ਵਿੱਚ ਇਹ ਸੋਧ ਸਦਨ ਦੁਆਰਾ ਪਾਸ ਕਰ ਦਿੱਤੀ ਗਈ ਅਤੇ 1920 ਵਿੱਚ ਪੂਰੀ ਤਰ੍ਹਾਂ ਲਾਗੂ ਕਰ ਦਿੱਤੀ ਗਈ। 1914 ਵਿੱਚ ਨਿਊਯਾਰਕ ਦੀ ਇਕ ਔਰਤ ਹੈੱਨਰੀਟਾ ਰੋਡਮੈਨ (Henrietta Rodman) ਨੇ 'ਫੈਮੀਨਿਸਟ ਅਲਾਇੰਸ' (Feminist Alliance) ਨਾਮ ਦੇ ਇਕ ਸਮੂਹ ਦੀ ਨੀਂਹ ਰੱਖੀ। ਇਹ ਸਮੂਹ ਵਿਆਹ ਕਰਾਉਣ ਉੱਤੇ ਔਰਤਾਂ ਨੂੰ ਸਕੂਲ ਅਧਿਆਪਕ ਦੀ ਨੌਕਰੀ ਤੋਂ ਜਵਾਬ ਦੇਣ ਦੀ ਨੀਤੀ ਦੇ ਵਿਰੁੱਧ ਸ਼ੁਰੂ ਹੋਇਆ ਸੀ।[22]

ਅਮਰੀਕਨ ਨਾਰੀਵਾਦ ਦੇ ਸਮਾਨਾਂਤਰ ਹੀ ਬ੍ਰਿਟੇਨ ਵਿੱਚ ਨਾਰੀਵਾਦੀ ਲਹਿਰ ਚਲ ਰਹੀ ਸੀ ਜਿਸਦਾ ਸੰਘਰਸ਼ ਪੰਦਰਵੀਂ ਸਦੀ ਵਿੱਚ ਵੋਟ ਦਾ ਹੱਕ ਲੈਣ ਤੋਂ ਸ਼ੁਰੂ ਹੋਇਆ। 1772 ਵਿੱਚ ਮੈਰੀ ਵੂਲਸਟੋਨਕਰਾਫਟ ਗੋਡਵਿਨ (Mary Wollstonecraft Godwin) ਦੀ 'ਏ ਵਿੰਡੀਕੇਸ਼ਨ ਆਫ਼ ਦਾ ਰਾਈਟਸ ਆਫ਼ ਵੂਮੈਨ' (A Vindication of the Rights of Women) ਪੁਸਤਕ ਛਪੀ ਜਿਸਨੇ ਨਾਰੀ ਦੇ ਅਧਿਕਾਰਾਂ ਲਈ ਪੁਰਜ਼ੋਰ ਆਵਾਜ਼ ਉਠਾਈ। ਮੈਰੀ ਵੂਲਸਟੋਨ ਨੇ ਔਰਤਾਂ ਨੂੰ ਹਰ ਪੱਖ ਤੋਂ ਮਰਦ ਦੇ ਬਰਾਬਰ ਕਿਹਾ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਚੰਗੀ ਅਤੇ ਸੱਭਿਅਕ ਸਮਾਜਿਕ ਵਿਵਸਥਾ ਵਿੱਚ ਵੱਡੀ ਅਸਮਾਨਤਾ ਨਹੀਂ ਹੁੰਦੀ। ਇਸ ਕਿਤਾਬ ਨੇ ਪੱਛਮੀ ਔਰਤਾਂ ਨੂੰ ਜਾਗਰੂਕ ਕਰਨ ਅਤੇ ਉਹਨਾਂ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇੰਗਲੈਂਡ ਵਿੱਚ ਬਾਰਬਰਾ ਲੇ ਸਮਿਥ (Barbara Leigh Smith) ਨੇ 1850 ਵਿੱਚ ਆਪਣੀਆਂ ਨਜ਼ਦੀਕੀ ਸਾਥਣਾਂ ਨੂੰ ਸੰਗਠਿਤ ਕਰਕੇ ਨਾਰੀ ਸਮੱਸਿਆ ਉੱਤੇ ਚਰਚਾ ਸ਼ੁਰੂ ਕੀਤੀ, ਬਾਅਦ ਵਿੱਚ ਇਹਨਾਂ ਦੇ ਸੰਗਠਨ ਨੂੰ 'ਦ ਲੇਡੀਜ਼ ਲੈਨਘਮ ਪਲੇਸ' (The Ladies Langham Place) ਦੇ ਨਾਮ ਨਾਲ ਜਾਣਿਆ ਗਿਆ। ਇਸ ਸੰਗਠਨ ਨੇ ਨਾਰੀਆਂ ਲਈ ਸਿੱਖਿਆ ਅਤੇ ਕੰਮਕਾਜ ਦੇ ਮੌਕਿਆਂ ਦੀ ਮੰਗ ਕੀਤੀ। ਇਹਨਾਂ ਦੇ ਯਤਨਾਂ ਨਾਲ 1855 ਵਿੱਚ ਵਿਆਹੀਆਂ ਔਰਤਾਂ ਨੂੰ ਸੰਪੱਤੀ ਦਾ ਅਧਿਕਾਰ ਦੇਣ ਦੇ ਉਦੇਸ਼ ਨਾਲ ਇਕ ਜਾਂਚ ਸਮਿਤੀ ਦਾ ਗਠਨ ਕੀਤਾ ਗਿਆ। ਸਮਿਥ ਨੇ 1848 ਵਿੱਚ ਹੋਏ ਪਹਿਲੇ ਅਮਰੀਕੀ ਮਹਿਲਾ ਅੰਦੋਲਨ ਵਿੱਚ ਭਾਗ ਲਿਆ। ਸਮਿਥ ਦੇ ਨਾਲ ਕੰਮ ਕਰਨ ਵਾਲੀਆਂ ਔਰਤਾਂ ਵਿੱਚ ਬੈਸੀ ਰੇਨਰ (Bassie Rayner) ਅਤੇ ਅੰਨਾ ਜੇਮਸਨ (Anna Jameson) ਵੀ ਔਰਤਾਂ ਨੂੰ ਸਿੱਖਿਆ ਅਤੇ ਰੁਜ਼ਗਾਰ ਦੇ ਮੌਕੇ ਦੇਣ ਦੇ ਸਮਾਜਿਕ ਅਧਿਕਾਰਾਂ ਲਈ ਬਰਾਬਰ ਕੰਮ ਕਰਦੀਆਂ ਰਹੀਆਂ।[23]

ਔਰਤਾਂ ਦੁਆਰਾ ਆਪਣੇ ਅਧਿਕਾਰਾਂ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਪੁਰਸ਼ਾਂ ਨੇ ਵੀ ਸਮਰਥਨ ਦਿੱਤਾ। ਜਾਨ ਸਟੂਅਰਟ ਮਿਲ (John Stuart Mill) ਨੇ 1869 ਵਿੱਚ ਆਪਣੀ ਕਿਤਾਬ 'ਦ ਸਬਜਿਕਸ਼ਨ ਆਫ਼ ਵੂਮੈਨ' (The Subjection of Women) ਵਿੱਚ ਨਾਰੀ ਮੁਕਤੀ ਅਤੇ ਉਸਦੇ ਮੱਤ ਅਧਿਕਾਰ ਲਈ ਆਵਾਜ਼ ਉਠਾਈ। ਉਸਨੇ 'ਹਾਊਸ ਆਫ਼ ਕਾਮਨਜ਼' ਵਿੱਚ ਔਰਤ ਨੂੰ ਵੋਟ ਦੇਣ ਦੇ ਹੱਕ ਵਿੱਚ ਭਾਸ਼ਣ ਦਿੱਤਾ। ਉਸਦਾ ਵਿਚਾਰ ਸੀ ਕਿ ਸਿੱਖਿਆ, ਨੌਕਰੀ ਅਤੇ ਸੰਪੱਤੀ ਜਿਹੇ ਸਾਰੇ ਖੇਤਰਾਂ ਵਿੱਚ ਔਰਤ ਵੀ ਪੁਰਸ਼ ਦੇ ਬਰਾਬਰ ਦਾ ਅਧਿਕਾਰ ਰੱਖਦੀ ਹੈ। ਇੰਗਲੈਂਡ ਵਿੱਚ ਔਰਤਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਵਿੱਚ ਪੰਖਰੁਸਟ (Pankhurost) ਪਰਿਵਾਰ ਦਾ ਯੋਗਦਾਨ ਵੀ ਬਹੁਤ ਮਹੱਤਵਪੂਰਨ ਰਿਹਾ ਸੀ। ਇਮੇਲਿਨ (Emmeline) ਅਤੇ ਉਸਦੀਆਂ ਲੜਕੀਆਂ ਸਿਲਵਿਆ (Sylvia) ਅਤੇ ਕ੍ਰਿਸਟਬੇਲ (Christabel) ਨੇ ਔਰਤਾਂ ਦੇ ਵੋਟ ਦੇ ਅਧਿਕਾਰ ਲਈ ਅੰਦੋਲਨ ਚਲਾਇਆ। ਇਸ ਅੰਦੋਲਨ ਨਾਲ ਜੁੜੀਆਂ ਹੋਰ ਔਰਤਾਂ ਵਿੱਚ ਇਵਗੋਰ ਬੂਥ (Evagore Booth) ਆਨੀ ਕੇਨੀ (Annie Kenney) ਫਿਲੋਰਾ ਡਰਮੰਡ (Flora Drummond) ਸਨ। ਇੰਗਲੈਂਡ ਵਿੱਚ 1918 ਵਿੱਚ ਤੀਹ ਜਾਂ ਤੀਹ ਸਾਲ ਤੋਂ ਵੱਧ ਉਮਰ ਵਾਲੀਆਂ ਔਰਤਾਂ ਨੂੰ ਵੋਟ ਦੇਣ ਦਾ ਅਧਿਕਾਰ ਮਿਲ ਗਿਆ। 1928 ਵਿੱਚ ਇਹ ਉਮਰ ਹੱਦ ਘਟਾ ਕੇ 18 ਸਾਲ ਕਰ ਦਿੱਤੀ ਗਈ। ਵੋਟ ਅਧਿਕਾਰ ਮਿਲਣ ਤੋਂ ਬਾਅਦ ਇੰਗਲੈਂਡ ਦੀਆਂ ਔਰਤਾਂ ਨੇ ਰਾਜਨੀਤੀ, ਪਰਿਵਾਰ, ਸਮਾਜ ਆਦਿ ਦੇ ਖੇਤਰ ਵਿੱਚ ਅਸਮਾਨਤਾਵਾਂ ਦੇ ਵਿਰੁੱਧ ਸੰਘਰਸ਼ ਜਾਰੀ ਰੱਖਿਆ।

ਸਾਲ 1789 ਵਿੱਚ ਫ਼ਰਾਂਸ ਦੀ ਕ੍ਰਾਂਤੀ ਦੇ ਸ਼ੁਰੂਆਤੀ ਦੌਰ ਤੋਂ ਹੀ ਫ਼ਰਾਂਸ ਵਿੱਚ ਵਿਭਿੰਨ ਤਰ੍ਹਾਂ ਦੇ ਨਾਰੀਵਾਦੀ ਅੰਦੋਲਨ ਸਕ੍ਰਿਅ ਸਨ। 1792 ਵਿੱਚ ਜਦੋਂ ਮੈਰੀ ਵੂਲਸਟੋਨਕਰਾਫਟ ਗੋਡਵਿਨ ਦੀ ਕਿਤਾਬ ਪ੍ਰਕਾਸ਼ਿਤ ਹੋਈ ਤਾਂ ਉਸ ਸਮੇਂ ਹੀ ਫ਼ਰਾਂਸੀਸੀ ਔਰਤਾਂ ਜਿਵੇਂ ਔਲਮਪੀ-ਦ-ਗਾਊਜ਼ (Olympe-De-Gouges) ਅਤੇ ਥੇਰੀਓਜੀਨ-ਦ-ਮੇਰੀਕੋਰਟ (Theroigne-de-Mericourt) ਫ਼ਰਾਂਸ ਦੀ ਕ੍ਰਾਂਤੀ ਸਮੇਂ ਔਰਤਾਂ ਨੂੰ ਅਧਿਕਾਰ ਦੇਣ ਲਈ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੀਆਂ ਸਨ।[24] ਔਲਮਪੀ-ਦ-ਗਾਊਜ਼ ਨੇ ਮਨੁੱਖ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਘੋਸ਼ਣਾ (Declaration of the Rights of Women) ਦੇ ਮਾਡਲ ਉੱਤੇ ਨਾਰੀਆਂ ਅਤੇ ਨਾਰੀ ਨਾਗਰਿਕਾਂ ਦੇ ਅਧਿਕਾਰਾਂ ਦੀ ਘੋਸ਼ਣਾ ਤਿਆਰ ਕੀਤੀ ਅਤੇ ਉਸਨੂੰ 1791 ਵਿੱਚ ਰਾਸ਼ਟਰੀ ਅਸੈਂਬਲੀ ਦੇ ਸਨਮੁੱਖ ਪੇਸ਼ ਕੀਤਾ। ਇਸ ਵਿੱਚ ਉਸਨੇ ਨਾਰੀ ਨੂੰ ਪੁਰਸ਼ ਦੇ ਸਮਾਨ ਅਧਿਕਾਰ ਦੇਣ ਦੀ ਮੰਗ ਉਠਾਈ। 1892 ਵਿੱਚ ਫੈਮਿਨਿਸਟ ਕਾਂਗਰਸ ਸੰਗਠਿਤ ਹੋਈ, ਜਿਸਨੇ ਨਾਰੀ ਅੰਦੋਲਨ ਨੂੰ ਨਾਰੀਵਾਦੀ ਅੰਦੋਲਨ ਦਾ ਨਾਮ ਦਿੱਤਾ। ਫ਼ਰਾਂਸ ਵਿੱਚ ਵੱਡੀ ਗਿਣਤੀ ਵਿੱਚ ਨਾਰੀਆਂ ਨੇ ਵਿਖਾਵੇ, ਧਰਨੇ ਤੇ ਪ੍ਰਦਰਸ਼ਨ ਕੀਤੇ। 1901 ਵਿੱਚ ਪਹਿਲੀ ਵਾਰ ਨਾਰੀ ਮੱਤ ਅਧਿਕਾਰ ਦਾ

ਸਵਾਲ 'ਚੈਂਬਰ ਆਫ਼ ਡੇਪਿਊਟਿਜ਼' (Chamber of Deputies) ਸਾਹਮਣੇ ਰੱਖਿਆ ਗਿਆ। 1909 ਵਿੱਚ ਵੂਮੈਨ ਸਫ਼ਰੇਜ਼ (Women Suffarage) ਅੰਦੋਲਨ ਦੀ ਫ੍ਰੈਂਚ ਯੂਨੀਅਨ ਸਥਾਪਿਤ ਹੋਈ। ਇਸਦੀ ਅਗਵਾਈ ਮਾਈਨ ਬਰੰਚਵਿਗ (Mine Brunchwing) ਨਾਂ ਦੀ ਔਰਤ ਨੇ ਕੀਤੀ। ਲੰਮੇ ਸਮੇਂ ਤੱਕ ਨਾਰੀ ਹੱਕਾਂ ਤੇ ਮੱਤ ਅਧਿਕਾਰ ਲਈ ਲੰਮੀ ਕਾਨੂੰਨੀ ਲੜਾਈ ਚਲਦੀ ਰਹੀ। ਅੰਤ 1945 ਵਿੱਚ ਫ਼ਰਾਂਸੀਸੀ ਨਾਰੀ ਕਾਨੂੰਨੀ ਰੂਪ ਵਿੱਚ ਮੱਤ ਅਧਿਕਾਰ ਦੀ ਹੱਕਦਾਰ ਬਣੀ।[25]

ਰੂਸ ਵਿੱਚ ਸਮਾਜਵਾਦੀ ਅੰਦੋਲਨ ਵਿੱਚ ਔਰਤਾਂ ਦੇ ਅਧਿਕਾਰਾਂ ਲਈ ਰੋਜ਼ਾ ਲਕਜਮਬਰਗ (Rosa Luxemburg) ਅਤੇ ਅਲੈਗਜੈਂਡਰਾ ਕੌਲਨਤਾਈ (Alexandra Kollontai) ਨੇ ਸੰਘਰਸ਼ ਕੀਤਾ। 1917 ਦੀ ਕ੍ਰਾਂਤੀ ਨੇ ਨਾਰੀ ਨੂੰ ਮਰਦ ਦੇ ਬਰਾਬਰ ਕੰਮ ਦਾ ਅਧਿਕਾਰ ਦਿੱਤਾ, ਬੱਚਿਆਂ ਨੂੰ ਸਰਕਾਰ ਦੀ ਜ਼ਿੰਮੇਵਾਰੀ ਮੰਨ ਕੇ ਕਈ ਸੁਵਿਧਾਵਾਂ ਪ੍ਰਦਾਨ ਕੀਤੀਆਂ ਗਈਆਂ। ਇਸ ਪਿਛਾਂਹ ਖਿੱਚੂ ਪ੍ਰੰਪਰਕ ਵਹਿਮਾਂ-ਭਰਮਾਂ ਵਿੱਚ ਉਲਝੇ ਦੇਸ਼ ਲਈ ਕ੍ਰਾਂਤੀ ਭਾਵੇਂ ਵੱਡੇ ਧਮਾਕੇ ਵਾਂਗ ਆਈ ਪਰ ਕਮਿਊਨਿਸਟ ਸੁਸਾਇਟੀ ਇਕ ਨਵਾਂ ਸਮਾਜ ਸਭਿਆਚਾਰਕ ਪਰਿਵੇਸ਼ ਉਸਾਰਨ ਵਿੱਚ ਅਸਫ਼ਲ ਰਹੀ, ਜਿਸ ਵਿੱਚ ਨਾਰੀ ਪ੍ਰਸ਼ਨਾਂ ਨੂੰ ਸਰਲ ਕੀਤਾ ਜਾ ਸਕੇ।[26]

19ਵੀਂ ਸਦੀ ਦੇ ਅੰਤ ਵਿੱਚ ਮਜ਼ਦੂਰ ਇਸਤਰੀਆਂ ਦਾ ਅੰਦੋਲਨ ਜਰਮਨੀ ਵਿੱਚ ਸਭ ਤੋਂ ਵੱਧ ਤੇਜ਼ ਗਤੀ ਨਾਲ ਵਿਕਸਤ ਹੋਇਆ। 1891 ਵਿੱਚ ਜਰਮਨੀ ਦੀ ਸਮਾਜਿਕ ਜਨਵਾਦੀ ਪਾਰਟੀ ਨੇ ਆਪਣੇ ਪ੍ਰੋਗਰਾਮ ਵਿੱਚ ਨਾਰੀ ਮੱਤ ਅਧਿਕਾਰ ਦੀ ਮੰਗ ਨੂੰ ਸ਼ਾਮਿਲ ਕੀਤਾ। ਸੰਨ 1900 ਵਿੱਚ ਜਰਮਨੀ ਵਿੱਚ ਨਿਯਮਤ ਨਾਰੀ ਸੰਮੇਲਨਾਂ ਦੇ ਆਯੋਜਨ ਦੀ ਸ਼ੁਰੂਆਤ ਹੋਈ। 1918 ਵਿੱਚ ਜਰਮਨ ਵਿੱਚ ਔਰਤਾਂ ਨੂੰ ਪੁਰਸ਼ਾਂ ਦੇ ਸਮਾਨ ਮੱਤ ਅਧਿਕਾਰ ਮਿਲਿਆ।

20ਵੀਂ ਸਦੀ ਤੱਕ ਲਗਭਗ ਸਾਰੇ ਪੱਛਮੀ ਅਤੇ ਯੂਰਪੀ ਦੇਸ਼ਾਂ ਵਿੱਚ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਸੀ। ਲੰਮੇ ਸਮੇਂ ਤੋਂ ਔਰਤਾਂ ਦੁਆਰਾ ਪੁਰਸ਼ਾਂ ਦੇ ਸਮਾਨ ਰਾਜਨੀਤਕ ਸਮਾਨਤਾ ਦਾ ਅਧਿਕਾਰ ਹਾਸਿਲ ਕਰਨ ਦੀ ਕੀਤੀ ਜਾ ਰਹੀ ਮੰਗ ਪੂਰੀ ਹੋ ਗਈ ਸੀ ਲੇਕਿਨ ਰਾਜਨੀਤਕ ਸਮਾਨਤਾ ਮਿਲਣ ਉਪਰੰਤ ਹੌਲੀ-ਹੌਲੀ ਇਹ ਗੱਲ ਸਪੱਸ਼ਟ ਹੋਣ ਲੱਗੀ ਕਿ ਇਸ ਨਾਲ ਨਾਰੀ ਦੀਆਂ ਸਮੱਸਿਆਵਾਂ ਦਾ ਸਮਾਧਾਨ ਨਹੀਂ ਹੋ ਰਿਹਾ ਹੈ। 20ਵੀਂ ਸਦੀ ਦੇ ਅੱਧ ਵਿੱਚ ਪੱਛਮੀ ਅਤੇ ਯੂਰਪੀ ਦੇਸ਼ਾਂ ਵਿੱਚ ਨਾਰੀ ਦੀਆਂ ਸਮੱਸਿਆਵਾਂ ਉੱਤੇ ਫਿਰ ਤੋਂ ਵਿਚਾਰ ਚਰਚਾ ਆਰੰਭ ਹੋਈ। ਇਸ ਦੌਰ ਵਿੱਚ ਨਾਰੀ ਅਸਤਿਤਵ ਨਾਲ ਜੁੜੇ ਪ੍ਰਸ਼ਨਾਂ ਨੂੰ ਨਵੇਂ ਢੰਗ ਨਾਲ ਉਠਾਉਣਾ ਸ਼ੁਰੂ ਕੀਤਾ ਗਿਆ ਜਿਸ ਨਾਲ ਨਾਰੀਵਾਦੀ ਅੰਦੋਲਨ ਨੂੰ ਨਵੀਂ ਦਿਸ਼ਾ ਪ੍ਰਾਪਤ ਹੋਈ। ਨਾਰੀ ਆਪਣੇ ਅਸਤਿਤਵ ਦੀ ਤਲਾਸ਼ ਕਰਨ ਲਈ ਸੰਗਠਿਤ ਰੂਪ ਵਿੱਚ ਯਤਨ ਕਰਨ ਲੱਗੀ। ਸਾਹਿਤਕਾਰਾਂ ਨੇ ਵੀ ਆਪਣੇ ਸਾਹਿਤ ਦੇ ਮਾਧਿਅਮ ਰਾਹੀਂ ਨਾਰੀ ਦੀ ਵਾਸਤਵਿਕ ਸਥਿਤੀ ਨੂੰ ਸਪੱਸ਼ਟ

ਕਰਦੇ ਹੋਏ ਉਸਨੂੰ ਆਪਣੇ ਅਧਿਕਾਰਾਂ ਤੋਂ ਜਾਣੂ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਦ੍ਰਿਸ਼ਟੀਕੋਣ ਤੋਂ ਸਭ ਤੋਂ ਪਹਿਲਾਂ ਮਹੱਤਵਪੂਰਨ ਯੋਗਦਾਨ ਫ਼ਰਾਂਸ ਦੀ ਬੁੱਧੀਜੀਵੀ ਅਤੇ ਰਾਜਨੀਤਕ ਕਾਰਜਕਰਤਾ ਸੀਮੋਨ-ਦ-ਬੋਵਾਰ ਦਾ ਕਿਹਾ ਜਾ ਸਕਦਾ ਹੈ। ਉਸਦੀ 1949 ਵਿੱਚ ਛਪੀ ਪੁਸਤਕ 'ਦ ਸੈਕਿੰਡ ਸੈਕਸ' ਦੀ ਚਰਚਾ ਸੰਸਾਰ ਭਰ ਵਿੱਚ ਹੋਈ।

ਸੀਮੋਨ ਨੇ ਇਸ ਪੁਸਤਕ ਵਿੱਚ ਨਾਰੀ ਸੰਬੰਧੀ ਮੌਲਿਕ ਵਿਚਾਰ ਪ੍ਰਗਟ ਕੀਤੇ ਜਿਸ ਕਰਕੇ ਇਸ ਕਿਤਾਬ ਨੂੰ ਨਾਰੀ ਦੀ ਅਸਲ ਆਵਾਜ਼ ਕਿਹਾ ਗਿਆ ਸੀ। ਸੀਮੋਨ ਤੋਂ ਬਾਅਦ ਬੈਟੀ ਫਰੀਡਨ (Betty Friedan) ਦਾ ਨਾਮ ਲਿਆ ਜਾਂਦਾ ਹੈ। ਬੈਟੀ ਫਰੀਡਨ ਦੀ 1963 ਵਿੱਚ ਛਪੀ ਪੁਸਤਕ 'ਦ ਫੈਮੀਨਿਨ ਮਿਸਟੀਕ' (The Feminine Mystique) ਦੇ ਨਾਲ ਨਾਰੀਵਾਦੀ ਅੰਦੋਲਨ ਸੰਯੁਕਤ ਰਾਜ ਅਮਰੀਕਾ ਵਿੱਚ ਨਵੇਂ ਰੂਪ ਵਿੱਚ ਸਾਹਮਣੇ ਆਇਆ। ਇਹ ਪੁਸਤਕ ਜਿੱਥੇ 'ਰਾਸ਼ਟਰੀ ਮਹਿਲਾ ਸੰਗਠਨ' (Nantional Organization for Women) ਦੀ ਨੀਂਹ ਰੱਖਣ ਵਿੱਚ ਸਹਾਇਕ ਹੋਈ, ਉੱਥੇ ਨਾਰੀ ਨੂੰ ਆਪਣੇ ਸਵੈ ਪ੍ਰਤੀ ਚੇਤਨ ਹੋਣ ਲਈ ਵੀ ਪ੍ਰੇਰਿਤ ਕਰਦੀ ਹੈ। ਇਸ ਸਮੇਂ ਦੌਰਾਨ ਮੇਰੀ ਇਲਮੈਨ (Mary Ellmann) ਦੀ ਪੁਸਤਕ 'ਥਿੰਕਿੰਗ ਅਬਾਊਟ ਵੂਮੈਨ' (Thinking About Women) 1968, ਸ਼ੁਲਾਮਿਥ ਫਾਇਰਸਟੋਨ (Shulamith Firestone) ਦੀ 'ਦ ਡਾਇਲੈਕਟਿਕ ਆਫ਼ ਸੈਕਸ' (The Dialectic of Sex) 1972, ਕੇਟ ਮਿਲਟ (Kate Millett) ਦੀ 'ਸੈਕਸੂਅਲ ਪੋਲਿਟਿਕਸ' (Sexual Politics) 1970 ਆਦਿ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਜਿਹਨਾਂ ਨੇ ਨਾਰੀ ਦੇ ਵਿਅਕਤੀਗਤ, ਮਾਨਸਿਕ ਅਤੇ ਲਿੰਗ ਅਧਾਰਿਤ ਪੱਖਾਂ ਨੂੰ ਸਮਝਣ ਉੱਤੇ ਜ਼ੋਰ ਦਿੱਤਾ।

ਇਸ ਤਰ੍ਹਾਂ ਨਾਰੀਵਾਦ ਨੂੰ ਪ੍ਰਫੁਲਿਤ ਕਰਨ ਵਿੱਚ ਜਿੱਥੇ ਨਾਰੀ ਦੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਅਧਿਕਾਰਾਂ ਲਈ ਸਮੇਂ-ਸਮੇਂ ਤੇ ਚੱਲੇ ਅੰਦੋਲਨਾਂ ਅਤੇ ਲਹਿਰਾਂ ਨੇ ਆਪਣਾ ਯੋਗਦਾਨ ਪਾਇਆ, ਉੱਥੇ ਵੱਖੋ-ਵੱਖਰੇ ਦਰਸ਼ਨਾਂ ਨਾਲ ਜੁੜੇ ਚਿੰਤਕਾਂ ਨੇ ਨਾਰੀਵਾਦ ਦਾ ਸਿਧਾਂਤਕ ਅਤੇ ਵਿਚਾਰਧਾਰਕ ਘੇਰਾ ਵਿਸ਼ਾਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਨਾਰੀਵਾਦ ਚਿੰਤਨ ਦੇ ਪੱਖ ਤੋਂ ਕਈ ਮਾਡਲਾਂ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਨਾਰੀਵਾਦ ਨੂੰ ਉੱਚਿਤ ਪਰਿਪੇਖ ਵਿੱਚ ਸਮਝਣ ਲਈ ਇਹਨਾਂ ਮਾਡਲਾਂ ਦਾ ਅਧਿਐਨ ਕਰਨਾ ਜ਼ਰੂਰੀ ਹੈ।

**I. ਉਦਾਰਵਾਦੀ ਨਾਰੀਵਾਦ**

ਨਾਰੀਵਾਦੀ ਲਹਿਰ ਦਾ ਪਹਿਲਾ ਪੜਾਅ ਉਦਾਰਵਾਦੀ ਨਾਰੀਵਾਦ ਹੈ। ਉਦਾਰਵਾਦੀਆਂ ਦਾ ਜ਼ੋਰ ਵਿਅਕਤੀ ਅਤੇ ਵਿਅਕਤੀਗਤ ਖ਼ੁਦਮੁਖਤਿਆਰੀ ਉੱਪਰ ਸੀ ਜੋ ਕਿ ਨਿਸ਼ਚਿਤ ਅਧਿਕਾਰਾਂ, ਆਰਥਿਕ ਨਿਆਂ

ਤੇ ਮੌਕੇ ਦੀ ਸਮਾਨਤਾ ਨਾਲ ਸੁਰੱਖਿਅਤ ਰੱਖੀ ਜਾ ਸਕਦੀ ਹੈ।[27] ਇਹ ਵਿਅਕਤੀਗਤ ਪੱਧਰ ਤੇ ਮਨੁੱਖਾਂ ਵਿੱਚ ਬਰਾਬਰਤਾ ਤੇ ਆਜ਼ਾਦੀ ਕਾਇਮ ਰੱਖਣਾ ਚਾਹੁੰਦਾ ਹੈ। ਸਤਾਰਵੀਂ ਸਦੀ ਵਿੱਚ ਜੌਹਨ ਲਾਕ (John Locke) ਨੇ ਆਪਣੀ ਪੁਸਤਕ 'ਸੈਕੰਡ ਟਰੀਟੀਜ਼ ਆਫ਼ ਗੌਵਰਨਮਿੰਟ' (Second Treatise of Government) 1689 ਵਿੱਚ ਇਸ ਵਿਸ਼ੇ ਤੇ ਆਪਣੇ ਮਹੱਤਵਪੂਰਨ ਵਿਚਾਰ ਪੇਸ਼ ਕੀਤੇ। ਉਸਦਾ ਵਿਚਾਰ ਹੈ ਕਿ ਵਿਅਕਤੀ ਭਾਵੇਂ ਕਿਸੇ ਵੀ ਸਮਾਜ ਦਾ ਮੈਂਬਰ ਹੋਵੇ, ਆਜ਼ਾਦੀ ਉਸ ਵਿੱਚ ਨਿਹਿਤ ਹੈ, ਇਹ ਇਕ ਕੁਦਰਤੀ ਅਧਿਕਾਰ ਹੈ। ਕੁਦਰਤ ਦਾ ਨਿਯਮ ਹੀ ਰੱਬ ਦਾ ਨਿਯਮ ਹੈ ਅਤੇ ਹਰ ਮਨੁੱਖ ਦਾ ਰੱਬ ਪ੍ਰਤੀ ਫਰਜ਼ ਹੈ ਕਿ ਉਹ ਕਿਸੇ ਦੂਸਰੇ ਮਨੁੱਖ ਨੂੰ ਦੁਖੀ ਨਾ ਕਰੇ। ਔਲਾਦ ਸੰਬੰਧੀ ਉਸਦਾ ਵਿਚਾਰ ਹੈ ਕਿ ਬੱਚਾ ਪਤੀ ਤੇ ਪਤਨੀ ਦੀ ਸੰਯੁਕਤ ਜ਼ਿੰਮੇਵਾਰੀ ਹੈ ਨਾ ਕਿ ਇਕੱਲੀ ਪਿੱਤਰੀ ਜ਼ਿੰਮੇਵਾਰੀ।[28] ਇਸ ਲਈ ਦੋਵਾਂ ਨੂੰ ਵਿਆਹ ਸੰਬੰਧਾਂ ਨੂੰ ਮਾਨਣ ਤੇ ਤੋੜਨ ਦਾ ਹੱਕ ਹੈ। ਜੌਹਨ ਲਾਕ ਦੇ ਵਿਆਹ ਸੰਬੰਧੀ ਵਿਚਾਰਾਂ ਦਾ ਵਿਆਪਕ ਪ੍ਰਭਾਵ ਸਤਾਰ੍ਹਵੀਂ-ਅਠਾਰਵੀਂ ਸਦੀ ਦੀ ਇੰਗਲੈਂਡ ਦੀ ਔਰਤ ਦੀ ਸਥਿਤੀ ਨੂੰ ਸੁਧਾਰਨ ਉੱਪਰ ਪਿਆ। ਭਾਵੇਂ ਸਮਝੌਤੇ ਵਾਲੀ ਗੱਲ ਸਵੀਕਾਰੀ ਗਈ ਪਰ ਨਾਲ ਹੀ ਨਾਰੀ ਪਾਸੋਂ ਨਿਮਰ, ਸੁਸ਼ੀਲ ਅਤੇ ਆਗਿਆਪਾਲਕ ਹੋਣ ਦੀ ਉਮੀਦ ਵੀ ਕੀਤੀ ਗਈ।

ਉਦਾਰਵਾਦੀ ਚਿੰਤਕ ਜੀਨ ਯਾਕ ਰੂਸੋ (Jean Jacques Rousseau) ਸਮਾਨਤਾ ਦੀ ਗੱਲ ਕਰਦਾ ਹੋਇਆ ਤਾਕਤ ਤੇ ਪੈਸੇ ਦੀ ਅਸਮਾਨਤਾ ਕਾਰਨ ਇਕ ਮਨੁੱਖ ਦੀ ਦੂਸਰੇ ਉੱਪਰ ਨਿਰਭਰਤਾ ਦਾ ਵਿਰੋਧ ਕਰਦਾ ਹੈ। ਨਾਰੀ ਦੇ ਸੰਬੰਧ ਵਿੱਚ ਉਸਦਾ ਵਿਚਾਰ ਹੈ ਕਿ ਨਾਰੀ ਦੀ ਪਾਲਣਾ ਸੁਤੰਤਰ ਮਨੁੱਖਾਂ ਵਾਂਗ ਨਾ ਕੀਤੀ ਜਾਵੇ ਕਿ ਉਹ ਸੁਤੰਤਰਤਾ ਤੇ ਸਮਾਨਤਾ ਦੀ ਮੰਗ ਕਰਨ, ਸਗੋਂ ਉਨ੍ਹਾਂ ਨੂੰ ਮਰਦਾਂ ਉੱਪਰ ਨਿਰਭਰ ਰਹਿਣ ਲਈ ਹੀ ਵੱਡਾ ਕੀਤਾ ਜਾਵੇ। ਮਰਦ ਦੀ ਹੋਂਦ ਆਪਣੇ ਆਪ ਲਈ ਹੈ ਪਰ ਨਾਰੀ ਦਾ ਮੁੱਲ ਕੇਵਲ ਮਰਦ ਨਾਲ ਜੁੜ ਕੇ ਹੀ ਹੈ। ਇਸ ਲਈ ਨਾਰੀ ਸਿੱਖਿਆ ਦਾ ਮੂਲ ਉਦੇਸ਼ ਮਰਦਾਂ ਨੂੰ ਖ਼ੁਸ਼ ਰੱਖਣਾ ਹੀ ਹੋਣਾ ਚਾਹੀਦਾ ਹੈ।[29] ਇਸ ਤਰ੍ਹਾਂ ਰੂਸੋ ਵੀ ਨਾਰੀ ਨੂੰ ਆਗਿਆਕਾਰ ਪਤਨੀ ਅਤੇ ਸਮਝਦਾਰ ਮਾਂ ਬਣਨ ਦੀ ਸੀਮਤ ਸਿੱਖਿਆ ਦੇਣ ਦਾ ਹੱਕਦਾਰ ਹੈ। ਜੌਹਨ ਲਾਕ ਅਤੇ ਰੂਸੋ ਦੇ ਉਦਾਰਵਾਦੀ ਵਿਅਕਤੀਵਾਦੀ ਸਿਧਾਂਤ ਦੀ ਬਹੁਤ ਸਾਰੇ ਆਲੋਚਕਾਂ ਨੇ ਵਿਰੋਧਤਾ ਕੀਤੀ। ਉਹਨਾਂ ਦਾ ਮੱਤ ਹੈ ਕਿ ਇਹ ਦਾਰਸ਼ਨਿਕ ਆਪਣੇ ਲੇਖਣ ਵਿੱਚ ਵਿਅਕਤੀ ਸੁਤੰਤਰਤਾ ਅਤੇ ਸਮਾਜਿਕ ਪਰਿਵਰਤਨ ਦੀ ਚਰਚਾ ਤਾਂ ਕਰਦੇ ਹਨ, ਪਰੰਤੂ ਉਹਨਾਂ ਦੀ ਉਦਾਰਵਾਦੀ ਰਾਜਨੀਤੀ ਨਾਰੀ-ਮਰਦ ਨੂੰ ਸਮਾਨ ਅਧਿਕਾਰ ਦਿਵਾਉਣ ਵਿੱਚ ਅਸਮਰੱਥ ਰਹੀ ਹੈ।

ਉਦਾਰਵਾਦੀ ਨਾਰੀਵਾਦ ਦੇ ਅੰਤਰਗਤ ਮੈਰੀ ਵੂਲਸਟੋਨਕਰਾਫਟ ਗੋਡਵਿਨ ਦੀ ਪੁਸਤਕ 'ਏ ਵਿੰਡੀਕੇਸ਼ਨ ਆਫ਼ ਦ ਰਾਇਟਸ ਆਫ਼ ਵੂਮੈਨ' ਦੇ ਰਾਹੀਂ ਨਾਰੀ ਨੂੰ ਵਿਅਕਤੀ ਰੂਪ ਵਿੱਚ ਮਹੱਤਤਾ ਪ੍ਰਾਪਤ

ਹੋਈ। ਉਹ ਜੌਹਨ ਲਾਕ ਅਤੇ ਰੂਸੋ ਦੇ ਵਿਚਾਰਾਂ ਤੋਂ ਉਲਟ ਨਾਰੀ ਨੂੰ ਮਨੁੱਖੀ ਜੀਵ ਸਵੀਕਾਰਦੀ ਹੈ ਨਾ ਕਿ ਲਿੰਗਕ ਜੀਵ। ਉਸਦਾ ਮੰਨਣਾ ਹੈ ਕਿ ਨਾਰੀ ਦੀਆਂ ਜ਼ਰੂਰਤਾਂ ਮੂਲ ਰੂਪ ਵਿੱਚ ਮਨੁੱਖ ਹੋਣ ਦੇ ਨਾਤੇ ਪੂਰੀਆਂ ਹੋਣ ਨਾ ਕਿ ਨਾਰੀ ਹੋਣ ਦੇ ਨਾਤੇ।[30] ਨਾਰੀ ਦੀ ਮਾੜੀ ਸਮਾਜਿਕ ਸਥਿਤੀ ਦਾ ਕਾਰਨ ਉਹ ਨਾਰੀ ਨੂੰ ਮਿਲਣ ਵਾਲੀ ਸਿੱਖਿਆ ਅਤੇ ਸਮਾਜਿਕ ਵਿਵਸਥਾ ਨੂੰ ਮੰਨਦੀ ਹੈ। ਉਸਦਾ ਮੰਨਣਾ ਹੈ ਕਿ ਨਾਰੀ ਨੂੰ ਵੱਡਾ ਹੀ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਉਹ ਸਰੀਰਕ ਰੂਪ ਵਿੱਚ ਕਮਜ਼ੋਰ ਰਹੇ। ਕਸਰਤ, ਸਰੀਰਕ ਅਭਿਆਸ ਵੱਲ ਧਿਆਨ ਦੇਣ ਦੀ ਥਾਂ ਕੇਵਲ ਸਰੀਰਕ ਰੂਪ ਵਿੱਚ ਸੁੰਦਰ ਦਿਖਣ ਵੱਲ ਜ਼ੋਰ ਦਿੱਤਾ ਜਾਂਦਾ ਹੈ। ਉਹ ਇਸ ਵਿਚਾਰ ਦਾ ਖੰਡਨ ਕਰਦੀ ਹੈ ਕਿ ਨਾਰੀ ਮਰਦਾਂ ਨਾਲੋਂ ਘੱਟ ਯੋਗਤਾ ਰੱਖਦੀ ਹੈ। ਉਸਦਾ ਵਿਚਾਰ ਹੈ ਕਿ ਨਾਰੀ ਦੀ ਸਹੀ ਯੋਗਤਾ ਦੀ ਪਛਾਣ ਉਦੋਂ ਹੀ ਕੀਤੀ ਜਾ ਸਕੇਗੀ ਜਦੋਂ ਉਸਨੂੰ ਆਜ਼ਾਦੀ, ਮੌਕਾ ਤੇ ਹੁਨਰ ਨੂੰ ਵਿਕਸਤ ਕਰਨ ਦੀ ਸਿੱਖਿਆ ਦਿੱਤੀ ਜਾਵੇਗੀ। ਇਸ ਲਈ ਮੈਰੀ ਵੂਲਸਟੋਨਕਰਾਫਟ ਨਾਰੀ ਲਈ ਸਮਾਨਤਾ ਦੇ ਸੰਕਲਪ ਦੀ ਗੱਲ ਕਰਦੀ ਹੈ। ਸਿਵਲ ਅਧਿਕਾਰਾਂ ਦੀ ਸਮਾਨਤਾ, ਮੌਕਾ ਤੇ ਯੋਗਤਾ ਵਿਕਸਤ ਕਰਨ ਦੀ ਸਮਾਨਤਾ, ਕਿਸੇ ਵੀ ਕਿੱਤੇ ਨੂੰ ਅਪਣਾਉਣ ਦੀ ਸਮਾਨਤਾ ਨਾਰੀ ਦੇ ਵਿਕਾਸ ਲਈ ਮੁੱਢਲੀਆਂ ਲੋੜਾਂ ਹਨ।[31] ਜਾਨ ਸਟੂਅਰਟ ਮਿਲ ਆਪਣੀ ਪੁਸਤਕ 'ਦ ਸਬਜਿਕਸ਼ਨ ਆਫ਼ ਵੂਮੈਨ' ਵਿੱਚ ਦੱਸਦਾ ਹੈ ਕਿ ਕੁਝ ਗਤੀਵਿਧੀਆਂ ਅਜਿਹੀਆਂ ਹਨ, ਜਿਸ ਵਿੱਚ ਔਰਤਾਂ ਮਰਦਾਂ ਤੋਂ ਪੱਛੜ ਜਾਂਦੀਆਂ ਹਨ ਜਿਵੇਂ ਭਾਰ ਢੋਣਾ ਆਦਿ। ਔਰਤ ਅਤੇ ਮਰਦ ਵਿਚਕਾਰ ਜੀਵ-ਸ਼ਾਸਤਰੀ ਭਿੰਨਤਾਵਾਂ ਜ਼ਰੂਰ ਹਨ ਪਰ ਬੌਧਿਕ ਅਤੇ ਨੈਤਿਕ ਤੌਰ 'ਤੇ ਉਹਨਾਂ ਵਿੱਚ ਕੋਈ ਕਮੀ ਨਹੀਂ। ਉਸਨੇ ਅੱਗੇ ਚੱਲ ਕੇ ਕਿਹਾ ਕਿ ਔਰਤ ਅਤੇ ਮਰਦ ਵਿਚਕਾਰ ਮਾਨਸਿਕ ਅਤੇ ਸੁਭਾਅ (ਵਿਵਹਾਰ) ਵਜੋਂ ਜੋ ਵਿਸ਼ਿਸ਼ਟਤਾਵਾਂ ਹਨ, ਉਹ ਵੀ ਸਾਂਝੀਆਂ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਇਹਨਾਂ ਦੋਹਾਂ ਵਿਚਲੇ ਗੁਣਾਂ ਦਾ ਸਮਾਵੇਸ਼ ਹੋਵੇ ਤਾਂ ਹੀ ਵਿਅਕਤਿਤਵ ਆਦਰਸ਼ ਬਣਦਾ ਹੈ। ਜੇਕਰ ਅਜਿਹਾ ਕੁਝ ਨਹੀਂ ਵਾਪਰਦਾ ਜਾਂ ਹੋ ਨਹੀਂ ਸਕਦਾ ਤਾਂ ਵੀ ਔਰਤਾਂ ਨੂੰ ਵਿਕਾਸ ਦੇ ਅਵਸਰ ਬਰਾਬਰ ਦਿਤੇ ਜਾਣੇ ਬਹੁਤ ਜ਼ਰੂਰੀ ਹਨ।[32] ਉਹ ਨਾਰੀ ਸੁਤੰਤਰਤਾ ਲਈ ਨਾਰੀ ਨੂੰ ਆਮਦਨ, ਸੰਪੱਤੀ ਰੱਖਣ ਅਤੇ ਵੋਟ ਅਧਿਕਾਰ ਦੇਣ ਦੀ ਪੁਰਜ਼ੋਰ ਹਮਾਇਤ ਕਰਦਾ ਹੈ। ਵੀਹਵੀਂ ਸਦੀ ਦੇ ਉਦਾਰਵਾਦੀ ਨਾਰੀਵਾਦ ਦੀ ਪਕੜ ਅਮਰੀਕੀ ਸਮਾਜ ਵਿੱਚ ਬੈਟੀ ਫਰੀਡਨ ਦੀ ਪੁਸਤਕ 'ਦ ਫੈਮੀਨਿਨ ਮਿਸਟੀਕ' ਦੇ ਰਾਹੀਂ ਹੋਰ ਮਜ਼ਬੂਤ ਹੁੰਦੀ ਹੈ। ਇਸ ਨੇ ਅਮਰੀਕੀ ਨਾਰੀ ਦੀ ਸਥਿਤੀ ਬਾਰੇ ਜਾਗ੍ਰਿਤੀ ਉਤਪੰਨ ਕਰਨ ਅਤੇ ਨਾਰੀਵਾਦੀ ਅੰਦੋਲਨ ਨੂੰ ਨਵੀਂ ਦਿਸ਼ਾ ਦਿੱਤੀ। ਬੈਟੀ ਫਰੀਡਨ ਅਨੁਸਾਰ ਸੁਤੰਤਰਤਾ ਦਾ ਮੁੱਲ ਨਾਰੀ ਅਤੇ ਮਰਦ ਲਈ ਬਰਾਬਰ ਹੁੰਦਾ ਹੈ। ਜੇ ਨਾਰੀ ਨੇ ਆਪਣੇ ਅੰਦਰ ਲੁਕੇ ਮੁੱਲ ਨੂੰ ਮਨੁੱਖ ਰੂਪ ਵਿੱਚ ਸਮਝਣਾ ਹੈ ਤਾਂ ਜ਼ਰੂਰੀ ਹੈ ਕਿ ਉਹ ਘਰੇਲੂ ਨਾਰੀ ਅਤੇ ਮਾਂ ਰੂਪ ਵਿੱਚ ਪਛਾਣ ਦੇ ਨਾਲ-ਨਾਲ ਰੁਜ਼ਗਾਰ ਵਿੱਚ ਵੀ ਹਿੱਸਾ ਲਏ। ਉਸਨੇ

ਇਸ ਗੱਲ ਦੀ ਸਖ਼ਤ ਆਲੋਚਨਾ ਕੀਤੀ ਕਿ ਔਰਤ ਦੀ ਸੰਪੂਰਨਤਾ ਕੇਵਲ ਬੱਚੇ ਪੈਦਾ ਕਰਨ ਤੇ ਘਰ ਸੰਭਾਲਣ ਵਿੱਚ ਹੈ। ਉਸ ਅਨੁਸਾਰ ਅਸੀਂ ਔਰਤਾਂ ਦੀ ਉਸ ਅੰਦਰਲੀ ਆਵਾਜ਼ ਦੀ ਅਵਹੇਲਣਾ ਨਹੀਂ ਕਰ ਸਕਦੇ ਕਿ ਉਹ ਆਪਣੇ ਪਤੀ, ਬੱਚਿਆਂ ਅਤੇ ਘਰ ਤੋਂ ਇਲਾਵਾ ਵੀ ਕੁਝ ਚਾਹੁੰਦੀਆਂ ਹਨ। ਉਹ ਲਿਖਦੀ ਹੈ, ਨਾਰੀਤਵ ਦੇ ਨਵੇਂ ਸਭਿਆਚਾਰਕ ਬਿੰਬ ਨੂੰ ਕਠੋਰ ਰੂਪ ਪ੍ਰਦਾਨ ਕਰਨ ਦੀ ਜ਼ਰੂਰਤ ਹੈ ਜਿਹੜਾ ਕਿ ਨਾਰੀ ਨੂੰ ਪ੍ਰਪੱਕਤਾ ਤੱਕ ਪਹੁੰਚਣ, ਪਹਿਚਾਣ ਬਣਾਉਣ, ਆਪਣੇ ਆਪ ਦੀ ਪੂਰਨਤਾ ਪ੍ਰਾਪਤ ਕਰਨ ਦੀ ਇਜ਼ਾਜਤ ਦਿੰਦਾ ਹੈ। ਸਿਰਫ਼ ਕਾਮ, ਪਿਆਰ, ਵਿਆਹ ਅਤੇ ਬੱਚਿਆਂ ਨੂੰ ਹੀ ਨਾਰੀ ਦੀ ਜ਼ਿੰਦਗੀ ਦਾ ਜ਼ਰੂਰੀ ਤੱਤ ਮੰਨਿਆ ਜਾਂਦਾ ਹੈ ਜਦੋਂ ਕਿ ਨਾਰੀ ਦੀ ਆਪਣੀ ਕੋਈ ਪਹਿਚਾਣ ਨਹੀਂ, ਨਾਰੀ ਨੂੰ ਉੱਨਤੀ ਦੇ ਨਵੇਂ ਮੌਕਿਆਂ ਤੋਂ ਦੂਰ ਹੀ ਰੱਖਿਆ ਜਾਂਦਾ ਹੈ। ਜੇਕਰ ਨਾਰੀ ਇਹ ਚੇਤੰਨਤਾ ਪੈਦਾ ਕਰ ਲਵੇ ਤਾਂ ਉਹ ਪੁਰਸ਼ਾਂ ਨਾਲ ਬਰਾਬਰੀ ਕਰ ਸਕਦੀ ਹੈ।[33] ਦਵਿੰਦਰ ਇਸਰ ਅਨੁਸਾਰ, ਬੈਟੀ ਫਰੀਡਨ ਅਮਰੀਕੀ ਔਰਤਾਂ ਦੀ ਜੀਵਨ ਸਥਿਤੀ ਦਾ ਮੁਲਾਂਕਣ ਕਰਦੀ ਹੋਈ ਅਮਰੀਕੀ ਸਮਾਜ, ਮੀਡੀਆ, ਵਿਗਿਆਨ, ਸਿੱਖਿਆ ਪ੍ਰਣਾਲੀ, ਮਨੋਵਿਗਿਆਨ, ਸੰਸਕ੍ਰਿਤਕ ਨੈਤਿਕ ਮੁੱਲਾਂ ਅਤੇ ਸਮਾਜ-ਸ਼ਾਸਤਰੀ ਅਧਿਐਨਾਂ ਦਾ ਵੀ ਪਰਦਾਫਾਸ਼ ਕਰਦੀ ਹੈ ਜੋ ਨਾਰੀ ਦੀਆਂ ਯੋਗਤਾਵਾਂ ਅਤੇ ਸਿਰਜਣਾਤਮਕ ਸੰਭਾਵਾਨਾਵਾਂ ਨੂੰ ਨਾ ਕੇਵਲ ਸੀਮਿਤ ਕਰਦੇ ਹਨ ਬਲਕਿ ਉਸਨੂੰ ਬੌਧਿਕ, ਮਾਨਸਿਕ ਅਤੇ ਅਧਿਆਤਮਿਕ ਤੌਰ 'ਤੇ ਅਪਾਹਜ ਵੀ ਕਰਦੇ ਹਨ।[34]

ਪ੍ਰਸਿੱਧ ਨਾਰੀਵਾਦੀ ਚਿੰਤਕ ਵਰਜੀਨੀਆ ਵੁਲਫ਼ (Virginia Woolf) ਦੀ ਪੁਸਤਕ 'ਏ ਰੂਮ ਆਫ਼ ਵੱਨਸ ਔਨ' (A Room of One's Own) 1929 ਸਮਾਜ ਵਿੱਚ ਨਾਰੀ ਦੀ ਸਥਿਤੀ ਉੱਤੇ ਰੋਸ਼ਨੀ ਪਾਉਂਦੀ ਹੈ। ਉਸ ਅਨੁਸਾਰ ਮਹਿਲਾ ਲੇਖਕ ਨੂੰ ਲੇਖਕ ਦੇ ਰੂਪ ਵਿੱਚ ਪ੍ਰਵਾਨਗੀ ਪਾਉਣ ਲਈ ਅਵੱਸ਼ ਹੀ ਪੁਰਸ਼-ਪ੍ਰਧਾਨ ਸਮਾਜ ਵਿੱਚ ਸ਼ਕਤੀਸ਼ਾਲੀ ਪੁਰਸ਼ ਦੇ ਸ਼ੋਸ਼ਣ, ਕੁਸੰਸਕਾਰ ਦਾ ਉਲੰਘਣ ਕਰਨਾ ਹੋਵੇਗਾ। ਕਮ-ਸੇ-ਕਮ ਅਜਿਹਾ ਆਪਣਾ ਇੱਕ ਘਰ ਹੀ ਨਾਰੀ ਨੂੰ ਇਸ ਸਥਿਤੀ ਤੋਂ ਮੁਕਤ ਕਰਵਾ ਸਕੇਗਾ। ਇਸ ਘਰ ਦੀ ਚਾਬੀ ਉਸਦੇ ਹੱਥ ਵਿੱਚ ਰਹੇਗੀ ਅਤੇ ਘਰ ਦੀ ਚਾਰ ਦੀਵਾਰੀ ਦੇ ਵਿੱਚ ਰਹੇਗੀ ਉਸਦੀ ਪੂਰਨ ਸੁਤੰਤਰਤਾ। ਉਸਦੇ ਭਰਾਵਾਂ ਨੂੰ ਜਿਸ ਤਰ੍ਹਾਂ ਵਿਚਰਨ ਦੀ ਪੂਰੀ ਆਜ਼ਾਦੀ ਹੈ, ਉਸ ਨੂੰ ਵੀ ਓਨੀ ਹੀ ਛੋਟ ਰਹੇਗੀ।[35]

ਉਦਾਰਵਾਦੀ ਨਾਰੀਵਾਦ ਦੇ ਅੰਤਰਗਤ ਸੂਸਨ ਬੀ. ਐਂਥੋਨੀ (Susan B. Anthony) ਲੂਸੀ ਸਟੋਨ (Lucy Stone) ਅਲਿਜ਼ਾਬੈਥ ਕੇਡੀ ਸਟੈਨਟੋਨ (Elizabeth Cady Stanton) ਆਦਿ ਦੇ ਨਾਮ ਮਹੱਤਵਪੂਰਨ ਹਨ। ਜਿਲਾਹ ਆਇਜਨਸਟੀਨ (Zillah Eisenstein) ਦੀ ਪੁਸਤਕ 'ਦਾ ਰੈਡੀਕਲ ਫਿਊਚਰ ਆਫ਼ ਲਿਬਰਲ ਫੈਮੀਨਿਜ਼ਮ' (The Radical Future of Liberal Feminism) ਅਤੇ ਮੈਰੀ ਏਲਮਾਂ (Marry Ellman's) ਦੀ ਪੁਸਤਕ 'ਥਿੰਕਿੰਗ ਅਬਾਊਟ ਵੂਮੈਨ' (Thinking About Women) ਵੀ

ਨਾਰੀ ਸੰਬੰਧੀ ਮਹੱਤਵਪੂਰਨ ਮੁੱਦੇ ਉਠਾਉਣ ਲਈ ਚਰਚਿਤ ਹਨ। ਇਸ ਪ੍ਰਕਾਰ ਉਦਾਰਵਾਦੀ ਨਾਰੀਵਾਦ ਨਾਰੀ ਨੂੰ ਨਾਗਰਿਕ ਆਜ਼ਾਦੀ, ਸਿੱਖਿਆ, ਰੋਜ਼ਗਾਰ, ਸਹੂਲਤਾਂ ਆਦਿ ਪੁਰਸ਼ ਦੇ ਬਰਾਬਰ ਪ੍ਰਾਪਤ ਹੋਣ ਤੇ ਜ਼ੋਰ ਦਿੰਦਾ ਹੈ। ਉਹ ਲਿੰਗ ਦੇ ਆਧਾਰ ਤੇ ਨਾਰੀ ਨਾਲ ਕੀਤੇ ਜਾਂਦੇ ਭੇਦਭਾਵ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਉਹ ਰਾਜਨੀਤਕ ਅਤੇ ਕਾਨੂੰਨੀ ਸੁਧਾਰਾਂ ਦੁਆਰਾ ਔਰਤ ਅਤੇ ਮਰਦ ਵਿਚਕਾਰ ਬਰਾਬਰੀ ਲਿਆਉਣ ਦਾ ਪ੍ਰਸਤਾਵ ਪੇਸ਼ ਕਰਦਾ ਹੈ। ਉਦਾਰਵਾਦੀ ਨਾਰੀਵਾਦ ਦਾ ਮੰਨਣਾ ਹੈ ਕਿ ਔਰਤਾਂ ਆਪਣੇ ਕੰਮਾਂ, ਚੋਣ ਵਿਧੀਆਂ ਅਤੇ ਯੋਗਤਾਵਾਂ ਰਾਹੀਂ ਮਰਦ ਦੇ ਬਰਾਬਰ ਖੜ੍ਹ ਸਕਦੀਆਂ ਹਨ। ਉਦਾਰਵਾਦੀ ਨਾਰੀਵਾਦ, ਨਾਰੀ ਨੂੰ ਕਾਨੂੰਨੀ ਤੇ ਆਰਥਿਕ ਸੁਰੱਖਿਆ ਦੇਣ ਵਿੱਚ ਨਾਰੀ ਮੁਕਤੀ ਮਹਿਸੂਸ ਕਰਦਾ ਹੈ।

### II. ਰੈਡੀਕਲ ਨਾਰੀਵਾਦ

ਰੈਡੀਕਲ ਨਾਰੀਵਾਦ ਦਾ ਸਮਾਂ ਦੂਜੇ ਵਿਸ਼ਵਯੁੱਧ ਤੋਂ ਬਾਅਦ 1960 ਤੋਂ 1970 ਦੇ ਦਹਾਕਿਆਂ ਵਿੱਚ ਫੈਲਿਆ ਹੋਇਆ ਹੈ। ਰੈਡੀਕਲ ਨਾਰੀਵਾਦੀ ਨਾਰੀ ਸ਼ੋਸ਼ਣ ਦੀਆਂ ਡੂੰਘੀਆਂ ਜੜ੍ਹਾਂ ਪਿੱਤਰਸੱਤਾ ਵਿੱਚ ਨਿਹਿਤ ਮੰਨਦੇ ਹਨ। ਰੈਡੀਕਲ ਨਾਰੀਵਾਦੀ ਸਿਧਾਂਤ ਦੇ ਉਪਜਣ ਵਿੱਚ ਤਿੰਨ ਪੁਸਤਕਾਂ ਨੇ ਅਹਿਮ ਭੂਮਿਕਾ ਨਿਭਾਈ ਜਿਹਨਾਂ ਵਿੱਚ ਸੀਮੋਨ-ਦ-ਬੋਵਾਰ ਦੀ ਪੁਸਤਕ 'ਦ ਸੈਕੰਡ ਸੈਕਸ', ਕੇਟ ਮਿਲਟ ਦੀ 'ਸੈਕਸੂਅਲ ਪੋਲਿਟਿਕਸ' ਅਤੇ ਸ਼ੁਲਾਮਿਥ ਫਾਇਰਸਟੋਨ ਦੀ ਪੁਸਤਕ 'ਦ ਡਾਇਲੈਕਟਿਕ ਆਫ਼ ਸੈਕਸ' ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਸੀਮੋਨ ਪਿੱਤਰਸੱਤਾਤਮਕ ਵਿਵਸਥਾ ਵਿੱਚ ਔਰਤ ਦੀ ਸਥਿਤੀ ਸੰਬੰਧੀ ਲਿਖਦੀ ਹੈ ਕਿ ਨਿੱਜੀ ਜਾਇਦਾਦ ਦੀ ਧਾਰਨਾ ਨੇ ਇਤਿਹਾਸਕ ਵਿਕਾਸ-ਕ੍ਰਮ ਵਿੱਚ ਸਮਾਜਿਕ ਪੱਧਰ 'ਤੇ ਔਰਤ ਨੂੰ ਲਗਾਤਾਰ ਹੀਨਤਾ ਦੀ ਸਥਿਤੀ ਵਿੱਚ ਪਹੁੰਚਾਇਆ ਹੈ। ਪਿੱਤਰ ਸੱਤਾ ਸਮਾਜ ਅਤੇ ਸੰਸਥਾਵਾਂ ਦੀ ਮੌਲਿਕ-ਸੰਰਚਨਾ ਵਿੱਚ ਨਿੱਜੀ ਜਾਇਦਾਦ ਦਾ ਮਾਲਕ ਸਿਰਫ਼ ਆਪਣੀ ਜਾਇਦਾਦ ਨੂੰ ਪਿਆਰ ਕਰਦਾ ਹੈ। ਸੁਆਮੀ ਚਾਹੁੰਦਾ ਹੈ ਕਿ ਉਸਦੀ ਜਾਇਦਾਦ ਉਸਦੀ ਮੌਤ ਤੋਂ ਬਾਅਦ ਉਸਦੀ ਹੀ ਆਤਮਾ ਦੇ ਅੰਸ਼ ਉਸਦੀ ਔਲਾਦ ਕੋਲ ਰਹੇ। ਉਹ ਆਪਣੀ ਸੱਤਾ ਅਤੇ ਜਾਇਦਾਦ ਦੇ ਵਾਧੇ ਤੇ ਸੁਰੱਖਿਆ ਲਈ ਪਿੱਤਰਾਂ ਦੀ ਪੂਜਾ ਕਰਦਾ ਹੈ। ਇਸ ਤਰ੍ਹਾਂ ਆਦਮੀ ਆਪਣੇ ਰੱਬ ਅਤੇ ਆਪਣੇ ਬੱਚਿਆਂ ਨੂੰ ਪਤਨੀ ਦੇ ਅਧਿਕਾਰ ਵਿੱਚ ਕਦੇ ਨਹੀਂ ਸੌਂਪਦਾ। ਸੱਚਾਈ ਇਹ ਹੈ ਕਿ ਪਿੱਤਰ ਸੱਤਾ ਤਾਕਤ ਨਾਲ ਆਦਮੀ ਨੇ ਔਰਤ ਦਾ ਹਰੇਕ ਅਧਿਕਾਰ ਖੋਹ ਲਿਆ ਹੈ।[36] ਸੀਮੋਨ ਵਿਆਹ ਸੰਸਥਾ ਨੂੰ ਮਰਦ ਪੱਖੀ ਅਤੇ ਔਰਤ ਵਿਰੋਧੀ ਸੰਸਥਾ ਦੇ ਰੂਪ ਵਿੱਚ ਦੇਖਦੀ ਹੋਈ ਆਪਣਾ ਵਿਚਾਰ ਦਿੰਦੀ ਹੈ ਕਿ ਪਰੰਪਰਾ ਨੇ ਵਿਆਹ ਨੂੰ ਔਰਤ ਦੀ ਹੋਣੀ ਮੰਨਿਆ ਹੈ। ਇਹ ਸੱਚ ਹੈ ਕਿ ਅੱਜ ਵੀ ਵਧੇਰੇ ਔਰਤਾਂ ਜਾਂ ਤਾਂ ਵਿਆਹੀਆਂ ਹਨ, ਜਾਂ ਕਦੇ ਵਿਆਹੀਆਂ ਸਨ ਜਾਂ ਦੁਬਾਰਾ ਵਿਆਹ ਦੀ ਯੋਜਨਾ ਬਣਾ ਰਹੀਆਂ

ਹਨ ਅਤੇ ਵਿਆਹ ਦੀ ਕਮੀ ਵਿੱਚ ਦੁਖੀ ਰਹਿੰਦੀਆਂ ਹਨ। ਆਦਮੀ ਦੇ ਜੀਵਨ ਵਿੱਚ ਵਿਆਹ ਦਾ ਅਰਥ ਸਿਰਫ਼ ਉਹ ਨਹੀਂ ਹੁੰਦਾ ਜੋ ਔਰਤਾਂ ਲਈ ਹੈ। ਔਰਤ ਅਤੇ ਮਰਦ ਇਕ ਦੂਜੇ ਲਈ ਜ਼ਰੂਰੀ ਹੁੰਦੇ ਹੋਏ ਵੀ ਬਰਾਬਰੀ ਪੱਧਰ 'ਤੇ ਇਕਮਿੱਕ ਨਹੀਂ ਹੁੰਦੇ ਕਿਉਂਕਿ ਔਰਤ ਜਾਤ ਨੇ ਕਦੇ ਬਰਾਬਰੀ ਦੇ ਪੱਧਰ 'ਤੇ ਮਰਦ ਜਾਤ ਨਾਲ ਕੋਈ ਬੰਧਨ ਤੇ ਅਦਲਾ ਬਦਲੀ ਕੀਤੀ ਹੀ ਨਹੀਂ। ਆਦਮੀ ਦੀ ਹੋਂਦ ਉਸਦੇ ਕੰਮਾਂ ਨਾਲ ਨਿਸ਼ਚਿਤ ਹੁੰਦੀ ਹੈ ਜਦੋਂ ਕਿ ਔਰਤ ਪ੍ਰਜਣਨ ਤੇ ਪਰਿਵਾਰ ਦੀ ਸੀਮਤ ਭੂਮਿਕਾ ਕਾਰਨ ਆਦਮੀ ਨਾਲ ਬਰਾਬਰੀ ਦੇ ਪੱਧਰ 'ਤੇ ਨਹੀਂ ਪਹੁੰਚਦੀ।[37]

ਸੀਮੋਨ ਦਾ ਵਿਚਾਰ ਹੈ ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਕਲਪਿਤ ਕਹਾਣੀਆਂ ਔਰਤ ਸੰਬੰਧੀ ਇਕ ਸਮੂਹਿਕ ਮਿੱਥ ਦੀ ਸਿਰਜਣਾ ਕਰਦੀਆਂ ਹਨ ਜੋ ਉਸਦੀ ਗੌਣ ਜਾਂ ਦੁਜੈਲੀ ਸਥਿਤੀ ਨੂੰ ਹੀ ਪੱਕਿਆਂ ਕਰਦੀਆਂ ਹਨ। ਸੀਮੋਨ 'ਸੈਕੰਡ ਸੈਕਸ' ਪੁਸਤਕ ਵਿੱਚ ਵਿਸ਼ਵ ਪ੍ਰਸਿੱਧ ਲੇਖਕਾਂ ਜਿਵੇਂ ਮਾਥਰਲਾਂਟ (Montherlant), ਡੀ.ਐੱਚ. ਲਾਰੰਸ (D.H. Lawrence), ਕਲਾਡਲ (Claudal), ਬਰੈਟਨ (Breton) ਅਤੇ ਸਟੈਂਡਹਾਲ (Standhal) ਦੀਆਂ ਲਿਖਤਾਂ ਦੇ ਅਧਿਐਨ ਰਾਹੀਂ ਇਹਨਾਂ ਲੇਖਕਾਂ ਦੀ ਸਿਰਜਣਾ ਵਿਚਲੀ ਪੈਤਰਿਕ ਦ੍ਰਿਸ਼ਟੀ ਨੂੰ ਪਛਾਣਦੀ ਹੈ। ਸੀਮੋਨ ਲਿਖਦੀ ਹੈ ਕਿ ਅੱਜ ਤੱਕ ਕਿਸੇ ਵੀ ਲੇਖਕ ਨੇ ਔਰਤ ਨੂੰ ਵਿਅਕਤੀ ਦੇ ਰੂਪ ਵਿੱਚ ਨਾ ਵੇਖ ਕੇ ਸਿਰਫ਼ ਇਕ 'ਗੌਣ' ਨਗਨ ਜੀਵ ਦੇ ਰੂਪ ਵਿੱਚ ਹੀ ਪੇਸ਼ ਕੀਤਾ।... ਹਰੇਕ ਲੇਖਕ ਆਪਣੀ-ਆਪਣੀ ਕਲਮ ਨਾਲ ਔਰਤ ਬਾਰੇ ਇਕ ਮਹਾਨ ਸਮੂਹਿਕ ਮਿੱਥ ਦੀ ਹੀ ਰਚਨਾ ਕਰ ਰਿਹਾ ਹੈ।[38] ਸਮੁੱਚੇ ਰੂਪ ਵਿੱਚ ਸੀਮੋਨ ਪਿੱਤਰਕੀ ਸਮਾਜਿਕ ਪ੍ਰਬੰਧ ਵਿੱਚ ਨਾਰੀ ਦੀ ਗੌਣ ਸਥਿਤੀ ਬਾਰੇ ਵਿਸਤ੍ਰਿਤ ਅਧਿਐਨ ਕਰਦੀ ਹੋਈ ਔਰਤ-ਮਰਦ ਸੰਬੰਧਾਂ ਵਿੱਚ ਬਰਾਬਰਤਾ ਨੂੰ ਕਾਇਮ ਕਰਨ 'ਤੇ ਜ਼ੋਰ ਦਿੰਦੀ ਹੈ।

ਰੈਡੀਕਲ ਨਾਰੀਵਾਦ ਵਿੱਚ ਕੇਟ ਮਿਲਟ ਦੀ ਪੁਸਤਕ 'ਸੈਕਸੂਅਲ ਪੋਲਿਟਿਕਸ' ਵਿਲੱਖਣ ਸਥਾਨ ਰੱਖਦੀ ਹੈ। ਇਸ ਪੁਸਤਕ ਵਿੱਚ ਮਿਲਟ ਲਿੰਗਕ ਪ੍ਰਭੁੱਤਾ/ਲਿੰਗਕ ਰਾਜਨੀਤੀ ਦਾ ਸੰਕਲਪ ਪੇਸ਼ ਕਰਦੀ ਹੈ। ਉਹ ਲਿੰਗਕ ਰਾਜਨੀਤੀ ਨੂੰ ਪਰਿਭਾਸ਼ਤ ਕਰਦੀ ਆਖਦੀ ਹੈ ਕਿ ਜਿਵੇਂ ਸ਼ਕਤੀ ਆਧਾਰਿਤ ਸੰਬੰਧਾਂ ਵਿੱਚ ਜਿੱਥੇ ਮਨੁੱਖ ਦੇ ਇਕ ਵਰਗ ਦਾ ਦੂਜੇ ਵਰਗ ਦੇ ਮਨੁੱਖਾਂ ਉੱਪਰ ਨਿਯੰਤਰਣ ਹੁੰਦਾ ਹੈ ਉਸੇ ਤਰ੍ਹਾਂ ਲਿੰਗਕ ਰਾਜਨੀਤੀ ਵਿੱਚ ਇਕ ਸੈਕਸ ਦੀ ਦੂਜੇ ਸੈਕਸ ਉੱਤੇ ਸੰਭਾਵੀ ਧੱਕੇਸ਼ਾਹੀ ਜਾਂ ਪ੍ਰਭੁੱਤਾ ਹੁੰਦੀ ਹੈ। ਠੀਕ ਉਸੇ ਤਰ੍ਹਾਂ ਜਿਵੇਂ ਨਸਲਵਾਦੀ ਰਾਜਨੀਤੀ ਵਿੱਚ ਇਕ ਨਸਲ ਦੇ ਲੋਕਾਂ ਨੂੰ ਸ਼ਕਤੀਸ਼ਾਲੀ ਨਸਲ ਜਾਂ ਜਮਾਤ ਦੀ ਅਧੀਨਤਾ ਸਵੀਕਾਰ ਕਰਨੀ ਪੈਂਦੀ ਹੈ। ਡਾ. ਬੇਅੰਤ ਕੌਰ ਲਿਖਦੀ ਹੈ, ਮਿਲਟ ਦੀ ਸਾਰੀ ਬਹਿਸ ਇਸ ਧਾਰਨਾ ਉੱਤੇ ਆਧਾਰਿਤ ਹੈ ਕਿ ਪਿੱਤਰਕੀ ਪ੍ਰਬੰਧ ਸਭ ਤੋਂ ਪਹਿਲਾਂ ਹੋਂਦ ਵਿੱਚ ਆਇਆ ਹੈ। ਇਸ ਲਈ ਧੱਕੇਸ਼ਾਹੀ ਦੀਆਂ

ਸਾਰੀਆਂ ਕੜੀਆਂ ਉਸ ਵਿੱਚ ਸ਼ਾਮਿਲ ਹਨ। ਪਿੱਤਰਕੀ ਪ੍ਰਬੰਧ ਅਤਿ ਸੂਖ਼ਮ ਢੰਗ ਨਾਲ ਨਾਰੀ ਦੇ ਅਹੰ ਨੂੰ ਚੋਟ ਮਾਰਦਾ ਹੈ। ਉਸ ਨਾਲ ਭੇਦਕ ਵਿਹਾਰ ਕੀਤਾ ਜਾਂਦਾ ਹੈ ਤੇ ਉਸਨੂੰ ਇਹ ਸਭ ਸਹਿਣਾ ਪੈਂਦਾ ਹੈ। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਨਾਰੀ ਅਲਪ ਸ਼੍ਰੇਣੀ ਨਾਲ ਸੰਬੰਧਿਤ ਹੈ। ਇਸ ਲਈ ਉਸਦੀ ਹੋਂਦ ਹਾਸ਼ੀਆਗਤ (marginalized) ਹੈ। ਪੁਰਖ ਪ੍ਰਭੁਤਾ ਨੂੰ ਸਥਾਪਿਤ ਕਰਨ ਲਈ ਪਿੱਤਰਕੀ ਪ੍ਰਬੰਧ ਨਾਰੀ ਨੂੰ ਛੁਟਿਆਉਂਦਾ ਹੈ। ਇਹ ਸਮਝਿਆ ਜਾਂਦਾ ਹੈ ਕਿ ਨਾਰੀ ਬੌਧਿਕ ਤੌਰ 'ਤੇ ਨੀਵੀਂ ਹੈ। ਉਹ ਵਿਵੇਕਸ਼ੀਲ ਨਹੀਂ ਸਗੋਂ ਜਜ਼ਬਾਤੀ, ਅਸੱਭਿਆ, ਵਧੇਰੇ ਸੰਵੇਦਨਸ਼ੀਲ, ਕਾਮੁਕ ਅਤੇ ਵਿਲਾਸਮਈ ਹੈ। ਪਿੱਤਰਕੀ ਪ੍ਰਬੰਧ ਵੱਲੋਂ ਨਾਰੀ ਨਾਲ ਜੋੜੀਆਂ ਗਈਆਂ ਇਹ ਸਾਰੀਆਂ ਧਾਰਨਾਵਾਂ ਨਾਰੀ ਨੂੰ ਗੁਪਤ ਸਮਝੌਤੇ ਵੱਲ ਧੱਕਦੀਆਂ ਹਨ।[39] ਮਿਲਟ ਇਸ ਪੁਸਤਕ ਵਿੱਚ ਲਿੰਗਕ ਰਾਜਨੀਤੀ ਦੁਆਰਾ ਪਾਠ ਦੀ ਇੱਕ ਨਵੀਂ ਵਿਆਖਿਆ ਪੇਸ਼ ਕਰਦੀ ਹੈ। ਉਸਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਸਾਹਿਤਕ ਰਚਨਾ ਪਾਠ ਵਿੱਚ ਵਰਣਿਤ ਇਸਤਰੀ-ਪੁਰਸ਼ ਦੇ ਰਿਸ਼ਤੇ ਇਕ ਵਿਸ਼ੇਸ਼ ਪ੍ਰਕਾਰ ਦੀ ਲਿੰਗ ਰਾਜਨੀਤੀ ਤੋਂ ਪ੍ਰੇਰਿਤ ਹੁੰਦੇ ਹਨ। ਕੋਈ ਵੀ ਰਚਨਾ ਇਸ ਲਿੰਗ ਰਾਜਨੀਤੀ ਤੋਂ ਬਚੀ ਨਹੀਂ ਹੁੰਦੀ। ਇੰਨਾ ਹੀ ਨਹੀਂ ਉਸ ਵਿੱਚ ਵਰਣਿਤ ਪੁਰਸ਼ ਨਾਰੀ ਦੇ ਸੰਬੰਧ, ਉਹਨਾਂ ਨੂੰ ਪ੍ਰਗਟਾਉਣ ਵਾਲੀਆਂ ਸੁਹਜ ਵਿਧੀਆਂ, ਮਾਨਸਿਕਤਾ ਲਿੰਗ ਰਾਜਨੀਤੀ ਨਾਲ ਜੁੜੀ ਹੋਈ ਹੁੰਦੀ ਹੈ। ਹਾਲਾਂਕਿ ਇਸ ਲਿੰਗ ਰਾਜਨੀਤੀ ਨੂੰ ਇੰਨੀ ਸਰਲਤਾ ਨਾਲ ਨਹੀਂ ਫੜਿਆ ਜਾ ਸਕਦਾ, ਲੇਕਿਨ ਫਿਰ ਵੀ ਨਾਰੀ ਵਿਮਰਸ਼ ਇਸ ਲਿੰਗ ਰਾਜਨੀਤੀ ਦੀ ਛਾਪ ਨੂੰ ਪਹਿਚਾਣ ਲੈਂਦਾ ਹੈ ਕਿ ਕਿਸ ਪ੍ਰਕਾਰ ਵੱਡੇ ਤੋਂ ਵੱਡਾ ਸੈਕੂਲਰ ਮਾਨਵਤਾਵਾਦੀ ਲੇਖਕ ਵੀ, ਭਲੇ ਹੀ ਉਹ ਨਾਰੀ ਦੇ ਪ੍ਰਤੀ ਕਿੰਨਾ ਵੀ ਆਦਰਸ਼ਵਾਦੀ, ਸ਼ਰਧਾਵਾਦੀ ਦ੍ਰਿਸ਼ਟੀਕੋਣ ਕਿਉਂ ਨਾ ਰੱਖਦਾ ਹੋਵੇ, ਉਹ ਪਿੱਤਰਕੀ ਰਾਜਨੀਤੀ ਨਾਲ ਗ੍ਰਸਤ ਹੁੰਦਾ ਹੈ।[40]

ਸ਼ੁਲਾਮਿਥ ਫਾਇਰਸਟੋਨ ਆਪਣੀ ਪੁਸਤਕ 'ਦ ਡਾਇਲੈਕਟਿਕ ਆਫ਼ ਸੈਕਸ' ਵਿੱਚ ਵਿਚਾਰ ਪੇਸ਼ ਕਰਦੀ ਹੈ ਕਿ ਔਰਤ ਨੂੰ ਸੁਤੰਤਰ ਕਰਵਾਉਣ ਦੇ ਲਈ ਸਾਨੂੰ ਪਿੱਤਰੀ-ਸੱਤਾ ਦੇ ਨਾਲ-ਨਾਲ ਜੀਵ ਵਿਗਿਆਨਕ ਪਰਿਵਾਰ ਨੂੰ ਵੀ ਖ਼ਤਮ ਕਰਨਾ ਪਵੇਗਾ। ਉਸਨੇ ਨਾਰੀ ਦੀ ਮਰਦ ਉੱਪਰ ਨਿਰਭਰਤਾ ਲਈ ਜੀਵ ਵਿਗਿਆਨਕ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ। ਉਹ ਪਰਿਵਾਰ ਦੀ ਪ੍ਰਥਾ ਨੂੰ ਖ਼ਤਮ ਕਰਨ ਦਾ ਸੁਝਾਅ ਪੇਸ਼ ਕਰਦੀ ਹੈ। ਉਸਨੇ ਅਜਿਹੇ ਭਵਿੱਖ ਲਈ ਦਲੀਲ ਦਿੱਤੀ ਜਿੱਥੇ ਔਰਤਾਂ ਨੂੰ ਬੱਚੇ ਦੇ ਜਨਮ ਤੋਂ ਮੁਕਤ ਕਰਕੇ ਅਤੇ ਮਰਦ ਤੇ ਔਰਤ ਦੋਵਾਂ ਨੂੰ ਪੁਰਸ਼ ਪ੍ਰਧਾਨ ਪਰਿਵਾਰ ਤੋਂ ਆਜ਼ਾਦ ਕਰਵਾ ਕੇ ਲਿੰਗਵਾਦ ਨੂੰ ਖ਼ਤਮ ਕਰਨ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਉਹ ਨਾਰੀ ਆਜ਼ਾਦੀ ਲਈ ਮਸਨੂਈ ਪੁਨਰ-ਉਤਪਾਦਨ ਸਾਧਨਾਂ ਦੀ ਗੱਲ ਕਰਦੀ ਹੈ। ਉਹ ਪ੍ਰੰਪਰਾਗਤ ਮਰਦ ਪ੍ਰਧਾਨ ਸਮਾਜਿਕ ਢਾਂਚੇ ਨੂੰ ਬਦਲ ਦੇਣ 'ਤੇ ਜ਼ੋਰ ਦਿੰਦੀ ਹੈ। ਰੈਡੀਕਲ ਨਾਰੀਵਾਦੀ ਚਿੰਤਕ ਜਰਮਨ ਗਰੀਅਰ (Germaine Greer) ਆਪਣੀ

ਪੁਸਤਕ 'ਦ ਫੀਮੇਲ ਯੂਨਕ' (The Female Eunuch) ਵਿੱਚ ਇਹ ਵਿਚਾਰ ਦਿੰਦੀ ਹੈ ਕਿ ਨਾਰੀ ਨੂੰ ਖੁਸਰਾ ਬਣਾਉਣ ਦਾ ਕੰਮ ਪੰਘੂੜੇ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਲੜਕੀ ਉੱਪਰ ਲੜਕੇ ਨਾਲੋਂ ਵਧੇਰੇ ਪਾਬੰਦੀਆਂ ਲਗਾਈਆਂ ਜਾਂਦੀਆਂ ਹਨ। ਉਸਦੀ ਪੌਸ਼ਾਕ, ਹਰਕਤਾਂ, ਵਿਵਹਾਰ ਉੱਪਰ ਲੱਗੀਆਂ ਪਾਬੰਦੀਆਂ ਲੜਕਿਆਂ ਨਾਲੋਂ ਵੱਖਰਾ ਤੇ ਛੋਟਾ ਸਿੱਧ ਕਰਦੀਆਂ ਹਨ। ਉਸਦਾ ਮੱਤ ਹੈ ਕਿ ਨਾਰੀ ਦੀ ਆਜ਼ਾਦੀ ਦੇ ਹੱਕ ਵਿੱਚ Nuclear ਪਰਿਵਾਰ ਖ਼ਤਮ ਕਰ ਦੇਣੇ ਚਾਹੀਦੇ ਹਨ। ਇਹ ਮਰਦ ਹੀ ਹੈ ਜੋ ਨਹੀਂ ਚਾਹੁੰਦਾ ਕਿ ਪਰਿਵਾਰ ਖ਼ਤਮ ਹੋਵੇ ਕਿਉਂਕਿ ਉਸ ਲਈ ਇਹ ਨਿੱਜੀ ਸੰਪੱਤੀ ਦੇ ਜਾਇਜ਼ ਵਾਰਿਸ ਪੈਦਾ ਕਰਨ ਦਾ ਸਾਧਨ ਹੈ। ਗਰੀਅਰ ਅਨੁਸਾਰ, ਹੁਣ ਅਸੀਂ ਇਹ ਨਹੀਂ ਵੇਖ ਸਕਦੇ ਕਿ ਨਾਰੀ ਨੂੰ ਅੰਤਿਮ ਰੂਪ ਵਿੱਚ ਕੀ ਚਾਹੀਦਾ ਹੈ? ਅਤੇ ਕੀ ਅੰਤਿਮ ਯੋਜਨਾ ਨਹੀਂ ਬਣਾਈ ਜਾ ਸਕਦੀ? ਪਰ ਨਾਰੀ ਦਾ ਪਹਿਲਾ ਕੰਮ ਇਹ ਹੈ ਕਿ ਆਪਣੇ ਵਿਦਰੋਹ ਦਾ ਸਾਧਨ ਲੱਭੇ। ਇਸ ਲਈ ਆਪਣੇ ਆਪ ਨੂੰ ਪੜਤਾਲੇ ਤੇ ਪਛਾਣੇ ਕਿ ਉਹ ਬਨਾਵਟੀ ਕਿਵੇਂ ਬਣਾਈ ਗਈ ਹੈ? ਅਤੇ ਉਸਦੀ ਅਸਲੀ ਪ੍ਰਕ੍ਰਿਤੀ ਕੀ ਹੈ?[41]

ਰੈਡੀਕਲ ਨਾਰੀਵਾਦੀ ਇਵਾ ਫਿਗਸ (Eva Figes) ਵੀ ਆਪਣੀ ਪੁਸਤਕ 'ਪੈਟਰੀਆਰਕਲ ਐਟੀਟਿਊਡਸ' (Patriarchal Attitudes) 1970 ਵਿੱਚ ਬੱਚਿਆਂ ਦੀ ਜ਼ਿੰਮੇਵਾਰੀ ਰਾਜ ਨੂੰ ਦੇ ਕੇ ਨਾਰੀ ਨੂੰ ਵਿਆਹ ਤੋਂ ਮੁਕਤ ਕਰਨ ਦਾ ਮੁੱਦਾ ਉਠਾਉਂਦੀ ਹੈ। ਉਸਦਾ ਮੱਤ ਹੈ ਕਿ ਨਾਰੀ ਦੇ ਦੁਜੈਲੇ ਲਿੰਗਕ ਅੰਤਰਾਂ ਦਾ ਕਾਰਨ ਬੱਚਿਆਂ ਦਾ ਪਾਲਣ-ਪੋਸ਼ਣ ਹੈ, ਜੋ ਕੁਦਰਤੀ ਨਹੀਂ। ਮਾਰਗਰੇਟ ਸੇਂਗਰ (Margaret Sanger) ਅਨੁਸਾਰ ਕੋਈ ਵੀ ਨਾਰੀ ਆਪਣੇ ਆਪ ਨੂੰ ਉਦੋਂ ਤੱਕ ਸੁਤੰਤਰ ਨਹੀਂ ਅਖਵਾ ਸਕਦੀ, ਜਦੋਂ ਤੱਕ ਉਸਦਾ ਆਪਣੇ ਉੱਪਰ ਅਤੇ ਆਪਣੇ ਸਰੀਰ ਉੱਪਰ ਪੂਰਾ ਨਿਯੰਤਰਣ ਨਹੀਂ, ਜਦੋਂ ਤੱਕ ਉਹ ਸੁਤੰਤਰ ਰੂਪ ਵਿੱਚ ਚੁਣਾਵ ਕਰਨ ਦੇ ਸਮਰੱਥ ਨਹੀਂ। ਨਾਰੀ ਆਪਣੇ ਉੱਪਰ ਲੱਗੀਆਂ ਹੋਰ ਪਾਬੰਦੀਆਂ ਤੋਂ ਬਿਨਾਂ ਮਾਂ ਬਣਨ ਦੇ ਇਸ ਕੁਦਰਤੀ ਫਰਜ ਕਾਰਣ ਹਾਲੇ ਵੀ ਗ਼ੁਲਾਮੀ ਦੀ ਜ਼ਿੰਦਗੀ ਜਿਉਂ ਰਹੀ ਹੈ। ਸੰਤਾਨ ਸੰਜਮ ਦੀਆਂ ਤਕਨੀਕਾਂ ਦੇ ਵਿਕਸਿਤ ਹੋਣ ਤੋਂ ਪਹਿਲਾਂ ਨਾਰੀ ਦਾ ਆਪਣੇ ਸਰੀਰ ਤੇ ਵੀ ਕੋਈ ਨਿਯੰਤਰਣ ਨਹੀਂ ਸੀ। ਬੱਚੇ ਪੈਦਾ ਕਰਨਾ ਉਸਦੀ ਆਪਣੀ ਇੱਛਾ ਹੋਣ ਦੀ ਥਾਂ ਕਿਸੇ ਹੋਰ ਦੀ ਇੱਛਾ ਪੂਰੀ ਕਰਨਾ ਵੀ ਹੋ ਸਕਦਾ ਹੈ ਅਤੇ ਪੁਰਸ਼ ਉਸਨੂੰ ਸੰਤਾਨ ਪੈਦਾ ਕਰਨ ਵਾਲੀ ਫੈਕਟਰੀ ਜਾਂ ਜ਼ਮੀਨ ਸਮਝਦਾ ਹੈ।[42]

ਮੇਰੀ ਡਾਲੀ (Mary Daly) ਪ੍ਰਸਿੱਧ ਅਮਰੀਕੀ ਰੈਡੀਕਲ ਨਾਰੀਵਾਦੀ ਸੀ। ਉਹ ਦਰਸ਼ਨ, ਅਧਿਆਪਨ ਅਤੇ ਨੀਤੀ-ਸ਼ਾਸਤਰ ਦੀ ਵਿਸ਼ੇਸ਼ਗ ਸੀ। ਉਹ ਖ਼ੁਦ ਨੂੰ 'ਰੈਡੀਕਲ ਲੈਸਬੀਅਨ ਨਾਰੀਵਾਦੀ' ਘੋਸ਼ਿਤ ਕਰਦੀ ਸੀ। ਮੇਰੀ ਡਾਲੀ ਆਪਣੀ ਕਿਤਾਬ 'ਬੀਓਂਡ ਗਾਡ ਦ ਫਾਦਰ' (Beyond God the Father) 1973 ਵਿੱਚ ਪੱਛਮੀ ਧਾਰਮਿਕਤਾ ਵਿੱਚ ਪ੍ਰਚਲਿਤ ਪੁਰਸ਼ਵਾਦੀ ਰਵੱਈਏ ਦੀਆਂ ਪਰਤਾਂ ਨੂੰ

ਵਿਅੰਗਾਤਮਿਕ ਸ਼ੈਲੀ ਰਾਹੀਂ ਖੋਲਦੀ ਹੈ। ਆਪਣੀ ਅਗਲੀ ਪੁਸਤਕ 'ਗਾਇਨ-ਇਕੋਲੋਜੀ:ਦ ਮੈਟਾਏਥਿਕਸ ਆਫ਼ ਰੈਡੀਕਲ ਫੈਮੀਨਿਜ਼ਮ' (Gyn-Ecology:The Metaethics of Radical Feminism) 1978 ਵਿੱਚ ਲਿੰਗ ਪਰਿਵਰਤਨ ਬਾਰੇ ਨਕਾਰਾਤਮਕ ਵਿਚਾਰ ਪ੍ਰਗਟ ਕਰਦੀ ਹੈ ਉਸਦੇ ਵਿਚਾਰ ਵਿੱਚ ਲਿੰਗ ਪਰਿਵਰਤਨ ਕਰਨ ਵਾਲੇ ਚਿਕਿਤਸਕ ਜਾਂ ਹਾਰਮੋਨ ਥੇਰੇਪਿਸਟ ਇਸਤਰੀ ਲਿੰਗ ਕਰਨ ਵਾਲੇ ਨਿਰਮਾਣ ਤਾਂ ਕਰ ਸਕਦੇ ਹਨ, ਪਰੰਤੂ ਉਹ ਇਸਤਰੀਆਂ ਦਾ ਨਿਰਮਾਣ ਨਹੀਂ ਕਰ ਸਕਦੇ।[43]

ਇਸ ਪ੍ਰਕਾਰ ਰੈਡੀਕਲ ਨਾਰੀਵਾਦੀ ਨਾਰੀ ਦੀ ਹਾਸ਼ੀਆਗਤ ਅਤੇ ਦੁਜੈਲੀ ਸਥਿਤੀ ਦਾ ਕਾਰਨ ਪਿੱਤਰਸੱਤਾ ਅਤੇ ਮਰਦਸੱਤਾ ਨੂੰ ਮੰਨਦੇ ਹਾਂ। ਇਹ ਪਿੱਤਰਸੱਤਾ ਹੀ ਹੈ ਜੋ ਵਿਆਹ ਅਤੇ ਪਰਿਵਾਰ ਜਿਹੀਆਂ ਪਿੱਤਰ-ਸੱਤਾਤਮਕ ਸੰਸਥਾਵਾਂ ਰਾਹੀਂ ਔਰਤ ਨੂੰ ਗ਼ੁਲਾਮ ਬਣਾਉਂਦੀ ਹੈ। ਰੈਡੀਕਲ ਨਾਰੀਵਾਦੀਆਂ ਦਾ ਮੰਨਣਾ ਹੈ ਕਿ ਪਰਿਵਾਰ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਦੇ ਖ਼ਾਤਮੇ ਤੋਂ ਬਿਨਾਂ ਨਾਰੀ ਪੂਰਨ ਆਜ਼ਾਦੀ ਹਾਸਿਲ ਨਹੀਂ ਕਰ ਸਕਦੀ। ਨਾਰੀ ਦੇ ਸ਼ੋਸ਼ਣ ਦਾ ਕਾਰਨ ਕੇਵਲ ਆਰਥਿਕ ਨਾ ਹੋ ਕੇ ਸਰੀਰਕ ਅਤੇ ਮਾਨਸਿਕ ਪਹਿਲੂ ਨਾਲ ਵੀ ਗਹਿਰਾ ਸੰਬੰਧ ਰੱਖਦਾ ਹੈ। ਰੈਡੀਕਲ ਨਾਰੀਵਾਦੀ ਨਾਰੀ ਨੂੰ 'ਆਪਣੀ ਦੇਹ ਉੱਤੇ ਆਪਣਾ ਅਧਿਕਾਰ' ਦੇਣ ਦਾ ਸਮਰਥਨ ਕਰਦੇ ਹਨ। ਅਣਚਾਹਿਆ ਗਰਭ, ਗਰਭਪਾਤ, ਪ੍ਰਜਣਨ, ਪਰਿਵਾਰ ਨਿਯੋਜਨ ਆਦਿ ਵਿੱਚ ਫੈਸਲਾ ਕਰਨ ਦਾ ਅਧਿਕਾਰ ਨਾਰੀ ਕੋਲ ਹੋਵੇ। ਰੈਡੀਕਲ ਨਾਰੀਵਾਦੀ ਪੁਰਸ਼ ਪ੍ਰਭੁਤਾ ਵਾਲੇ ਪ੍ਰੰਪਰਕ ਪਿੱਤਰੀ ਸਮਾਜਿਕ ਢਾਂਚੇ ਨੂੰ ਸਮਾਪਤ ਕਰਨ ਅਤੇ ਨਾਰੀ ਦੇ ਸੁਤੰਤਰ ਵਿਅਕਤਿਤਵ ਨੂੰ ਵਿਕਸਤ ਕਰਨ ਲਈ ਹਰੇਕ ਖੇਤਰ ਵਿੱਚ ਉਹਨਾਂ ਨੂੰ ਪੂਰਨ ਸੁਤੰਤਰਤਾ ਦੇਣ ਦੀ ਪੁਰਜ਼ੋਰ ਹਮਾਇਤ ਕਰਦੇ ਹਨ।

ਰੈਡੀਕਲ ਨਾਰੀਵਾਦ ਨੇ ਜਿਹੜਾ ਤੀਬਰ ਪ੍ਰਤੀਕਰਮ ਦਿਖਾਇਆ ਉਸ ਤੋਂ ਲੈਸਬੀਅਨ ਰੁਝਾਨ ਦਾ ਜਨਮ ਹੋਇਆ। ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਵਿੱਚ ਇਹ ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਵਿੱਚ ਸ਼ੁਰੂ ਹੋ ਕੇ ਪੂਰੀ ਦੁਨੀਆਂ ਵਿੱਚ ਫੈਲ ਗਿਆ। ਚਾਰਲੋਟ ਬੁੰਚ (Charlotte Bunch) ਆਦੇਰੇ ਲੋਰਡ (Audre Lorde) ਮਰਲਿਨ ਫਰਾਇ (Marilyn Frye) ਸ਼ੀਲਾ ਜੈਫ਼ਰੀ (Sheila Jeffrey) ਬਾਰਬਰਾ ਸਮਿਥ (Barbara Smith) ਪੈਟ ਪਾਰਕਰ (Pat Parker), ਮੋਨੀਕ ਵਿਟੀਗ (Monique Witig) ਇਸ ਦੀਆਂ ਸਮਰਥਕ ਰਹੀਆਂ ਹਨ। ਲੈਸਬੀਅਨ ਨਾਰੀਵਾਦੀਆਂ ਨੇ ਨਾਰੀ ਨੂੰ ਪੁਰਸ਼ ਪ੍ਰਭੂਸੱਤਾ ਅਤੇ ਵਿਰੋਧੀ ਲਿੰਗਕਤਾ ਤੋਂ ਮੁਕਤ ਕਰਨ ਦਾ ਇਕ ਤਰੀਕਾ ਪੇਸ਼ ਕੀਤਾ। ਉਹਨਾਂ ਨੇ ਪੁਰਸ਼ ਦੇ ਵਿਸ਼ੇਸ਼ ਅਧਿਕਾਰਾਂ ਨੂੰ ਚੁਣੌਤੀ ਦਿੰਦੇ ਹੋਏ ਪੁਰਸ਼ ਦੀ ਸ਼੍ਰੇਸਟਤਾ ਅਤੇ ਨਾਰੀ ਹੀਣਤਾ ਦੀਆਂ ਧਾਰਣਾਵਾਂ ਨੂੰ ਖਾਰਜ ਕਰ ਦਿੱਤਾ। ਚਾਰਲੋਟ ਬੁੰਚ ਦਾ ਕਥਨ ਹੈ :

> ਜਦੋਂ ਤਕ ਇਸਤਰੀਆਂ ਵਿਖਮਲਿੰਗਕਤਾ (Hetrosexual) ਦੇ ਅੰਤਰਗਤ ਫਾਇਦੇ ਅਧਿਕਾਰਾਂ ਅਤੇ ਸੁਰੱਖਿਆ ਦਾ ਲਾਭ ਉਠਾਉਂਦੀਆਂ ਰਹਿਣਗੀਆਂ, ਉਹ ਹੋਰਾਂ ਇਸਤਰੀਆਂ ਨਾਲ ਵਿਸ਼ਵਾਸਘਾਤ ਕਰ ਰਹੀਆਂ ਹੋਣਗੀਆਂ।[44]

ਬੁੰਚ ਦੇ ਵਿਚਾਰ ਵਿੱਚ ਪੁਰਸ਼ ਦੇ ਨਾਲ ਕਿਸੇ ਪ੍ਰਕਾਰ ਦਾ ਸੰਬੰਧ ਬਣਾਉਟੀ (Hypocrisy) ਤਾਂ ਹੈ ਹੀ ਘਾਤਕ ਵੀ ਹੈ। ਇਸ ਲਈ ਉਹ ਇਸਤਰੀਆਂ ਜੋ ਸਮਲਿੰਗਕ ਯੌਨ ਸੰਬੰਧ ਸਥਾਪਿਤ ਕਰਦੀਆਂ ਹਨ ਉਹ ਹਰ ਪ੍ਰਕਾਰ ਦੇ ਵਿਖਮ-ਲਿੰਗੀ ਅਤੇ ਦੋਲਿੰਗੀ ਇਸਤਰੀਆਂ ਨਾਲੋਂ ਬੇਹਤਰ ਹਨ। ਜੇਕਰ ਇਸਤਰੀ ਆਪਣੇ ਅਸਤਿਤਵ ਨੂੰ ਸੁਰੱਖਿਅਤ ਰੱਖਣਾ ਚਾਹੁੰਦੀ ਹੈ ਅਤੇ ਪੁਰਸ਼ ਸੱਤਾ ਨੂੰ ਸਮਾਪਤ ਕਰਨਾ ਚਾਹੁੰਦੀ ਹੈ ਤਾਂ ਉਸਨੂੰ ਸਮਲਿੰਗਕ ਹੋਣਾ ਹੀ ਪਵੇਗਾ।[45] 1965 ਵਿੱਚ ਮਾਰਗਰੇਟ ਮੀਡ (Margaret Mead) ਨੇ ਆਪਣੀ ਪੁਸਤਕ ਵਿੱਚ ਇਸ ਧਾਰਣਾ ਨੂੰ ਮਜ਼ਬੂਤ ਕੀਤਾ ਕਿ ਇਹ ਸੰਸਕ੍ਰਿਤਕ ਸਮਾਜਿਕ ਸੰਰਚਨਾਵਾਂ ਨਾਰੀ ਦਮਨ ਦਾ ਕਾਰਣ ਹਨ। ਆਪਣੇ ਵੱਖ-ਵੱਖ ਲੇਖਾਂ ਵਿੱਚ ਮਾਰਥਾ ਸ਼ੈਲੀ (Martha Shelley) ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੈਸਬੀਅਨ ਨੂੰ ਸੁਤੰਤਰ ਔਰਤਾਂ ਦੇ ਨਮੂਨੇ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਲੈਸਬੀਅਨਵਾਦ ਸੱਚਮੁੱਚ ਔਰਤਾਂ ਦੀ ਮੁਕਤੀ ਲਹਿਰ ਦਾ ਦਿਲ ਹੈ। ਮਰਦ ਜਾਤੀ ਦੇ ਅੱਤਿਆਚਾਰ ਨੂੰ ਦੂਰ ਕਰਨ ਲਈ ਔਰਤਾਂ ਨੂੰ ਇਕਜੁੱਟ ਹੋਣਾ ਚਾਹੀਦਾ ਹੈ- "ਸਾਨੂੰ ਆਪਣੇ ਆਪ ਨੂੰ ਅਤੇ ਇਕ ਦੂਜੇ ਨੂੰ ਪਿਆਰ ਕਰਨਾ ਸਿੱਖਣਾ ਚਾਹੀਦਾ ਹੈ। ਸਾਨੂੰ ਮਰਦਾਂ ਤੋਂ ਮਜ਼ਬੂਤ ਅਤੇ ਸੁਤੰਤਰ ਬਣਨਾ ਚਾਹੀਦਾ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਤਾਕਤ ਦੀ ਸਥਿਤੀ ਨਾਲ ਨਜਿੱਠ ਸਕੀਏ।"[46]

ਇਸ ਪ੍ਰਕਾਰ ਲੈਸਬੀਅਨ ਨਾਰੀਵਾਦੀ ਪ੍ਰਚਲਿਤ ਵਿਆਹ ਸੰਸਥਾ ਨੂੰ ਔਰਤ ਦੇ ਸ਼ੋਸ਼ਣ ਦਾ ਸਾਧਨ ਮੰਨਦੇ ਹਨ। ਇਸ ਪ੍ਰਣਾਲੀ ਦੇ ਅੰਤਰਗਤ ਔਰਤ ਨੂੰ ਆਪਣਾ ਸਰੀਰ ਵੇਚਣਾ ਪੈਂਦਾ ਹੈ ਜਾਂ ਸਮਰਪਿਤ ਕਰਨਾ ਪੈਂਦਾ ਹੈ ਜਿਸਦੇ ਕਾਰਣ ਉਹ ਕਮਜ਼ੋਰ ਹੋ ਜਾਂਦੀ ਹੈ। ਇਸ ਲਈ ਪੁਰਸ਼ ਤੋਂ ਸੁਤੰਤਰਤਾ ਦੇ ਬਗੈਰ ਨਾਰੀਵਾਦ ਦੀ ਸਫਲਤਾ ਸੰਭਵ ਨਹੀਂ, ਜੇਕਰ ਨਾਰੀਵਾਦ ਨੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨਾ ਹੈ ਤਾਂ ਉਸਨੂੰ ਸਮਲਿੰਗਕਤਾ ਨੂੰ ਆਪਣੇ ਏਜੰਡੇ ਵਿੱਚ ਸ਼ਾਮਿਲ ਕਰਨਾ ਹੀ ਹੋਵੇਗਾ। ਇਹ ਚਿੰਤਨ ਸਮਲਿੰਗਕਤਾ ਨੂੰ ਅਪ੍ਰਾਕ੍ਰਿਤਕ ਨਹੀਂ ਮੰਨਦਾ। ਇਹ ਉਸ ਸੋਚ ਨੂੰ ਅਸਵੀਕਾਰ ਕਰਦਾ ਹੈ ਕਿ ਕੇਵਲ ਇਸਤਰੀ-ਪੁਰਸ਼ ਯੌਨ ਸੰਬੰਧ ਹੀ ਪ੍ਰਾਕ੍ਰਿਤਕ ਹੈ। ਉਹਨਾਂ ਦੇ ਅਨੁਸਾਰ ਇਹ ਸੋਚ ਸੰਸਕ੍ਰਿਤਕ ਸੰਰਚਨਾ ਹੈ।

**III. ਮਾਰਕਸਵਾਦੀ ਅਤੇ ਸਮਾਜਵਾਦੀ ਨਾਰੀਵਾਦ**

ਮਾਰਕਸਵਾਦੀ ਚਿੰਤਨ ਦਾ ਆਰੰਭ ਕਾਰਲ ਮਾਰਕਸ ਦੇ ਦੁਆਰਾ ਹੋਇਆ। ਮਾਰਕਸ ਉਹ ਪਹਿਲਾ ਦਾਰਸ਼ਨਿਕ ਹੈ, ਜਿਸਨੇ ਆਰਥਿਕ, ਸਮਾਜਿਕ ਘਟਨਾਵਾਂ ਦਾ ਅਧਿਐਨ ਵਿਗਿਆਨਕ ਦ੍ਰਿਸ਼ਟੀ ਤੋਂ ਕੀਤਾ।

ਮਾਰਕਸ ਅਤੇ ਏਂਗਲਜ਼ ਨੇ 19ਵੀਂ ਸਦੀ ਦੇ ਅੱਧ ਵਿੱਚ ਇਤਿਹਾਸਕ ਭੌਤਿਕਵਾਦ ਦੇ ਦ੍ਰਿਸ਼ਟੀਕੋਣ ਤੋਂ ਨਾਰੀ ਸ਼ੋਸ਼ਣ ਨੂੰ ਸਮੱਗਰ ਮਾਨਵ-ਇਤਿਹਾਸ ਅਤੇ ਵਰਗ ਸਮਾਜ ਦੇ ਸਮੱਗਰ ਇਤਿਹਾਸ ਨਾਲ ਜੋੜ ਕੇ ਦੇਖਦਿਆਂ ਹੋਇਆ, ਉਸਦੇ ਆਰਥਿਕ ਆਧਾਰਾਂ ਨੂੰ ਦਰਸਾਇਆ ਅਤੇ ਪੂਰੇ ਸਮਾਜ ਦੀ ਵਿਕਾਸ ਯਾਤਰਾ ਨਾਲ ਇਸਦੇ ਅੰਤਰਸੰਬੰਧਾਂ ਦੀ ਤਰਕਸੰਗਤ ਵਿਆਖਿਆ ਕੀਤੀ। ਮਾਰਕਸਵਾਦ ਨੇ ਸਮਾਜ ਦੇ ਦੋ ਵਰਗ ਪ੍ਰਵਾਨ ਕੀਤੇ: ਸ਼ੋਸ਼ਕ ਅਤੇ ਸ਼ੋਸ਼ਿਤ ਵਰਗ। ਸਮਾਜ ਵਿੱਚ ਇਕ ਅਜਿਹਾ ਵਰਗ ਹੈ ਜਿਸਦਾ ਉਤਪਾਦਨ ਦੇ ਸਾਧਨਾਂ ਤੇ ਕਬਜ਼ਾ ਹੈ ਅਤੇ ਦੂਸਰਾ ਵਰਗ ਉਹ ਹੈ ਜੋ ਮਿਹਨਤ ਕਰਦਾ ਹੈ ਪ੍ਰੰਤੂ ਉਸਨੂੰ ਉਸਦੀ ਬਣਦੀ ਮਜ਼ਦੂਰੀ ਵੀ ਨਹੀਂ ਮਿਲਦੀ। ਮਾਰਕਸ ਨਾਰੀ ਨੂੰ ਸ਼ੋਸ਼ਿਤ ਵਰਗ ਨਾਲ ਸੰਬੰਧਿਤ ਕਰਦਾ ਹੈ। ਉਸਦੀ ਧਾਰਣਾ ਅਨੁਸਾਰ ਵਰਗ ਆਧਾਰਿਤ ਸਮਾਜਿਕ ਸੰਰਚਨਾ ਵਿੱਚ ਵਿਅਕਤੀ ਉਤਪੀੜਤ ਹੀ ਰਹਿ ਸਕਦਾ ਹੈ। ਇਸਤਰੀ ਦਾ ਦੂਜਾ ਸਥਾਨ ਜੈਵਿਕ ਨਹੀਂ ਹੈ, ਸਮਾਜਿਕ ਹੈ। ਵਰਗ ਆਧਾਰਿਤ ਸਮਾਜ ਦੀ ਪਰਿਵਾਰਕ ਸੰਸਥਾ ਇਸਤਰੀ ਦੀਆਂ ਸੇਵਾਵਾਂ ਨੂੰ ਨਜ਼ਰਅੰਦਾਜ਼ ਕਰਦੀ ਹੈ। ਇਸ ਲਈ ਪਹਿਲਾ ਵਰਗ ਆਧਾਰਿਤ ਸਮਾਜਿਕ ਵਿਵਸਥਾ ਨੂੰ ਖ਼ਤਮ ਕਰਨਾ ਹੋਵੇਗਾ। ਉਮੀਦ ਹੈ ਕਿ ਉਸਦੇ ਬਾਅਦ ਦੀ ਵਿਵਸਥਾ ਵਿੱਚ ਸ਼ੋਸ਼ਣ ਦਾ ਕੋਈ ਵਿਸ਼ੇਸ਼ ਕਾਰਨ ਨਹੀਂ ਹੋਵੇਗਾ।[47] ਮਾਰਕਸ ਨੇ ਨਾਰੀ ਨੂੰ ਕੇਂਦਰ ਵਿੱਚ ਰੱਖ ਕੇ ਚਿੰਤਨ ਨਹੀਂ ਕੀਤਾ ਕਿਉਂਕਿ ਉਹ ਸਮੁੱਚੇ ਸਮਾਜ ਨੂੰ ਸ਼ੋਸ਼ਣ ਮੁਕਤ ਕਰਨ ਦੇ ਪੱਖ ਵਿੱਚ ਸੀ ਪਰ ਉਸ ਦਾ ਮੰਨਣਾ ਸੀ ਕਿ ਸਮਾਜਵਾਦ ਮਰਦਾਂ ਦੇ ਨਾਲ-ਨਾਲ ਨਾਰੀ ਦੀ ਆਜ਼ਾਦੀ ਦਾ ਵੀ ਰਾਹ ਖੋਲ੍ਹ ਦੇਵੇਗਾ।

ਮਾਰਕਸਵਾਦੀ ਨਾਰੀਵਾਦ ਵਿੱਚ ਫਰੈਡਰਿਕ ਏਂਗਲਜ਼ ਦੇ ਵਿਚਾਰਾਂ ਨੇ ਅਹਿਮ ਭੂਮਿਕਾ ਨਿਭਾਈ। ਉਸਨੇ ਆਪਣੀ ਪੁਸਤਕ 'ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦਾ ਮੁੱਢ' (The Origin of the Family, Private Property and the State) 1884 ਵਿੱਚ ਨਾਰੀ ਸਥਿਤੀ ਦਾ ਗੰਭੀਰ ਅਧਿਐਨ ਪੇਸ਼ ਕੀਤਾ। ਏਂਗਲਜ਼ ਅਨੁਸਾਰ ਇਤਿਹਾਸ ਦੀ ਭੌਤਿਕਵਾਦੀ ਵਿਆਖਿਆ ਵਿੱਚ ਨਿਰਣਾਇਕ ਤੱਤ ਉਤਪਾਦਨ ਤੇ ਪੁਨਰ ਉਤਪਾਦਨ ਹਨ। ਇਨ੍ਹਾਂ ਦੋਵਾਂ ਤਰ੍ਹਾਂ ਦੀ ਉਤਪਾਦਨ ਸ਼ਕਤੀ ਨੇ ਵਿਸ਼ੇਸ਼ ਇਤਿਹਾਸਕ ਯੁੱਗ ਵਿੱਚ ਇਤਿਹਾਸਕ ਸੰਸਥਾਵਾਂ ਦਾ ਨਿਰਧਾਰਨ ਕੀਤਾ। ਨਿੱਜੀ ਸੰਪੱਤੀ ਦੇ ਉਦਭਵ ਦੇ ਕਾਰਨ ਪਹਿਲਾਂ ਪਰਿਵਾਰ ਵਿੱਚ ਨਾਰੀ ਦੀ ਅਧੀਨਗੀ ਦੀ ਸਥਿਤੀ ਬਣੀ, ਨਾਲ ਹੀ ਗ਼ੁਲਾਮ ਵਰਗ ਦੀ ਗ਼ੁਲਾਮੀ ਨਿਰਧਾਰਿਤ ਹੋਈ। ਜਦੋਂ ਸਮਾਜ ਵਿੱਚ ਨਿੱਜੀ ਸੰਪੱਤੀ ਦਾ ਖ਼ਾਤਮਾ ਹੋ ਜਾਏਗਾ ਤਾਂ ਦੋਵੇਂ ਤਰ੍ਹਾਂ ਦੀਆਂ ਗ਼ੁਲਾਮੀਆਂ ਦਾ ਅੰਤ ਹੋ ਜਾਵੇਗਾ। ਏਂਗਲਜ਼ ਦੇ ਸ਼ਬਦਾਂ ਵਿੱਚ ਮਾਤਰ ਸੱਤਾ ਦਾ ਖਾਤਮਾ ਨਾਰੀ ਜਾਤੀ ਦੀ ਸੰਸਾਰ ਵਿਆਪੀ ਇਤਿਹਾਸਕ ਹਾਰ ਸੀ। ਹੁਣ ਮਰਦ ਨੇ ਘਰ ਅੰਦਰ ਵੀ ਆਪਣਾ ਅਧਿਕਾਰ ਜਮਾ ਲਿਆ। ਔਰਤ ਆਪਣੀ ਪਦਵੀ ਤੋਂ ਲਾਹ ਦਿੱਤੀ ਗਈ, ਜਕੜ ਦਿੱਤੀ ਗਈ, ਪੁਰਸ਼ ਦੀ ਵਾਸਨਾ ਦੀ ਦਾਸੀ, ਸੰਤਾਨ ਉਤਪੰਨ ਕਰਨ ਦਾ ਇਕ ਯੰਤਰ ਮਾਤਰ ਬਣ ਕੇ

ਰਹਿ ਗਈ।[48] ਪਰਿਵਾਰ ਵਿੱਚ ਮਰਦ ਬੁਰਜੂਆ ਹੈ ਤੇ ਨਾਰੀ ਪ੍ਰੋਲੇਤਾਰੀ ਸ਼੍ਰੇਣੀ ਵਿੱਚ। ਨਾਰੀ ਮੁਕਤੀ ਲਈ ਪਹਿਲੀ ਸ਼ਰਤ ਇਹ ਹੈ ਕਿ ਸਾਰੇ ਨਾਰੀ ਜਗਤ ਨੂੰ ਜਨਤਕ ਉਦਯੋਗ ਵਿੱਚ ਲਿਆਂਦਾ ਜਾਵੇ। ਸਮਾਜਿਕ ਕ੍ਰਾਂਤੀ ਨਾਲ ਉਤਪਾਦਨ ਦੇ ਸਾਧਨ ਸਮਾਜਿਕ ਜਾਇਦਾਦ ਵਿੱਚ ਬਦਲ ਜਾਣਗੇ। ਬੱਚਿਆਂ ਦੀ ਸੰਭਾਲ ਤੇ ਸਿੱਖਿਆ ਜਨਤਕ ਕਾਰਜ ਬਣ ਜਾਣਗੇ, ਇਉਂ ਵਿਆਹ ਸੰਬੰਧ ਨਹੀਂ ਰਹਿਣਗੇ ਤੇ ਪਰਿਵਾਰ ਸਮਾਜ ਵਿੱਚੋਂ ਖ਼ਤਮ ਹੋ ਜਾਣਗੇ। ਪੂੰਜੀਵਾਦੀ ਉਤਪਾਦਨ ਦੇ ਖ਼ਾਤਮੇ ਨਾਲ ਵਿਆਹ ਦੀ ਪੂਰੀ ਆਜ਼ਾਦੀ ਕਾਇਮ ਹੋ ਜਾਵੇਗੀ। ਇਸ ਪ੍ਰਕਾਰ ਏਂਗਲਜ਼ ਨਿੱਜੀ ਸੰਪੱਤੀ ਅਤੇ ਪੂੰਜੀਵਾਦ ਦੇ ਖ਼ਾਤਮੇ ਵਿੱਚ ਨਾਰੀ ਮੁਕਤੀ ਦਾ ਹੱਲ ਸੁਝਾਉਂਦਾ ਹੈ।

ਮਾਰਕਸਵਾਦੀ ਚਿੰਤਕ ਵਲਾਦੀਮੀਰ ਲੈਨਿਨ (Vladimir Lynin) ਵੀ ਔਰਤਾਂ ਦੀ ਸੁਤੰਤਰਤਾ ਅਤੇ ਸਮਾਨਤਾ ਸੰਬੰਧੀ ਵਿਚਾਰਾਂ ਨੂੰ ਪ੍ਰਗਟਾਉਂਦਾ ਹੋਇਆ ਸਮਾਜੀ ਪੈਦਾਵਾਰ ਵਿੱਚ ਔਰਤਾਂ ਦੀ ਭੂਮਿਕਾ ਦੇ ਮਹੱਤਵ ਉੱਤੇ ਜ਼ੋਰ ਦਿੰਦਾ ਹੈ। ਉਸਦੇ ਮੱਤ ਅਨੁਸਾਰ, ਪੂਰਨ ਬਰਾਬਰੀ ਲਈ ਉਹਦੇ 'ਤੇ ਪ੍ਰਭਾਵ ਪੈਣ ਦਿਉ ਅਤੇ ਮਰਦਾਂ ਦੇ ਬਰਾਬਰ ਦਾ ਬਣਨ ਦਿਉ। ਇਹ ਕੌਮੀ ਆਰਥਿਕਤਾ ਤੇ ਸਮਾਜੀਕਰਨ ਲਈ ਜ਼ਰੂਰੀ ਹੈ ਅਤੇ ਸਾਂਝੀ ਪੈਦਾਵਾਰ ਕਿਰਤ ਵਿੱਚ ਔਰਤ ਦੀ ਸ਼ਮੂਲੀਅਤ ਜ਼ਰੂਰੀ ਹੈ ਤਾਂ ਹੀ ਔਰਤਾਂ ਮਰਦਾਂ ਵਰਗਾ ਰੁਤਬਾ ਹਾਸਿਲ ਕਰਨਗੀਆਂ। ...ਕੰਮ ਕਰਨ ਵਾਲੀਆਂ ਔਰਤਾਂ ਨੂੰ ਸਮਾਜੀ ਪੈਦਾਵਾਰ ਦੇ ਅਦਾਰਿਆਂ ਦੇ ਪ੍ਰਸ਼ਾਸਨ ਵਿੱਚ ਅਤੇ ਰਾਜ ਦੇ ਪ੍ਰਸ਼ਾਸਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ।[49]

ਲੈਨਿਨ ਮੰਨਦਾ ਹੈ ਕਿ ਪ੍ਰੋਲੇਤਾਰੀਆਂ ਨੂੰ ਉਦੋਂ ਤੱਕ ਪੂਰੀ ਆਜ਼ਾਦੀ ਹਾਸਿਲ ਨਹੀਂ ਹੋ ਸਕਦੀ ਜਦੋਂ ਤੱਕ ਕਿ ਇਹ ਔਰਤਾਂ ਲਈ ਪੂਰੀ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦਾ। ਕੋਈ ਵੀ ਸਮਾਜਵਾਦੀ ਇਨਕਲਾਬ ਉਦੋਂ ਤੱਕ ਸਫਲ ਨਹੀਂ ਹੋ ਸਕਦਾ ਜਦੋਂ ਤੱਕ ਕਿ ਬਹੁਤ ਸਾਰੀਆਂ ਕਿਰਤੀ ਔਰਤਾਂ ਇਸ ਵਿੱਚ ਵੱਡੀ ਪੱਧਰ 'ਤੇ ਭਾਗ ਨਾ ਲੈਣ।[50]

ਸਮਾਜਵਾਦੀ ਚਿੰਤਕ ਵਿਲੀਅਮ ਥਾਮਸਨ (William Thompson) ਦੀ ਧਾਰਨਾ ਇਹ ਹੈ ਕਿ ਜੇ ਨਾਰੀ ਨੇ ਆਪਣੀ ਸਥਿਤੀ ਵਿੱਚ ਸੁਧਾਰ ਕਰਨਾ ਹੈ ਅਤੇ ਭਵਿੱਖ ਵਿੱਚ ਸਮਾਨਤਾ ਮਾਨਣ ਲਈ ਤਿਆਰ ਹੋਣਾ ਹੈ ਤਾਂ ਆਪਣਾ ਆਪ ਨੂੰ ਘਰੇਲੂ ਗ਼ੁਲਾਮੀ ਤੋਂ ਆਜ਼ਾਦ ਕਰੇ। ਵਿਲੀਅਮ ਥਾਮਸਨ ਸਹਿਕਾਰੀ ਸਮਾਜ ਦਾ ਸੁਪਨਾ ਲੈਂਦਾ ਹੈ, ਜਿੱਥੇ ਨਾਰੀ ਅਤੇ ਮਰਦਾਂ ਦੋਵਾਂ ਨੂੰ ਆਜ਼ਾਦੀ ਅਤੇ ਭਰਪੂਰ ਖ਼ੁਸ਼ੀ ਪ੍ਰਾਪਤ ਹੋਵੇਗੀ। ਅਜਿਹੇ ਸਮਾਜ ਵਿੱਚ ਕਮਿਊਨਿਟੀ ਦੀ ਸਾਰੀ ਸੰਪੱਤੀ ਨਾਰੀ ਦਾ ਸਮਰਥਨ ਕਰੇਗੀ।

ਮੁੱਢਲੇ ਸਮਾਜਵਾਦੀ ਨਾਰੀਵਾਦੀ ਚਿੰਤਕ ਚਾਰਲਸ ਫ਼ੂਰੀਅਰ (Charles Fourier) ਦਾ ਔਰਤਾਂ ਦੇ ਅਧਿਕਾਰਾਂ ਅਤੇ ਸਮਾਨਤਾ ਸੰਬੰਧੀ ਵਿਚਾਰ ਹੈ ਕਿ ਨਾਰੀ ਦੀ ਇਤਿਹਾਸਕ ਹੀਣਤਾ ਮਰਦਾਂ ਵੱਲੋਂ ਹੋਏ

ਨਿਰੰਤਰ ਦਮਨ ਦਾ ਨਤੀਜਾ ਹੈ। ਮਰਦ ਆਪਣੀ ਸਮਰੱਥਾ ਨੂੰ ਨਾਰੀ ਉੱਪਰ ਪਿਛਾਂਹ ਖਿੱਚੂ ਤੇ ਸੀਮਤ ਵਿੱਦਿਆ ਥੋਪਣ ਵਿੱਚ ਲਗਾਉਂਦੇ ਹਨ।[51] ਫੂਰੀਅਰ ਦਾ ਮੰਨਣਾ ਸੀ ਕਿ ਸਾਰੀਆਂ ਮਹੱਤਵਪੂਰਨ ਨੌਕਰੀਆਂ ਔਰਤਾਂ ਲਈ ਲਿੰਗ ਦੇ ਆਧਾਰ ਤੇ ਬੰਦ ਕਰਨ ਦੀ ਬਜਾਇ ਹੁਨਰ ਅਤੇ ਯੋਗਤਾ ਦੇ ਆਧਾਰ ਤੇ ਖੁੱਲੀਆਂ ਹੋਣੀਆਂ ਚਾਹੀਦੀਆਂ ਹਨ। ਉਸਨੇ ਔਰਤਾਂ ਦੀ ਵਿਅਕਤੀਗਤ ਤੌਰ 'ਤੇ ਗੱਲ ਕੀਤੀ, ਨਾ ਕਿ ਅੱਧੇ ਮਨੁੱਖੀ ਜੋੜੇ ਦੀ। ਉਹ ਰਵਾਇਤੀ ਵਿਆਹ ਨੂੰ ਔਰਤਾਂ ਦੇ ਮਨੁੱਖੀ ਅਧਿਕਾਰਾਂ ਦੀ ਹਾਨੀ ਦਾ ਸਾਧਨ ਮੰਨਦਾ ਹੈ। ਉਸ ਅਨੁਸਾਰ ਪਿਆਰ ਇਕ ਆਤਮਿਕ ਤੇ ਸਰੀਰਕ ਵਰਤਾਰਾ ਹੈ, ਇਸ ਨੂੰ ਵਿਆਹ ਦੇ ਸੀਮਤ ਬੰਧਨਾਂ ਵਿੱਚ ਨਹੀਂ ਬੰਨਣਾ ਚਾਹੀਦਾ। ਉਹ ਜਿਸ ਆਦਰਸ਼ਕ ਸਮਾਜ ਦੀ ਸਿਰਜਣਾ ਦਾ ਸੰਕਲਪ ਪੇਸ਼ ਕਰਦਾ ਹੈ, ਉਸ ਲਈ ਉਹ ਸ਼ਬਦ Phalansteries ਵਰਤਦਾ ਹੈ। ਨਾਰੀ ਨੂੰ ਇਨ੍ਹਾਂ Phalansteries ਵਿੱਚ ਹਿੱਸਾ ਪਾਉਣ, ਕੰਮ ਕਰਨ ਤੇ ਸੰਚਾਲਨ ਕਰਨ ਦੀ ਪੂਰੀ ਆਜ਼ਾਦੀ ਹੋਵੇਗੀ।

ਅਗਸਤ ਬੇਬਲ (August Bebel) ਸਮਾਜਵਾਦੀ ਨਾਰੀਵਾਦੀ ਚਿੰਤਕਾਂ ਵਿੱਚ ਪ੍ਰਮੁੱਖ ਦਰਜਾ ਰੱਖਦਾ ਹੈ। ਉਹ ਆਪਣੀ ਪੁਸਤਕ 'ਵੂਮੈਨ ਐਂਡ ਸ਼ੋਸਲਿਜ਼ਮ' (Women and Socialism) 1971 ਵਿੱਚ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਨਾਰੀ ਪ੍ਰਸ਼ਨ ਨੂੰ ਵੱਖਰੇ ਤੌਰ 'ਤੇ ਵਿਚਾਰਿਆ ਜਾਣਾ ਚਾਹੀਦਾ ਹੈ ਕਿਉਂਕਿ ਅਸੀਂ ਨਾਰੀ ਦੇ ਭੂਤ ਤੇ ਵਰਤਮਾਨ ਬਾਰੇ ਕੁਝ ਨਹੀਂ ਜਾਣਦੇ। ਇਸ ਲਈ ਇਹ ਬੁਰਜੂਆ ਵਿਅਕਤੀਗਤ ਸੋਚ ਹੈ ਕਿ ਨਾਰੀ ਨੂੰ ਮਰਦ ਦੇ ਬਰਾਬਰ ਅਧਿਕਾਰ ਦਿੱਤੇ ਜਾਣ। ਇਹ ਨਾਰੀ ਮੁਕਤੀ ਲਈ ਅਸੰਤੋਖਜਨਕ ਹੈ। ਜ਼ਰੂਰਤ ਨਾਰੀ ਦੀ ਮਰਦ ਉੱਪਰ ਹਰ ਤਰ੍ਹਾਂ ਦੀ ਨਿਰਭਰਤਾ ਸਮਾਪਤ ਕਰਨ ਦੀ ਹੈ। ਮਾਨਵਤਾ ਦੇ ਕਲਿਆਣ ਲਈ ਸਮਾਜਿਕ ਆਜ਼ਾਦੀ ਤੇ ਲਿੰਗਕ ਸਮਾਨਤਾ ਦੀ ਲੋੜ ਹੈ।[52] ਬੇਬਲ ਦਾ ਮੱਤ ਹੈ ਕਿ ਨਾਰੀ ਦਾ ਚਰਿੱਤਰ ਉਸਦੀ ਘਰੇਲੂ ਜੀਵਨ ਦੀ ਟਰੇਨਿੰਗ ਤੋਂ ਘੜਿਆ ਜਾਂਦਾ ਹੈ। ਨਾਰੀ ਚਰਿੱਤਰ ਦੀਆਂ ਵਿਸ਼ੇਸ਼ਤਾਵਾਂ ਨਾਰੀ ਸੁਭਾਅ ਦਾ ਨਤੀਜਾ ਨਹੀਂ ਸਗੋਂ ਉਸ ਦੀ ਜੀਵਨ ਟਰੇਨਿੰਗ ਤੇ ਸਥਿਤੀਆਂ ਦਾ ਨਤੀਜਾ ਹਨ। ਉਸ ਅਨੁਸਾਰ ਪੂੰਜੀਵਾਦੀ ਸਮਾਜ ਵਿੱਚ ਵਿਆਹ ਦੇ ਗ਼ੈਰ-ਕੁਦਰਤੀ ਨਿਯਮ ਬਦਲੇ ਨਹੀਂ ਜਾ ਸਕਦੇ ਕਿਉਂਕਿ ਇੱਥੇ ਨਿੱਜੀ ਸੰਪੱਤੀ ਆਧਾਰਭੂਤ ਤੱਤ ਹੈ। ਇਸ ਲਈ ਸਾਨੂੰ ਇਕ ਅਜਿਹਾ ਸਮਾਜਿਕ ਪ੍ਰਬੰਧ ਸਿਰਜਣਾ ਹੋਵੇਗਾ ਜਿਸ ਵਿੱਚ ਲਿੰਗ ਨੂੰ ਚਰਿੱਤਰ ਦਾ ਆਧਾਰ ਮੰਨੇ ਬਿਨਾਂ ਸਮਾਨਤਾ ਦਾ ਪਾਸਾਰ ਹੋਵੇ। ਉਤਪਾਦਨ ਦੇ ਸਾਂਝੇ ਸਾਧਨ ਹੋਣ ਅਤੇ ਹਰ ਕੋਈ ਸਮਾਜ ਲਈ ਕੰਮ ਕਰੇ। ਅਜਿਹੀ ਸਥਿਤੀ ਵਿੱਚ ਨਾਰੀ ਮਰਦ ਦੀ ਤਰ੍ਹਾਂ ਹੀ ਕੰਮ ਕਰੇਗੀ ਅਤੇ ਆਜ਼ਾਦ ਰੂਪ ਵਿੱਚ ਵਿਚਰੇਗੀ। ਨਵੇਂ ਸਮਾਜਿਕ ਢਾਂਚੇ ਵਿੱਚ ਨਿੱਜੀ ਘਰੇਲੂ ਕੰਮ ਖ਼ਤਮ ਹੋ ਜਾਣਗੇ ਅਤੇ ਸਾਂਝੇ ਰਸੋਈ ਘਰ, ਸਾਂਝੀਆਂ ਘਰੇਲੂ ਸੇਵਾਵਾਂ ਪ੍ਰਦਾਨ ਹੋਣਗੀਆਂ।

ਚਾਰਲੋਟ ਪਰਕਿਨਜ਼ ਗਿਲਮੈਨ ਆਪਣੀ ਪੁਸਤਕ 'ਵੂਮੈਨ ਐਂਡ ਇਕਨੋਮਿਕਸ' (Women and Economics) 1898 ਵਿੱਚ ਇਹ ਵਿਚਾਰ ਪੇਸ਼ ਕਰਦੀ ਹੈ ਕਿ ਆਰਥਿਕ ਆਜ਼ਾਦੀ ਹੀ ਇਕ ਅਜਿਹੀ ਚੀਜ਼ ਹੈ ਜੋ ਕਿ ਸਚਮੁੱਚ ਔਰਤਾਂ ਦੀ ਆਜ਼ਾਦੀ ਲਿਆ ਸਕਦੀ ਹੈ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਬਣਾ ਸਕਦੀ ਹੈ। ਗਿਲਮੈਨ ਅਨੁਸਾਰ ਸਭ ਜੀਵ ਜਾਤੀਆਂ ਵਿੱਚ ਮਾਨਵ ਜਾਤ ਹੀ ਅਜਿਹੀ ਹੈ ਜਿੱਥੇ ਨਾਰੀ ਦੀ ਮਰਦ ਉੱਪਰ ਰੋਟੀ ਲਈ ਨਿਰਭਰਤਾ ਹੈ। ਸਾਰੀ ਨਾਰੀ ਜਾਤ ਆਰਥਿਕ ਨਿਰਭਰਤਾ ਦਾ ਜੀਵਨ ਜਿਊਂਦੀ ਹੈ। ਇਸ ਤੋਂ ਲਿੰਗਕ ਰਿਸ਼ਤੇ ਬਣਦੇ ਹਨ। ਗਿਲਮੈਨ ਦਾ ਵਿਚਾਰ ਹੈ ਕਿ ਨਾਰੀ ਵਧੇਰੇ ਸਮਾਂ ਘਰ ਉੱਪਰ ਲਗਾਉਂਦੀ ਹੈ ਜੇ ਇਹੀ ਸਮਾਂ ਆਰਥਿਕ ਉਤਪਾਦਨ ਉੱਪਰ ਲਗਾਇਆ ਜਾਵੇ ਤਾਂ ਔਰਤ ਇਕ ਕੰਤੀ ਵਿਆਹ ਵਿੱਚ ਵੀ ਆਜ਼ਾਦ ਜੀਵਨ ਬਤੀਤ ਕਰ ਸਕਦੀ ਹੈ। ਨਵੇਂ ਆਦਰਸ਼ਕ ਸਮਾਜ ਵਿੱਚ ਸਾਂਝੀਆਂ ਘਰੇਲੂ ਸੇਵਾਵਾਂ ਹੋਣਗੀਆਂ, ਨਰਸਰੀਆਂ ਤੇ ਬਾਲ-ਘਰਾਂ ਦੀ ਸੁਵਿਧਾ ਹੋਵੇਗੀ। ਸ਼ਾਦੀ-ਸ਼ੁਦਾ ਜੋੜਿਆਂ ਦੇ ਬੱਚੇ ਉਨ੍ਹਾਂ ਨਾਲ ਰਹਿਣਗੇ ਕਿਉਂਕਿ ਪਰਿਵਾਰ ਬੱਚਿਆਂ ਦੇ ਵਿਕਾਸ ਲਈ ਜ਼ਰੂਰੀ ਹੈ। ਨਾਰੀ ਪਰੰਪਰਾਗਤ ਘਰੇਲੂ ਗ਼ੁਲਾਮੀ ਤੋਂ ਮੁਕਤ ਹੋ ਜਾਵੇਗੀ।

ਸਮਾਜਵਾਦੀ ਨਾਰੀਵਾਦੀ ਚਿੰਤਕ ਕਲਾਰਾ ਜੈਟਕਿਨ (Clara Zetkin), ਜੂਲੀਅਟ ਮਿਸ਼ੇਲ (Juliet Mitchell), ਸ਼ੀਲਾ ਰੋਬੋਥਮ (Sheila Roubotham) ਅਲੈਗਜੈਂਡਰਾ ਕਲੋਂਤਾਈ ਆਦਿ ਨਿੱਜੀ ਸੰਪੱਤੀ ਅਤੇ ਪੂੰਜੀਵਾਦ ਦੇ ਨਾਲ ਲਿੰਗ ਅਸਮਾਨਤਾ ਅਤੇ ਪਿੱਤਰਸੱਤਾ ਨੂੰ ਵੀ ਨਾਰੀ ਸ਼ੋਸ਼ਣ ਦਾ ਕਾਰਨ ਮੰਨਦੀਆਂ ਹਨ। ਉਹ ਨਾਰੀ ਦੇ ਵਿਅਕਤਿਕ ਜੀਵਨ ਵਿੱਚ ਸਕਾਰਾਤਮਕ ਪਰਿਵਰਤਨ ਚਾਹੁੰਦੀਆਂ ਹਨ। ਕਲਾਰਾ ਜੈਟਕਿਨ ਨਾਰੀ ਦੀ ਸਮਾਜ ਵਿੱਚ ਦੁਜੈਲੀ ਸਥਿਤੀ ਲਈ ਪਿੱਤਰ ਸੱਤਾ ਨੂੰ ਜ਼ਿੰਮੇਵਾਰ ਮੰਨਦੀ ਹੈ। ਉਹ ਤਰਕ ਪੇਸ਼ ਕਰਦੀ ਹੈ ਕਿ ਪੁਰਸ਼ ਦੇ ਬਰਾਬਰ ਕੰਮ ਕਰਨ ਵਾਲੀ ਨਾਰੀ ਅਜੇ ਵੀ ਖੁਸ਼ਹਾਲ ਜ਼ਿੰਦਗੀ ਨਹੀਂ ਜਿਉਂ ਰਹੀ।

ਜੂਲੀਅਟ ਮਿਸ਼ੇਲ ਅਜਿਹੀ ਮਾਰਕਸਵਾਦੀ ਨਾਰੀਵਾਦੀ ਚਿੰਤਕ ਹੈ ਜਿਹੜੀ ਏਂਗਲਜ਼ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਕਿ ਨਿੱਜੀ ਸੰਪੱਤੀ ਦੇ ਖ਼ਾਤਮੇ ਨਾਲ ਅਤੇ ਉਤਪਾਦਨ ਵਿੱਚ ਔਰਤ ਦੀ ਸ਼ਮੂਲੀਅਤ ਨਾਲ ਨਾਰੀ ਦੀ ਸਥਿਤੀ ਬਦਲ ਜਾਵੇਗੀ। ਮਿਸ਼ੇਲ ਆਪਣੇ ਲੇਖ 'ਵੂਮੈਨ:ਦ ਲੋਂਗੈਸਟ ਰੀਵੋਲਿਉਸ਼ਨ' (Women : The Longest Revolution) ਵਿੱਚ ਔਰਤ ਨੂੰ ਸਹਾਇਤਾ ਕਰਨ ਵਾਲੇ ਚਾਰ ਪੱਧਰ ਸਾਹਮਣੇ ਲਿਆਉਂਦੀ ਹੈ : ਉਤਪਾਦਨ, ਪ੍ਰਜਣਨ, ਕਾਮੁਕਤਾ ਤੇ ਸਮਾਜੀਕਰਨ।[53] ਮਿਸ਼ੇਲ ਦਾ ਵਿਚਾਰ ਹੈ ਕਿ ਨਾਰੀ ਦੇ ਦਾਬੇ ਦੀ ਸਥਿਤੀ ਦਾ ਕੋਈ ਇਕੱਲਾ ਹੱਲ ਨਹੀਂ ਹੋ ਸਕਦਾ। ਇਸ ਲਈ ਨਾਰੀ ਸ਼ੋਸ਼ਣ ਨੂੰ ਰੋਕਣ ਅਤੇ ਪਿੱਤਰਸੱਤਾ ਤੋਂ ਮੁਕਤੀ ਲਈ ਸੰਸਕ੍ਰਿਤਕ, ਸਮਾਜਿਕ ਕ੍ਰਾਂਤੀ ਦੀ ਲੋੜ ਹੈ।

ਸਮਾਜਵਾਦੀ ਨਾਰੀਵਾਦੀ ਗੇਰਦਾ ਲਰਨਰ (Gerda Lerner) 'ਦ ਕਰੀਏਸ਼ਨ ਆਫ਼ ਪੈਟਰੀਆਰਚੀ' (The Creation of Patriarchy) ਵਿੱਚ ਪਿੱਤਰੀ ਸਮਾਜ ਵਿੱਚ ਨਾਰੀ ਦੀ ਸਥਿਤੀ ਦੀਆਂ ਤਿੰਨ ਹਾਲਤਾਂ ਦਾ ਵਰਣਨ ਕਰਦੀ ਹੈ :

- ਪਹਿਲੀ, ਗ਼ੁਲਾਮ ਔਰਤ, ਜਿਸਦੀ ਕਾਮੁਕ ਤੇ ਪ੍ਰਜਣਨ ਸਮਰੱਥਾ ਦਾ ਉਸੇ ਤਰ੍ਹਾਂ ਹੀ ਵਸਤੂਕਰਨ ਹੋਇਆ ਸੀ ਜਿਵੇਂ ਉਸਦਾ ਆਪਣਾ।
- ਦੂਜੀ, ਗ਼ੁਲਾਮ ਰਖੇਲ, ਜਿਸਦਾ ਕਾਮ ਹੁਨਰ/ਆਕਰਸ਼ਣ ਉਸਦੇ ਰੁਤਬੇ ਜਾਂ ਉਸਦੇ ਬੱਚਿਆਂ ਦੇ ਰੁਤਬੇ ਨੂੰ ਉੱਚਾ ਕਰ ਦਿੰਦਾ ਸੀ।
- ਤੀਜੀ, ਆਜ਼ਾਦ ਪਤਨੀ, ਜਿਸ ਦੀਆਂ ਜਿਨਸੀ ਤੇ ਜਣਨ ਸੇਵਾਵਾਂ ਤੇ ਉੱਚ ਵਰਗ ਦੇ ਸਿਰਫ਼ ਇਕ ਮਰਦ ਦਾ ਅਧਿਕਾਰ ਸੀ ਅਤੇ ਇਹ ਔਰਤ ਉਸ ਮਰਦ ਦੀ ਜਾਇਦਾਦ ਅਤੇ ਕਾਨੂੰਨੀ ਅਧਿਕਾਰਾਂ ਦੀ ਹੱਕਦਾਰ ਸੀ।[54]

ਸਮਾਜਵਾਦੀ ਨਾਰੀਵਾਦ ਦੇ ਅੰਤਰਗਤ ਸ਼ੀਲਾ ਰੋਬੋਥਮ ਦੀ ਪੁਸਤਕ 'ਵੂਮੈਨਜ਼ ਕਾਨਸੀਐਸਨੈਸ: ਮੈਨਜ਼ ਵਲਡ' (Women's Consciousness; Mens World) 1973 ਮਿਸ਼ੈਲ ਬਰੈਟ (Michele Barrett) ਦੀ 'ਵੂਮੈਨਸ ਓਪਰੈਸਨ ਟੂਡੇ' (Womens' Oppression Today) 1988 ਅਤੇ ਐਨ ਓਕਲੇ (Ann Oakley) ਦੀ 'ਦ ਸ਼ੋਸ਼ਾਲੋਜੀ ਆਫ਼ ਹਾਊਸ ਵਰਕ' (The Sociology of Housework) 1974 ਆਦਿ ਨੂੰ ਵੀ ਵਿਚਾਰਿਆ ਜਾ ਸਕਦਾ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਾਰਕਸਵਾਦੀ ਅਤੇ ਸਮਾਜਵਾਦੀ ਨਾਰੀਵਾਦ ਪੂੰਜੀਵਾਦੀ ਵਿਵਸਥਾ ਤੇ ਨਿੱਜੀ ਸੰਪੱਤੀ ਉੱਪਰ ਏਕਾਧਿਕਾਰ ਨੂੰ ਨਾਰੀ ਸ਼ੋਸ਼ਣ ਅਤੇ ਅਧੀਨਗੀ ਦਾ ਕਾਰਨ ਮੰਨਦੇ ਹੋਏ ਇਸ ਵਿਵਸਥਾ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਮਾਰਕਸਵਾਦੀ ਚਿੰਤਕਾਂ ਦਾ ਮੱਤ ਹੈ ਕਿ ਵਰਗ ਰਹਿਤ ਸਮਾਜ ਦੀ ਸਥਾਪਨਾ ਨਾਲ ਔਰਤ ਦੀ ਸਥਿਤੀ ਵੀ ਬਦਲ ਜਾਵੇਗੀ। ਮਾਰਕਸਵਾਦੀ ਨਾਰੀਵਾਦੀ ਸਮਾਜਿਕ ਆਰਥਿਕ ਖੇਤਰ ਵਿੱਚ ਨਾਰੀ ਦੀ ਆਤਮ ਨਿਰਭਰ ਹੋਂਦ ਦੀ ਹਮਾਇਤ ਕਰਦਾ ਹੈ। ਮਾਰਕਸਵਾਦੀ-ਸਮਾਜਵਾਦੀ ਨਾਰੀਵਾਦੀ ਚਿੰਤਕ ਪਿੱਤਰਸੱਤਾ ਨਾਲ ਪੂੰਜੀ ਦੇ ਅੰਤਰਸੰਬੰਧਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਪੂੰਜੀਵਾਦੀ ਅਤੇ ਪਿੱਤਰਸੱਤਾ ਪ੍ਰਣਾਲੀ ਦੋਹਾਂ ਨੂੰ ਨਾਰੀ ਸ਼ੋਸ਼ਣ ਲਈ ਜ਼ਿੰਮੇਵਾਰ ਮੰਨਦੇ ਹਨ। ਇਹ ਚਿੰਤਕ ਨਾਰੀ ਦੇ ਘਰੇਲੂ ਮੁੱਲ ਵਿਹੂਣੇ ਕੰਮ ਨੂੰ ਮਾਰਕਸਵਾਦੀ ਚਿੰਤਨ ਦੇ ਵਾਧੂ ਮੁੱਲ ਦੇ ਸਿਧਾਂਤ ਨਾਲ ਜੋੜ ਕੇ ਅਧਿਐਨ ਕਰਦੇ ਹੋਏ ਇਹ ਸਿੱਟਾ ਕੱਢਦੇ ਹਨ ਕਿ ਨਾਰੀ ਦੀ ਇਹ ਘਰੇਲੂ ਗ਼ੁਲਾਮੀ ਹੀ ਉਸਦੀ ਸਮਾਜਿਕਤਾ ਨੂੰ ਨਿਰਧਾਰਿਤ ਕਰਦੀ ਹੈ ਜੋ ਅੱਗੇ ਜੈਂਡਰ/ਲਿੰਗ, ਜਾਤ ਅਤੇ ਜਮਾਤ ਦੀ ਸਿਰਜਣਾ ਕਰਦੀ ਹੈ। ਇਹਨਾਂ

ਚਿੰਤਕਾਂ ਦੀ ਲੜਾਈ ਪੂੰਜੀਵਾਦ ਅਤੇ ਪਿੱਤਰਸੱਤਾ ਦੋਨਾਂ ਨਾਲ ਹੈ। ਉਹ ਨਾਰੀ ਦੀ ਆਰਥਿਕ ਨਿਰਭਰਤਾ ਦੇ ਨਾਲ ਪਿੱਤਰਸੱਤਾ ਦੇ ਖ਼ਾਤਮੇ ਲਈ ਸਮਾਜ-ਸਭਿਆਚਾਰਕ ਪੱਧਰ ’ਤੇ ਵਿਦਰੋਹ ਰਾਹੀਂ ਮਹੱਤਵਪੂਰਨ ਤਬਦੀਲੀਆਂ ਦੀ ਮੰਗ ਕਰਦੇ ਹਨ।

### IV. ਮਨੋਵਿਸ਼ਲੇਸ਼ਣ ਅਤੇ ਨਾਰੀਵਾਦੀ ਚਿੰਤਨ

ਮਨੋਵਿਸ਼ਲੇਸ਼ਣ ਦੇ ਖੇਤਰ ਵਿੱਚ ਮਨੋਵਿਗਿਆਨੀ ਸਿਗਮੰਡ ਫਰਾਇਡ (Sigmaund Freud) ਅਤੇ ਯੱਕ ਲਾਕਾਂ (Jacques Lacan) ਦਾ ਮਹੱਤਵਪੂਰਨ ਸਥਾਨ ਹੈ। ਇਹਨਾਂ ਦੀਆਂ ਮਨੋਵਿਸ਼ਲੇਸ਼ਣਾਤਮਕ ਸਿਧਾਂਤਕ ਪ੍ਰਣਾਲੀਆਂ ਅਧੀਨ ਨਾਰੀ ਮਨ ਦੇ ਡੂੰਘੇ ਪੱਖਾਂ ਦੇ ਅਧਿਐਨ ਦਾ ਸਾਰਥਕ ਯਤਨ ਕੀਤਾ ਗਿਆ ਹੈ। 1970ਵੇਂ ਦਹਾਕੇ ਤੋਂ ਨਾਰੀਵਾਦੀ ਚਿੰਤਕਾਂ ਦਾ ਧਿਆਨ ਫਰਾਇਡ ਅਤੇ ਲਾਕਾਂ ਦੇ ਕਾਮੁਕਤਾ ਅਤੇ ਆਤਮਿਕਤਾ ਨਾਲ ਸੰਬੰਧਿਤ ਮਨੋਵਿਗਿਆਨਕ ਸਿਧਾਂਤ ਵੱਲ ਗਿਆ।[55] ਆਧੁਨਿਕ ਨਾਰੀਵਾਦੀ ਚਿੰਤਕਾਂ ਸੀਮੋਨ-ਦ-ਬੋਵਾਰ, ਕੇਰਨ ਹੋਰਨੀ (Keren Horney) ਨੈਂਨਸੀ ਚਦੋਰੋ (Nancy Chodrow) ਅਤੇ ਉੱਤਰ- ਸੰਰਚਨਾਵਾਦੀ ਨਾਰੀਵਾਦੀ ਚਿੰਤਕਾਂ ਲੂਸੀ ਇਰਿਗੈਰੇ (Luce Irigaray), ਹੇਲੇਨ ਸਿੱਖੂ (Helene Cixous), ਜੂਲੀਆ ਕ੍ਰਿਸਤੀਵਾ (Julia Kristeva) ਨੇ ਫਰਾਇਡ ਅਤੇ ਲਾਕਾਂ ਦੇ ਸਿਧਾਂਤਾ ਦੀ ਪੁਨਰ-ਵਿਆਖਿਆ ਕਰਕੇ ਆਪਣੀਆਂ ਵੱਖਰੀਆਂ ਧਾਰਨਾਵਾਂ ਨੂੰ ਪੇਸ਼ ਕੀਤਾ। ਫਰਾਇਡ ਜਦੋਂ ਬੱਚੇ ਦੀਆਂ ਕਾਮ ਅਵਸਥਾਵਾਂ ਦਾ ਵਰਣਨ ਕਰਦਾ ਹੈ ਤਾਂ ਨਰ ਬੱਚੇ ਅਤੇ ਮਾਦਾ ਬੱਚੇ ਵਿੱਚ ਭਿੰਨਤਾ ਦਾ ਕੇਂਦਰ ਮਰਦ ਲਿੰਗ (Phallus) ਨੂੰ ਬਣਾਉਂਦਾ ਹੈ। ਮਾਦਾ ਬੱਚਾ ਜਦੋਂ ਨਰ ਬੱਚੇ ਨੂੰ ਦੇਖਦਾ ਹੈ ਤਾਂ ਉਸਨੂੰ ਘਾਟ ਦਾ ਅਹਿਸਾਸ ਹੁੰਦਾ ਹੈ। ਮਾਦਾ ਬੱਚਾ ਸੋਚਦਾ ਹੈ ਕਿ ਉਸ ਕੋਲ ਮਰਦ ਲਿੰਗ (Phallus) ਨਹੀਂ ਹੈ। ਫਰਾਇਡ ਅਨੁਸਾਰ “ਇਸ ਸਥਿਤੀ ਵਿੱਚ ਮਾਦਾ ਬੱਚੇ ਅੰਦਰ ਹੀਣ ਭਾਵਨਾ ਆ ਜਾਂਦੀ ਹੈ ਜਿਸਨੂੰ ਉਹ ‘ਨਿਪੁੰਸਕਤਾ ਗ੍ਰੰਥੀ’ (Castration Complex) ਦਾ ਨਾਂ ਦਿੰਦਾ ਹੈ। ਅਜਿਹੀ ਅਵਸਥਾ ਵਿੱਚ ਲੜਕੀ ਆਪਣੇ ਆਪ ਨੂੰ ‘ਕੱਟੇ ਲਿੰਗ ਵਾਲਾ’ ਜੀਵ ਵਜੋਂ ਦੇਖਦੀ ਹੈ, ਜਿਸ ਕਾਰਨ ਲੜਕੀ ਉਹ ਸ਼ਕਤੀ ਅਤੇ ਆਜ਼ਾਦੀ ਪ੍ਰਾਪਤ ਨਹੀਂ ਕਰ ਸਕਦੀ ਜੋ ਲੜਕਾ ਕਰ ਲੈਂਦਾ ਹੈ।”[56] ਸਪੱਸ਼ਟ ਹੈ ਕਿ ਫਰਾਇਡ ਮਰਦ ਲਿੰਗ (Phallus) ਨੂੰ ਮਰਦ ਦੀ ਸ਼ਕਤੀ ਵਜੋਂ ਦੇਖਦਾ ਹੋਇਆ ਔਰਤ ਨੂੰ ਦੁਜੈਲੇ ਪੱਧਰ ’ਤੇ ਰੱਖ ਕੇ ਵਿਚਾਰਦਾ ਹੈ। ਸੀਮੋਨ ਫਰਾਇਡ ਦੇ ‘ਨਿਪੁੰਸੀਕਰਣ ਕੰਮਪਲੈਕਸ’ ਦੇ ਸਿਧਾਂਤ ਦੀ ਆਲੋਚਨਾ ਕਰਦੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਜੇਕਰ ਛੋਟੇ ਲੜਕੇ ਲਈ ਮਰਦ ਲਿੰਗ ਅਭਿਮਾਨ ਦਾ ਕਾਰਨ ਹੈ ਅਤੇ ਛੋਟੀ ਲੜਕੀ ਲਈ ਉਹ ਕੋਈ ਘਾਟ ਜਾਂ ਊਣ ਦਾ ਕਾਰਣ ਹੋਵੇ। ਉਸਦਾ ਮੰਨਣਾ ਹੈ ਕਿ “ਮਨੋਵਿਸ਼ਲੇਸ਼ਣ ਵਿੱਚ ਅਨੇਕਾਂ ਤੱਥ ਵਿਆਖਿਆ ਤੋਂ ਬਿਨਾਂ ਹੀ ਸਵੀਕਾਰ ਕਰ ਲਏ ਜਾਂਦੇ ਹਨ। ਸੀਮੋਨ ਅਨੁਸਾਰ ਜੇਕਰ ਇਕ ਛੋਟੀ ਲੜਕੀ ਸਭ ਦੇ ਸਾਹਮਣੇ ਬੈਠ ਕੇ ਪਿਸ਼ਾਬ ਨਹੀਂ ਕਰਨਾ

ਚਾਹੁੰਦੀ ਤਾਂ ਪ੍ਰਸ਼ਨ ਉੱਠਦਾ ਹੈ ਕਿ ਉਸ ਵਿੱਚ ਇਹ ਸ਼ਰਮ ਕਿੱਥੋਂ ਆਈ ਜਾਂ ਪੁਰਸ਼ ਨੂੰ ਆਪਣੇ ਲਿੰਗ ਤੇ ਵਿਸ਼ੇਸ਼ ਅਭਿਮਾਨ ਕਿਉਂ ਹੁੰਦਾ ਹੈ? ਸਾਨੂੰ ਸਮਝਣਾ ਪਵੇਗਾ ਕਿ ਇਹ ਅਧਿਕਾਰ ਕਿਹੋ ਜਿਹਾ ਹੈ ਅਤੇ ਇਸ ਵਿੱਚੋਂ ਵਿਅਕਤੀ ਦੀ ਕਿਹੜੀ ਇੱਛਾ ਵਸਤੂ ਰੂਪ ਵਿੱਚ ਉਜਾਗਰ ਹੁੰਦੀ ਹੈ।"[57] ਸੀਮੋਨ ਫਰਾਇਡ ਦੇ 'ਲਿਬਿਡੋ' (Libido) ਸਿਧਾਂਤ ਦੀ ਵੀ ਆਲੋਚਨਾ ਕਰਦੀ ਹੈ। ਫਰਾਇਡ ਅਨੁਸਾਰ 'ਲਿਬਿਡੋ' ਭਾਵ ਕਾਮ-ਸ਼ਕਤੀ ਦਾ ਸਾਰ ਰੂਪ ਆਦਮੀ ਹੈ। ਫਰਾਇਡ ਔਰਤ ਦੀ ਕਾਮ-ਪ੍ਰਵ੍ਰਿਤੀ ਨੂੰ ਉਸਦਾ ਮੂਲ ਸੁਭਾਅ ਨਹੀਂ ਮੰਨਦਾ। ਸੀਮੋਨ ਲਿਖਦੀ ਹੈ "ਫਰਾਇਡ ਨੇ ਔਰਤ ਦੀ ਨੀਤੀ ਵਿੱਚ ਖਾਸ ਰੁਚੀ ਨਹੀਂ ਲਈ। ਉਸਨੇ ਆਦਮੀ ਦੀ ਨੀਤੀ ਨੂੰ ਹੀ ਥੋੜ੍ਹਾ-ਬਹੁਤਾ ਬਦਲਕੇ ਔਰਤ ਦੀ ਨੀਤੀ ਦੇ ਰੂਪ ਵਿੱਚ ਰੱਖਿਆ। ... ਕੇਵਲ ਸਾਧਾਰਣ ਸਰੀਰਕ ਤੁਲਨਾ ਦੇ ਆਧਾਰ 'ਤੇ ਇਹ ਕਹਿਣਾ ਮੁਸ਼ਕਿਲ ਹੈ ਕਿ ਕਾਮ ਸ਼ਕਤੀ ਦੀ ਦ੍ਰਿਸ਼ਟੀ ਤੋਂ ਆਦਮੀ ਬਲਵਾਨ ਹੁੰਦਾ ਹੈ ਜਾਂ ਔਰਤ।"[58] ਸੀਮੋਨ ਫਰਾਇਡ ਦੇ ਲਿਬਿਡੋ ਸਿਧਾਂਤ ਪਿੱਛੇ ਕਾਰਜਸ਼ੀਲ ਪਿੱਤਰਕੀ ਸੋਚ ਨੂੰ ਵਿਸਥਾਪਤ ਕਰਦੀ ਹੈ। ਇਹ ਪਿੱਤਰਕੀ ਸੋਚ ਹੈ ਜੋ ਮਰਦ ਨੂੰ ਜੀਵ ਵਿਗਿਆਨਕ ਤੌਰ 'ਤੇ ਹੀ ਨਹੀਂ, ਸਗੋਂ ਮਨੋ-ਵਿਗਿਆਨਕ ਪੱਧਰ 'ਤੇ ਵੀ ਮਜ਼ਬੂਤ, ਸ਼ਕਤੀਸ਼ਾਲੀ ਘੋਸ਼ਿਤ ਕਰਦੀ ਹੈ। ਸੀਮੋਨ ਅਨੁਸਾਰ "ਇਹ ਮਨੋਵਿਗਿਆਨ ਹੀ ਹੈ, ਜਿਸ ਵਿੱਚ ਆਦਮੀ ਦੀ ਪਰਿਭਾਸ਼ਾ ਮਨੁੱਖੀ ਜੀਵ ਦੇ ਰੂਪ ਵਿੱਚ ਅਤੇ ਔਰਤ ਦੀ ਪਰਿਭਾਸ਼ਾ ਔਰਤ ਦੇ ਰੂਪ ਵਿੱਚ ਕੀਤੀ ਗਈ ਹੈ। ਜਦੋਂ ਔਰਤ ਸਰਵਉੱਚਤਾ ਵੱਲ ਵੱਧਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਉਹ ਆਦਮੀ ਦੀ ਬਰਾਬਰੀ ਕਰਦੀ ਹੈ।"[59]

ਸੀਮੋਨ ਜੈਂਡਰ ਅਤੇ ਲਿੰਗ ਦੇ ਆਧਾਰ ਔਰਤ ਨੂੰ ਘਟਾਉਣ ਵਾਲੇ ਸਿਧਾਂਤ ਅਤੇ ਪ੍ਰਵਚਨ ਦੀ ਆਲੋਚਨਾ ਕਰਦੀ ਹੋਈ ਔਰਤ ਦੀ ਬਰਾਬਰੀ ਦਾ ਸੰਕਲਪ ਦਿੰਦੀ ਹੈ। ਫਰਾਇਡ ਦੀ ਪੁਰਖ ਲਿੰਗ ਈਰਖਾ ਦੇ ਸੰਬੰਧ ਵਿੱਚ ਦਿੱਤੀ ਧਾਰਨਾ ਦੇ ਸੰਦਰਭ ਵਿੱਚ 1917 ਵਿੱਚ ਕੇਰਨ ਹੋਰਨੀ ਨੇ ਇਸਨੂੰ ਸਥਿਤੀ ਦਾ ਇਕ ਪਾਸੜ ਬਿਆਨ ਮੰਨਿਆ ਹੈ। ਇਹ ਤੱਥ ਕੇਵਲ ਪੁਰਖ ਸੋਚ ਨੀਤੀ ਨੂੰ ਹੀ ਦਰਸਾਉਂਦਾ ਹੈ ਕਿਉਂਕਿ ਨਾਰੀ ਦੀ ਮਾਤ ਸ਼ਕਤੀ (Motherhood) ਦੇ ਵਿਰੋਧ ਵਿੱਚ ਪੁਰਖ ਕੋਲ ਇਹ ਨਿਗੂਣੀ ਜਿਹੀ ਸਰੀਰਕ ਮਹੱਤਤਾ ਹੈ। ਹੋ ਸਕਦਾ ਹੈ ਕਿ ਪੁਰਖ ਨੇ ਨਾਰੀ ਦੀ ਉਮੀਦਵਾਰੀ, ਜਣਨ ਸ਼ਕਤੀ, ਮਾਤ-ਸ਼ਕਤੀ ਆਦਿ ਸ਼ਕਤੀਆਂ ਤੋਂ ਭੈਅ ਭੀਤ ਹੋ ਕੇ ਅਜਿਹਾ ਤੱਥ ਪੇਸ਼ ਕੀਤਾ ਹੈ ਕਿਉਂਕਿ ਪੁਰਖ ਜਣਨ-ਪ੍ਰਕਿਰਿਆ ਦੀ ਊਣ (Lack) ਨਾਲ ਜੁੜਿਆ ਹੋਇਆ ਹੈ।[60]

ਮਨੋਵਿਗਿਆਨੀ ਯੱਕ ਲਾਕਾਂ ਫਰਾਇਡ ਦੇ ਸਿਧਾਂਤਾਂ ਦੀ ਭਾਸ਼ਾ ਵਿਗਿਆਨਕ ਪੱਖ ਤੋਂ ਪੁਨਰ–ਵਿਆਖਿਆ ਪੇਸ਼ ਕਰਦਾ ਹੈ। ਫਰਾਇਡ ਦੇ ਸਿਧਾਂਤ ਦਾ ਅਧਿਐਨ ਕਰਦਿਆਂ ਲਾਕਾਂ ਕਾਲਪਨਿਕ (Imaginary) ਅਤੇ ਪ੍ਰਤੀਕਾਤਮਕ (Symbolic) ਸੰਕਲਪ ਦੀ ਚਰਚਾ ਕਰਦਾ ਹੈ। ਲਾਕਾਂ ਅਨੁਸਾਰ

ਇਮੈਜ਼ਿਨਰੀ (Imaginary) ਅਜਿਹੀ ਟਰਮ (Term) ਹੈ ਜੋ ਕਿ ਨਵਜਾਤ ਬੱਚੇ ਦੀ ਪੂਰਵ ਇਡੀਪਲ ਇਕਰੂਪਤਾ ਨੂੰ ਬਿਆਨ ਕਰਨ ਲਈ ਵਰਤੀ ਜਾਂਦੀ ਹੈ। ਇਸਦੀ ਵਰਤੋਂ ਦਰਪਨ ਅਭੇਦਤਾ (Mirror Image) ਸਮੇਂ ਕੀਤੀ ਜਾਂਦੀ ਹੈ ਜਦ ਉਸਦੀ ਮਾਂ ਉਸ ਨੂੰ ਸ਼ੀਸ਼ੇ ਸਾਹਮਣੇ ਖੜ੍ਹਾ ਕਰਦੀ ਹੈ। ਇਹ ਵਿਕਾਸ ਦਾ ਉਹ ਪੜਾਅ ਹੈ ਜਦ ਬੱਚਾ ਨਾ ਤਾਂ ਅਜੇ ਨਾਰੀ ਪਛਾਣ ਨਾਲ ਜੁੜਿਆ ਹੁੰਦਾ ਹੈ ਅਤੇ ਨਾ ਹੀ ਪੁਰਸ਼ ਪਛਾਣ ਨਾਲ। ਬੱਚੇ ਨੇ ਅਜੇ ਭਾਸ਼ਾ ਵੀ ਪ੍ਰਾਪਤੀ ਕਰਨੀ ਹੁੰਦੀ ਹੈ। "ਦਰਪਣ ਅਵਸਥਾ ਅਜਿਹੀ ਪ੍ਰਕਿਰਿਆ ਹੈ; ਜਦ ਬੱਚਾ ਜੈਂਡਰ ਆਤਮਿਕਤਾ ਦੀ ਪਛਾਣ ਪ੍ਰਾਪਤ ਕਰਦਾ ਹੈ ਤੇ ਉਸ ਨੂੰ ਪ੍ਰਤੀਕਾਤਮਕ ਜਗਤ ਵਿੱਚ ਸਥਾਨ ਪ੍ਰਾਪਤ ਹੁੰਦਾ ਹੈ। ਜਦ ਬੱਚੇ ਨੂੰ ਭਾਸ਼ਾ ਪ੍ਰਾਪਤ ਹੁੰਦੀ ਹੈ। ਉਹ ਆਪਣੀ ਇੱਛਾ ਦੂਸਰਿਆਂ ਅੱਗੇ ਅਭਿਵਿਅਕਤ ਕਰਨ ਦੇ ਯੋਗ ਹੁੰਦਾ ਹੈ ਜਾਂ ਸਮਾਜਿਕ ਅਦਾਨ-ਪ੍ਰਦਾਨ ਵਿੱਚ ਹਿੱਸਾ ਲੈਂਦਾ ਹੈ ਤਾਂ ਉਸਦਾ ਸ੍ਵੈ ਰੂਪ ਧਾਰਦਾ ਹੈ। ਉਹ ਪ੍ਰਤੀਕਾਤਮਕ ਪ੍ਰਬੰਧ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਪ੍ਰਤੀਕਾਤਮਕ ਪ੍ਰਬੰਧ ਅਰਥ ਭਰਪੂਰ ਸੰਰਚਨਾ ਹੈ ਤੇ ਕਾਨੂੰਨ ਰਾਹੀਂ ਅੰਕਿਤ ਹੁੰਦਾ ਹੈ। ਇਸ ਨੂੰ ਲਾਕਾਂ ਨੇ 'ਪਿੱਤਰ ਕਾਨੂੰਨ' (Law of Father) ਦਾ ਨਾਂ ਦਿੱਤਾ ਹੈ।"[61] ਡਾ. ਗੁਰਜੰਟ ਸਿੰਘ ਲਾਕਾਂ ਦੇ ਹਵਾਲੇ ਨਾਲ ਲਿਖਦਾ ਹੈ ਕਿ ਲਾਕਾਂ ਅਨੁਸਾਰ, "ਇਸ ਅਵਸਥਾ ਵਿੱਚ ਬੱਚਾ ਆਪਣੇ ਆਪ ਨੂੰ ਆਲੇ-ਦੁਆਲੇ ਦੇ "ਲੋਕਾਂ ਦੇ ਪ੍ਰਤੀਦਵੰਦੀ ਰੂਪ ਵਿੱਚ ਵੇਖਣ/ਸਮਝਣ ਲੱਗਦਾ ਹੈ। ਉਸਦੀ ਭਾਸ਼ਾਈ ਪ੍ਰਤੀਕਾਂ ਦੀ ਸਮਝ ਪ੍ਰੋੜ ਹੋਣ ਲੱਗ ਪੈਂਦੀ ਹੈ। ਉਹ ਸ਼ਬਦਾਂ ਨੂੰ ਵਿਰੋਧੀ ਜੁੱਟਾਂ ਵਿੱਚ ਸਮਝਦਾ ਹੈ ਜਿਵੇਂ ਮਾਤਾ/ਪਿਤਾ; ਮਾਤਾ/ਧੀ; ਨਰ/ਮਦੀਨ ਆਦਿ।"[62] ਇਸ ਪ੍ਰਕਾਰ ਲਾਕਾਂ ਦਾ 'ਪਿੱਤਰ ਕਾਨੂੰਨ' ਸਿਧਾਂਤ ਵੀ ਮਰਦ ਲਿੰਗ (Phallus) ਨੂੰ ਮਰਦਾਵੀਂ ਸ਼ਕਤੀ ਦੇ ਚਿਹਨ ਵਜੋਂ ਉਭਾਰਦਾ ਹੈ ਅਤੇ ਇਸਦੇ ਸੰਦਰਭ ਵਿੱਚ ਨਾਰੀ ਦੇ ਨਾਰੀਤਵ ਨੂੰ ਊਣ ਦੇ ਅਰਥਾਂ ਵਿੱਚ ਪਰਿਭਾਸ਼ਤ ਕਰਦਾ ਹੈ।

ਉੱਤਰ-ਸੰਰਚਨਾਵਾਦੀ ਨਾਰੀਵਾਦੀ ਚਿੰਤਕ ਲੂਸੀ ਇਰਿਗੈਰੇ ਫਰਾਇਡ ਅਤੇ ਲਾਕਾਂ ਦੇ ਸਿਧਾਂਤਾ ਨੂੰ ਨਕਾਰਦੀ ਹੋਈ ਉਹਨਾਂ ਦੇ ਪੁਰਸ਼ਵਾਦੀ ਨਜ਼ਰੀਏ 'ਤੇ ਸਵਾਲ ਉਠਾਉਂਦੀ ਹੈ। ਇਰਿਗੈਰੇ ਨੇ 'ਦ ਸਪੈਕੂਲਮ ਆਫ਼ ਦ ਅਦਰ ਵੂਮੈਨ' (The Speculum of the other women) ਵਿੱਚ ਫਰਾਇਡ ਦੀ ਨਾਰੀ ਕਾਮੁਕਤਾ ਸੰਬੰਧੀ ਪੇਸ਼ ਧਾਰਣਾ ਦੇ ਸੰਬੰਧ ਵਿੱਚ ਲਿਖਿਆ ਕਿ ਇਸਤਰੀ ਦੀ ਕਾਮੁਕਤਾ ਦੀ ਧਾਰਣਾ ਪੁਰਸ਼ਵਾਦੀ ਮਾਪਦੰਡਾਂ ਅਨੁਸਾਰ ਤੈਅ ਹੁੰਦੀ ਰਹੀ ਹੈ। ਫਰਾਇਡ ਇਹ ਮੰਨਦਾ ਸੀ ਕਿ ਸਕ੍ਰਿਆ ਕਾਮੁਕਤਾ ਵਿਵਹਾਰ ਮਰਦਾਨਗੀ ਨਾਲ ਜੁੜਿਆ ਹੁੰਦਾ ਹੈ। ਜਦੋਂ ਕਿ ਸਭ ਕਿਸਮ ਦਾ ਨਿਸ਼ਕ੍ਰਿਅ (Passive) ਕਾਮੁਕ ਵਿਵਹਾਰ ਨਾਰੀਤਵ ਨਾਲ ਜੁੜਿਆ ਹੁੰਦਾ ਹੈ। ਉਹ ਕਾਮੁਕ ਆਨੰਦ ਨੂੰ ਗੁਪਤਅੰਗ ਨਾਲ ਜੋੜਦਾ ਹੈ ਅਤੇ ਗੁਪਤਅੰਗ ਤੋਂ ਪੈਦਾ ਹੋਏ ਆਨੰਦ ਨੂੰ ਮਰਦ ਨਾਲ ਜੋੜਦਾ ਹੈ। ਇਰਿਗੈਰੇ ਅਨੁਸਾਰ, "ਫਰਾਇਡ ਨੇ ਇਸਤਰੀ ਦੀ ਕਾਮੁਕਤਾ ਅਤੇ ਸਰੀਰਕ ਆਨੰਦ ਦੇ ਬਾਰੇ ਵਿੱਚ ਕੁਝ ਵੀ ਨਹੀਂ ਲਿਖਿਆ। ਫਰਾਇਡ ਲਈ ਪੁਰਸ਼ ਲਿੰਗ ਸਭ ਕੁਝ ਹੈ,

ਇਸਤਰੀ ਦੀ ਯੋਨੀ ਕੁਝ ਵੀ ਨਹੀਂ। ਜਦੋਂਕਿ ਇਸਤਰੀ ਦਾ ਕਾਮੁਕ ਆਨੰਦ, ਉਸਦੇ ਸਰੀਰਕ ਆਨੰਦ ਦਾ ਅਰਥਸ਼ਾਸਤਰ ਇਕਦਮ ਭਿੰਨ ਕਿਸਮ ਦਾ ਹੁੰਦਾ ਹੈ।"[63] ਇਰਿਗੈਰੇ ਦਾ ਮੰਨਣਾ ਹੈ ਕਿ ਇਸਤਰੀ ਦੀਆਂ ਇੱਛਾਵਾਂ ਨੂੰ ਮਰਦ ਦੇ ਨਜ਼ਰੀਏ ਤੋਂ ਨਹੀਂ ਦੇਖਣਾ ਚਾਹੀਦਾ ਬਲਕਿ ਇਸਤਰੀ ਦੇ ਨਜ਼ਰੀਏ ਨਾਲ ਦੇਖਣਾ ਚਾਹੀਦਾ ਹੈ। ਇਰਿਗੈਰੇ ਅਨੁਸਾਰ, "ਲਾਕਾਂ ਸਿਧਾਂਤ ਵਿੱਚ ਨਾਰੀ ਕਾਮੁਕਤਾ ਦੀ ਪਰਤਤਾ (Otherness) ਪਿੱਤਰਕੀ ਦੁਆਰਾ ਦਮਿਤ ਹੈ। ਲਾਕਾਂ ਦਾ ਸਿਧਾਂਤ ਪੁਰਖ ਮਾਪਦੰਡਾਂ ਅਨੁਸਾਰੀ ਹੈ ਕਿਉਂਕਿ ਪੁਰਖ ਅਨੁਸਾਰ ਦਿੱਤੀ ਨਾਰੀ ਕਾਮੁਕਤਾ ਦੀ ਪਰਿਭਾਸ਼ਾ ਦੇ ਸੰਦਰਭ ਵਿੱਚ ਨਾਰੀ ਆਪਣੀ ਆਵੱਸ਼ਕ ਨਾਰਿਤਾ ਦੇ ਅਰਥ ਗੁਆ ਬੈਠਦੀ ਹੈ; ਉਹ ਨਾਰਿਤਾ ਜਿਹੜੀ ਨਾਰੀ ਦੀ ਬਹੁ-ਸੰਵੇਦਨੀ ਦੇਹ ਦੇ ਅੰਦਰ ਮੌਜੂਦ ਹੈ ਅਤੇ ਵਿਜਾਤੀ ਆਨੰਦ ਨਾਲ ਸੰਬੰਧਤ ਹੈ।"[64] ਇਰਿਗੈਰੇ ਦਾ ਵਿਚਾਰ ਹੈ ਕਿ ਲਾਕਾਂ ਦਾ ਪ੍ਰਤੀਕਾਤਮਕ ਜਾਂ ਸਭਿਆਚਾਰ ਵਿੱਚ ਪ੍ਰਵੇਸ਼ ਕਰਨ ਦਾ ਵਿਚਾਰ ਪੁਰਖ ਮਾਪਦੰਡਾਂ ਉੱਤੇ ਆਧਾਰਿਤ ਹੈ। ਡਾ. ਗੁਰਭਗਤ ਸਿੰਘ ਇਰਿਗੈਰੇ ਦੇ ਪ੍ਰਸਿੱਧ ਨਿਬੰਧ "ਮਨੋਵਿਸ਼ਲੇਸ਼ਣ ਵਿੱਚ ਜੈਸੱਚਰ" ਸੰਬੰਧੀ ਲਿਖਦਾ ਹੈ ਕਿ ਇਸ ਵਿੱਚ ਇਰਿਗੈਰੇ ਨੇ ਇਹ ਸਥਾਪਿਤ ਕੀਤਾ ਹੈ ਕਿ ਲੜਕਾ-ਬਾਲ ਅਤੇ ਲੜਕੀ-ਬਾਲ ਦੇ ਆਪਣੀ ਮਾਂ ਦੀ ਅਣਹੋਂਦ ਉੱਤੇ ਅਧਿਕਾਰ ਪ੍ਰਾਪਤ ਕਰਨ ਦੇ ਢੰਗ ਵੱਖੋ-ਵੱਖਰੇ ਹਨ। ਲੜਕਾ ਬਾਲ ਡੋਰ ਅਤੇ ਰੀਲ ਵਰਤ ਕੇ ਖੇਡਦਾ ਹੈ ਅਤੇ ਫੋਰਤੇ-ਦਾ (Forte-da) ਵਰਗੀਆਂ ਝਾਕੀਆਂ ਦਾ ਪ੍ਰਯੋਗ ਕਰਦਾ ਹੈ, ਜੋ ਪੁਰਖ ਲਿੰਗ ਦੀ ਅੰਦਰ ਬਾਹਰ ਜਾਣ ਦੀ ਕ੍ਰਿਆ ਦਾ ਅਨੁਕਰਣ ਹਨ। ਲੜਕੀ-ਬਾਲ ਜਾਂ ਬਾਲਿਕਾ, ਆਪਣੀ ਮਾਂ ਦੀ ਅਣਹੋਂਦ ਵਿੱਚ ਗੀਤ ਗਾ ਕੇ ਜਾਂ ਰੱਸਾ ਟੱਪ ਕੇ ਉਸ ਨਾਲ ਰਿਸ਼ਤਾ ਬਣਾਉਂਦੀ ਹੈ। ਉਸ ਨੂੰ ਕੋਈ ਬਦਲਵੀਂ ਵਿਉਂਤ ਜਾਂ ਸਬਟੀਚਿਊਟ ਸਟਰੈਟਿਜੀ (Subtitute Strategy) ਦੀ ਲੋੜ ਨਹੀਂ, ਉਸਦਾ ਵਿਵਹਾਰ ਫੈਲਿਕ ਨਹੀਂ ਜਿਵੇਂ ਬਾਲ-ਲੜਕਾ ਜ਼ਾਹਰ ਕਰਦਾ ਹੈ। ਲਾਕਾਂ ਦੀ ਇਹ ਧਾਰਨਾ ਕਿ ਸੱਭਿਆਚਾਰ ਵਿੱਚ ਪ੍ਰਵੇਸ਼ ਕਰਨਾ ਫੈਲਿਕ ਹੈ ਜਾਂ ਪੁਰਖ ਲਿੰਗ ਦੀ ਸੱਤਾ ਅਧੀਨ ਹੁੰਦਾ ਹੈ, ਕੇਵਲ ਪੁਰਖਵਾਦੀ ਪਰਿਪੇਖ ਹੈ ਜੋ ਨਾਰੀ ਪਰਿਪੇਖ ਜਾਂ ਬਾਲਿਕਾ ਦੇ ਸੱਭਿਆਚਾਰ ਵਿੱਚ ਪ੍ਰਵੇਸ਼ ਕਰਨ ਦੇ ਢੰਗ ਦੀ ਵਿਆਖਿਆ ਨਹੀਂ ਕਰਦਾ।[65] ਇਰਿਗੈਰੇ ਪਿੱਤਰਕੀ ਸਮਾਜ ਸਭਿਆਚਾਰਕ ਪ੍ਰਬੰਧ ਵਿੱਚ ਨਾਰੀ ਨੂੰ ਉਸਦੇ ਵੱਖਰੇ ਆਤਮ ਵਜੋਂ ਪਛਾਣੇ ਜਾਣ 'ਤੇ ਜ਼ੋਰ ਦਿੰਦੀ ਹੈ। ਨਾਰੀ ਦੀ ਬੱਚਾ ਪੈਦਾ ਕਰਨ ਦੀ ਸਮਰੱਥਾ ਅਤੇ ਉਸਦਾ ਸਮੁੱਚਾ ਦੇਹ ਵਿਧਾਨ ਉਸਨੂੰ ਵੱਖਰਤਾ ਪ੍ਰਦਾਨ ਕਰਦੇ ਹਨ। ਇਸ ਲਈ ਅਨੁਭਵ, ਉਸਦਾ ਦ੍ਰਿਸ਼ਟੀਕੋਣ ਵੀ ਵੱਖਰਾ ਹੁੰਦਾ ਹੈ ਜਿਸਨੂੰ ਪੁਰਸ਼ ਪ੍ਰਧਾਨ ਸਮਾਜ ਵਿਚ ਹਮੇਸ਼ਾ ਅਣਗੌਲਿਆ ਕਰ ਦਿੱਤਾ ਗਿਆ ਹੈ। ਇਰਿਗੈਰੇ ਦੀ ਧਾਰਨਾ ਹੈ ਕਿ ਹੁਣ ਇੱਕ ਸਭਿਆਚਾਰਕ ਪਰਿਵਰਤਨ ਮਿਊਟੇਸ਼ਨ (Mutation) ਦੀ ਲੋੜ ਹੈ। ਇਹ ਪੁਰਸ਼ ਅਤੇ ਨਾਰੀ ਦਾ ਲਿੰਗ ਅੰਤਰ ਮੰਨ ਕੇ ਦੋਮੁਖੀ ਜਾਂ ਦੋਧਾਰਾਈ ਚਿੰਤਨ ਨੂੰ ਵਿਕਸਿਤ ਕਰਨ ਦੇ ਲਖ਼ਸ਼ ਨਾਲ ਨਵੀਆਂ ਪੈਰਾਡਾਈਮਾਂ ਉਸਾਰਨਾ ਹੈ।[66]

ਇਰਿਗੈਰੇ ਦੀ ਤਰ੍ਹਾਂ ਉੱਤਰ-ਸੰਰਚਨਾਵਾਦੀ ਨਾਰੀ ਚਿੰਤਕ ਹੈਲੇਨ ਸਿੱਖੂ ਆਪਣੇ ਲੇਖ 'ਸੋਰਟੀਜ਼' (Sorties) ਅਤੇ 'ਦ ਲਾਫ ਆਫ਼ ਮੇਦੂਸ਼ਾ' (The Laugh of Medusa) 1975 ਵਿੱਚ ਨਾਰੀ ਕਾਮੁਕਤਾ ਨੂੰ ਅਮੀਰ ਅਤੇ ਬਹੁਆਰਥਕ ਮੰਨਦੀ ਹੈ।

ਡਾ. ਗੁਰਭਗਤ ਸਿੰਘ ਲਿਖਦਾ ਹੈ ਕਿ ਸਿੱਖੂ ਦੇ ਚਿੰਤਨ ਵਿੱਚ ਨਾਰੀ ਦੇਹ ਨੂੰ ਕੇਂਦਰੀ ਮਹਤੱਤਾ ਪ੍ਰਾਪਤ ਹੈ। ਸਿੱਖੂ ਅਨੁਸਾਰ ਨਾਰੀ ਵਿੱਚ ਬ੍ਰਹਿਮੰਡ ਹੈ ਜਿਸ ਵਿੱਚ ਪ੍ਰੇਮ-ਸ਼ਕਤੀ ਨਿਰੰਤਰ ਯਾਤਰਾ ਵਿੱਚ ਰਹਿੰਦੀ ਹੈ। ਇਸ ਦੀ ਤੁਲਨਾ ਵਿੱਚ ਪੁਰਖ ਲਿੰਗ ਦੁਆਲੇ ਕੇਂਦਰਿਤ ਰਹਿੰਦਾ ਹੈ। ...ਨਾਰੀ ਦੇਹ ਦੀ ਵਿਲੱਖਣਤਾ ਕਾਰਣ, ਉਸਦੀ ਲਿੰਗ ਉਤੇਜਨਾ ਵੀ ਵਿਸਤਰਿਤ ਹੈ, ਫੈਲਾ ਵਿੱਚ ਹੈ, ਸਿੱਧੇ ਪਾਸਾਰ ਵਿੱਚ ਨਹੀਂ। ਇਸ ਲਈ ਨਾਰੀ ਦੇ ਰਚਿਤ ਪਾਠ ਜਾਂ ਟੈਕਸਟ ਵਿੱਚ ਵੀ ਵਧੇਰੇ ਵਿਚਿੱਤਰ ਉਤਾਰ ਚੜ੍ਹਾ ਹਨ, ਸੁਗੰਧਿਤ ਅੰਸ਼ ਹਨ, ਅਨੇਕਾਂ ਦਰਿਆ ਸਮੁੰਦਰ ਵੱਲ ਵਹਿੰਦੇ ਹਨ।[67] ਸਿੱਖੂ ਨੇ ਲਾਕਾਂ ਦੀ ਇਸਤਰੀ ਨੂੰ ਪੈਸਿਵ (Passive) ਮੰਨਣ ਵਾਲੀ ਧਾਰਣਾ ਨੂੰ ਅਸਵੀਕਾਰ ਕੀਤਾ। ਉਸਦੀ ਸਿਧਾਂਤਕ ਸਮਝ ਇਹ ਹੈ ਕਿ ਇਸਤਰੀ ਲੇਖਨ ਇਸਤਰੀ ਨੂੰ ਪਿੱਤਰਸੱਤਾ ਦੇ ਦਾਇਰੇ ਤੋਂ ਬਾਹਰ ਲੈ ਜਾਂਦਾ ਹੈ, ਕਿਉਂਕਿ ਇਸਤਰੀ ਅੰਦੋਲਨ ਦਾ ਪ੍ਰਤੀਨਿਧਤਮ ਕਰਦੀ ਹੈ। ਲਾਰਾ ਅਲੈਕਜੈਂਡਰ (Lara Alexander) ਆਪਣੇ ਇਕ ਨਿਬੰਧ ਵਿੱਚ ਲਿਖਦੀ ਹੈ ਕਿ 'ਦ ਲਾਂਫ ਆਫ਼ ਮੇਦੂਸਾ' ਵਿੱਚ 'ਸਿਰਜਕ ਇਸਤਰੀਤਵ' ਦੇ ਰੂਪਕ ਦੇ ਬਹਾਨੇ ਹੈਲੇਨ ਸਿੱਖੂ ਦਾ ਉਦੇਸ਼ ਹੈ ਇਸਤਰੀ ਦੀ ਇੱਛਾ ਅਤੇ ਇਸਤਰੀ-ਸਰੀਰ ਦੀ ਭਾਸ਼ਾ ਨੂੰ ਪੁਨਰਨਿਰਮਿਤ ਕਰਨਾ ਹੈ ਜਿਸ ਨਾਲ ਪੁਰਸ਼ਵਾਦੀ ਸੰਰਚਨਾ ਦੇ ਖ਼ਿਲਾਫ਼ ਕ੍ਰਾਂਤੀਕਾਰੀ ਅੰਦੋਲਨ ਖੜ੍ਹਾ ਕੀਤਾ ਜਾ ਸਕੇ। ਸਿੱਖੂ ਨੇ ਮੇਦੂਸਾ ਦੇ ਰੂਪਕ ਦੇ ਜ਼ਰੀਏ ਇਸਤਰੀ ਦੀਆਂ ਸਾਰੀਆਂ ਦੱਬੀਆਂ ਹੋਈਆਂ ਇੱਛਾਵਾਂ ਤੋਂ ਮੁਕਤ ਕੀਤਾ। ਮੇਦੂਸਾ ਦੇ ਜ਼ਰੀਏ ਇਸਤਰੀ ਦੇ ਸਰੀਰ ਅਤੇ ਵਾਣੀ ਉੱਤੇ ਲੱਗੀਆਂ ਸਾਰੀਆਂ ਪਾਬੰਦੀਆਂ ਨੂੰ ਚੁਣੌਤੀ ਦਿੱਤੀ। ਉਹ ਅਨੰਤ ਰੂਪ ਇਸਤਰੀ ਕਾਮੁਕਤਾ ਦੀ ਵਕਾਲਤ ਕਰਦੀ ਹੈ ਜੋ ਅਨੰਤ ਸੰਭਾਵਨਾਵਾਂ ਨਾਲ ਭਰੀ ਹੈ, ਜੋ ਵਿਵਸਥਾ ਦਾ ਉਲੰਘਣ ਕਰਦੀ ਹੈ।[68] 'ਸਿਰਜਕ ਇਸਤਰੀਤਵ' ਦੀ ਧਾਰਣਾ ਵਿੱਚ ਸਤਹ ਉੱਤੇ ਸਿੱਖੂ ਨੇ ਲਾਕਾਂ ਦੀ ਬਾਇਨਰੀ (Binary) ਸਿਧਾਂਤਕੀ ਨੂੰ ਖਾਰਿਜ ਕੀਤਾ। ਸਿੱਖੂ ਪੁਰਸ਼ ਸੱਤਾ ਦੁਆਰਾ ਸਥਾਪਿਤ ਜੋੜਿਆਂ (Binaries) ਦਾ ਵਿਰੋਧ ਕਰਦੀ ਹੈ। ਔਰਤ/ਮਰਦ, ਪਰਕਿਰਤੀ/ਸਭਿਆਚਾਰ ਕ੍ਰਿਆਸ਼ੀਲ/ਅਕ੍ਰਿਆਸ਼ੀਲ, ਪਿਤਾ/ਮਾਤਾ ਆਦਿ ਕੁਝ ਜੋੜੇ ਹਨ ਜਿਨ੍ਹਾਂ ਦਾ ਨਿਆਇ ਜਾਂ ਤਰਕ ਆਮੇਲ, ਜੰਗ ਅਤੇ ਜੁਰਮ ਵੱਲ ਲੈ ਜਾਂਦਾ ਹੈ। ਸਿੱਖੂ ਦੀ ਧਾਰਨਾ ਹੈ ਕਿ ਪੁਰਖ ਦੇ ਇੱਕ ਪਾਸਾਰੀ ਮਨ ਦਾ ਚਿੰਤਨ ਹੈ ਜੋ ਅੰਤਰਾਂ ਨੂੰ ਆਪਣੇ ਅੰਦਰ ਮੇਲ ਨਹੀਂ ਸਕਦਾ। ...ਜੋੜਿਆਂ ਵਿੱਚੋਂ ਉਹ ਕੇਵਲ ਸ਼ਕਤੀ ਜਾਹਿਰ ਕਰਨ ਵਾਲੇ ਪੱਖ ਨਾਲ ਆਪਣੇ ਆਪ ਨੂੰ ਸੰਬੰਧਿਤ ਕਰਦਾ ਹੈ। ਇਸਦੇ ਮੁਕਾਬਲੇ ਨਾਰੀ ਵਿਰੋਧਾਂ/ਵਿਲੱਖਣ ਲਿੰਗ ਭਾਵਨਾਵਾਂ ਨੂੰ ਆਪਣੇ ਅੰਦਰ ਸਹਜੇ ਹੀ ਮੇਲ

ਲੈਂਦੀ ਹੈ। ਉਹ ਦੋ ਲਿੰਗੀ ਹੈ। ਪੁਰਖ ਨੇ ਆਪਣੇ ਆਪ ਨੂੰ ਸੱਤਾਧਾਰੀ ਰੱਖਣ ਲਈ ਸੁੰਗੇੜ ਕੇ ਇਕ-ਲਿੰਗੀ ਕਰ ਲਿਆ ਹੈ। ਇਸ ਲਈ ਉਸ ਵਿੱਚੋਂ ਪਰ ਦਾ ਲੰਘਣਾ ਮੁਸ਼ਕਿਲ ਹੋ ਗਿਆ ਹੈ। ਅੱਜ ਲੇਖਣ ਕਲਾ, ਨਾਰੀ ਦੀ ਬਣ ਗਈ ਹੈ ਕਿਉਂਕਿ ਲੇਖਨ ਰਾਹ ਗੁਜ਼ਰ ਹੈ ਜਿੱਥੋਂ ਪਰ ਲੰਘਦੇ ਹਨ।[69] ਨਾਰੀ ਲੇਖਨ ਪੁਰਖ-ਲਿੰਗ ਪ੍ਰਤੀਕ (ਫੈਲੱਸ) ਨਾਲ ਨਿਯੰਤ੍ਰਿਤ ਪ੍ਰਵਚਨ ਦੀ ਵੰਗਾਰ ਕਬੂਲਦਾ ਹੈ। ਨਾਰੀਤਵ ਨੂੰ ਲੇਖਨ ਵਿੱਚ ਸਥਾਪਿਤ ਕਰਦੀ ਹੈ। ਇਸ ਲੇਖਨ ਦਾ ਆਪਣਾ ਕਥਨ ਹੈ। ਇਸ ਵਿੱਚ ਸਾਨੂੰ ਛੂਹਣ ਦੀ ਸ਼ਕਤੀ ਹੈ- ਇੱਕ ਗੀਤ ਹੈ, ਪਿਆਰ ਧ੍ਵਨੀ ਦਾ ਪਹਿਲਾ ਸੰਗੀਤ ਜੋ ਹਰ ਨਾਰੀ ਜਿਉਂਦਾ ਰੱਖਦੀ ਹੈ। ਇਹ ਧ੍ਵਨੀ, ਕਾਨੂੰਨ ਅਤੇ ਪ੍ਰਤੀਕਾਤਮਕ ਦੇ ਇਸ ਨੂੰ ਭਾਸ਼ਾ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਦੇ ਕਾਲ ਵਿੱਚ ਗਾਉਂਦੀ ਹੈ। ਹਰ ਨਾਰੀ ਵਿੱਚ ਪੂਰਵਲਾ, ਪ੍ਰਤੀਕਾਤਮਕ ਤੋਂ ਪਹਿਲਾਂ ਦਾ, ਨਿਰਨਾਵਾਂ, ਪਿਆਰ ਗਾ ਰਿਹਾ ਹੈ।[70]

ਇਸ ਤਰ੍ਹਾਂ ਹੈਲੇਨ ਸਿੱਖੂ ਨਾਰੀ ਨੂੰ ਮਰਦ ਨਾਲੋਂ ਨਾ ਕੇਵਲ ਸਰੀਰਕ ਪੱਖ ਤੋਂ ਹੀ ਨਿਖੇੜਦੀ ਹੈ ਬਲਕਿ ਨਾਰੀ ਲੇਖਣ/ਨਾਰੀ ਪਾਠ ਨੂੰ ਵੀ ਮਰਦ ਲਿਖਤ ਨਾਲੋਂ ਵੱਖਰਾ, ਵਿਲੱਖਣ ਅਤੇ ਵਿਸ਼ੇਸ਼ ਦਰਸਾਉਂਦੀ ਹੈ। ਉਹ ਨਾਰੀ ਅੰਦਰ ਮੌਜੂਦ ਅਨੰਤ ਸੰਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਜੂਲੀਆ ਕ੍ਰਿਸਤੀਵਾ (Julia Kristeva) ਲਾਕਾਂ ਦੇ ਪ੍ਰਤੀਕਾਤਮਕ ਪ੍ਰਬੰਧ ਦੇ ਸਿਧਾਂਤ ਦੀ ਆਲੋਚਨਾ ਕਰਦੀ ਹੈ। ਉਹ ਆਪਣੀ ਕਿਤਾਬ 'ਡੀਜ਼ਾਈਰ ਇਨ ਲੈਂਗੁਏਜ' (Desire in language) ਵਿੱਚ ਲਾਕਾਂ ਦੇ ਇਸ ਸਿਧਾਂਤ ਦੇ ਸਮਵਿੱਥ 'ਸੀਮਿਔਟਿਕ ਕੌਰਿਕ' (Semiotic Korak) ਦਾ ਸੰਕਲਪ ਪੇਸ਼ ਕਰਦੀ ਹੈ। ਡਾ. ਬੇਅੰਤ ਕੌਰ ਕ੍ਰਿਸਤੀਵਾ ਦੇ ਹਵਾਲੇ ਨਾਲ ਲਿਖਦੀ ਹੈ ਕਿ ਸੀਮਿਔਟਿਕ ਪ੍ਰਕਾਰ ਦਾ ਸਿਗਨੀਫਿਕੇਸ਼ਨ (Signification) ਪੂਰਵ ਇਡੀਪਲ ਅਵਸਥਾ ਵਿੱਚ ਹੈ ਜਦੋਂ ਨਵਜਾਤ, ਦਮਨ ਦੇ ਪੂਰਵ ਅਵਸਥਾ ਵਿੱਚ ਪ੍ਰਤੀਕਾਤਮਕ ਪ੍ਰਬੰਧ ਦੇ ਹਾਸ਼ੀਏ ਵਿੱਚ ਹੈ। 'ਸੀਮਿਔਟਿਕ ਕੌਰਿਕ' ਅਵਚੇਤਨ ਦਾ ਉਹ ਖੇਤਰ ਹੈ ਜਿਸ ਵਿੱਚ ਚੇਤਨ ਬੋਲ ਨਿਰਧਾਰਿਤ ਹੁੰਦਾ ਹੈ। ਇਸ ਲਈ ਅਵਚੇਤਨ ਵਿੱਚ ਪਏ ਦਾਮਨਿਤ ਜਾਂ ਨਿਅੰਤਰਿਤ ਅਭਿਵਿਅਕਤ ਸ਼ਬਦਾਂ ਨੂੰ ਕ੍ਰਿਸਤੀਵਾ ਨੇ ਸੀਮਿਔਟਿਕ ਕੌਰਿਕ ਨਾਲ ਸੰਬੰਧਿਤ ਕੀਤਾ ਹੈ। ਇਹ ਸੀਮਿਔਟਿਕ ਕੌਰਿਕ (avant grade) ਪ੍ਰਤੀਕਾਤਮਕ ਪ੍ਰਬੰਧ ਤੋਂ ਵੱਖਰੇ ਨਹੀਂ ਹਨ ਬਲਕਿ ਪ੍ਰਤੀਕਾਤਮਕ ਪ੍ਰਬੰਧ ਦੇ ਸਾਹਿਤਕ ਅਵਾਗਾਰਦ ਭਾਵ ਹਾਸ਼ੀਆਗਤ ਹੋਣ ਕਾਰਨ, ਸੀਮਿਔਟਿਕ ਕੌਰਿਕ ਨਾਰੀ ਪੱਖ ਨਾਲ ਸੰਬੰਧਿਤ ਸਿਗਨੀਫਿਕੇਸ਼ਨ ਹੀ ਹੈ। ਨਾਰੀ ਪੱਖ ਨਾਲ ਸੰਬੰਧਿਤ ਅਜਿਹੇ ਸਿਗਨੀਫਿਕੇਸ਼ਨ ਸਥਾਪਤੀ ਸਾਹਮਣੇ ਕਈ ਪ੍ਰਸ਼ਨ ਖੜ੍ਹੇ ਕਰ ਸਕਦੇ ਹਨ ਜੋ ਕਿ ਦ੍ਰਿਸ਼ਟਮਾਨ ਅਰਥਚਾਰਾ ਅਤੇ ਸਮਾਜਿਕ ਸੰਰਚਨਾ ਦੇ ਰੂ-ਬ-ਰੂ ਹਨ।[71] ਕ੍ਰਿਸਤੀਵਾ ਨਾਰੀ ਦੀ ਹਾਸ਼ੀਆਗਤ ਸਥਿਤੀ ਲਈ ਪਿੱਤਰਕੀ ਵਿਧਾਨ ਨੂੰ ਜ਼ਿੰਮੇਵਾਰ ਮੰਨਦੀ ਹੈ। ਉਸ ਦਾ ਵਿਚਾਰ ਹੈ ਕਿ ਔਰਤ ਨੂੰ ਖੇਤਰਾਂ ਵਾਲੀ ਸਲਤਨਤ, ਸੁਰਾਖ਼, ਨੁਕਤੇ ਅਤੇ ਰੇਖਾਵਾਂ ਬਣਾ ਕੇ ਰੱਖ ਦਿੱਤਾ ਗਿਆ ਹੈ ਅਤੇ ਗ਼ੁਲਾਮੀ ਤੇ ਅਣਗਹਿਲੀ ਉਸ

ਦੀ ਹੋਣੀ ਬਣਾ ਦਿੱਤੀ ਗਈ ਹੈ। ਉਸਦੀ ਦੇਹ ਨੂੰ ਨਿਰ-ਆਤਮ ਦੇ ਇਤਿਹਾਸ ਵਿੱਚੋਂ ਖਾਰਜ ਹੀ ਨਹੀਂ ਕਰ ਦਿੱਤਾ ਗਿਆ, ਸਗੋਂ ਉਸ ਨੂੰ ਮੈਲ, ਗੰਦ, ਖ਼ੂਨ ਨਾਲ ਜੋੜ ਕੇ ਪਤਨ/ਪਾਪ/ਅਪਵਿੱਤਰ ਸਮਝ ਕੇ ਵਸਤੂ ਵੀ ਬਣਾ ਦਿੱਤਾ ਗਿਆ ਹੈ।

ਅਮਰੀਕੀ ਨਾਰੀਵਾਦੀ ਚਿੰਤਕ ਅਤੇ ਪ੍ਰਸਿੱਧ ਮਨੋਵਿਗਿਆਨੀ ਨੈਨਸੀ ਚਦੋਰੋ (Nancy Chodorow) ਨਾਰੀ ਅਵਚੇਤਨ ਨੂੰ ਸਮਾਜਿਕ ਪ੍ਰਬੰਧ ਨਾਲ ਜੋੜ ਕੇ ਨਵਾਂ ਪਰਿਪੇਖ ਦਿੰਦੀ ਹੈ। ਉਸ ਦੀਆਂ ਪ੍ਰਸਿੱਧ ਲਿਖਤਾਂ 'ਦ ਰਿਪਰੋਡਕਸ਼ਨ ਆਫ਼ ਮੱਦਰਿੰਗ' (The Reproduction of Mothering) 1978, ਅਤੇ 'ਫੈਮੀਨਿਜ਼ਮ ਐਂਡ ਸਾਇਕੋਐਨੇਲਟਿਕ ਥਿਊਰੀ' (Feminism and Psychoanalytic Theory) 1989 ਹਨ। ਡਾ. ਬੇਅੰਤ ਕੌਰ ਲਿਖਦੀ ਹੈ ਕਿ ਨੈਨਸੀ ਚਦੋਰੋ ਈਡੀਪਲ ਕੰਪਲੈਕਸ ਜਾਂ ਨਿਪੁੰਸੀਕਰਣ ਕੰਪਲੈਕਸ ਦੀ ਗੱਲ ਨਹੀਂ ਕਰਦੀ ਸਗੋਂ ਵਿਕਾਸ ਦੀ ਪੂਰਵ ਈਡੀਪਲ ਅਵਸਥਾ ਦੇ ਮਾਨਸਿਕ ਪ੍ਰਭਾਵਾਂ ਅਤੇ ਮਾਤਾ-ਪੁੱਤਰੀ ਸੰਬੰਧਾਂ ਦੇ ਗੁਣਾਂ ਉੱਤੇ ਵਧੇਰੇ ਫੋਕਸ ਕਰਦੀ ਹੈ। ਉਸਨੇ 'ਮਾਂ ਦੇ ਸੰਕਲਪ' ਨੂੰ ਇਤਿਹਾਸ ਸਿਧਾਂਤਕ ਪਰਿਪੇਖ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ। ਉਹ ਪੂਰਵ ਈਡੀਪਲ ਬਾਈਸੈਕਸਓਲਿਟੀ (Oedipal bisexuality) ਨੂੰ ਸਵੀਕਾਰ ਕਰਦਿਆਂ ਇਸ ਗੱਲ ਦੀ ਮਹੱਤਤਾ ਤੇ ਜ਼ੋਰ ਦਿੰਦੀ ਹੈ ਕਿ ਵਿਸ਼ਵ ਵਿਆਪੀ ਨਾਰੀ, ਪਾਲਣਾ ਪੋਸ਼ਣਾ ਲਈ ਵਧੇਰੇ ਜ਼ਿੰਮੇਵਾਰ ਹੈ। ਇਕ ਮਾਂ ਜਦੋਂ ਆਪਣੇ ਬੱਚੇ ਨਾਲ ਵਿਸ਼ੇਸ਼ ਕਰਕੇ ਮਾਤਾ-ਪੁੱਤਰੀ ਸੰਬੰਧਾਂ ਨਾਲ ਸੰਬੰਧਿਤ ਹੁੰਦੀ ਹੈ ਤਾਂ ਉਹ ਇਕੋ ਵੇਲੇ ਦੂਹਰੀ ਏਕਾਤਮਕਤਾ (Identification) ਨਾਲ ਜੁੜੀ ਹੁੰਦੀ ਹੈ। ਇਕ ਪਾਸੇ ਨਾਰੀ ਆਪਣੀ ਮਾਤਾ ਨਾਲ ਤੇ ਦੂਜੇ ਪਾਸੇ ਆਪਣੇ ਬੱਚੇ ਨਾਲ ਅੰਤਰ ਸੰਬੰਧਿਤ ਹੈ। ਅਜਿਹੇ ਸੰਬੰਧਾਂ ਵਿੱਚ ਉਹ ਪੁਰਖ ਦੇ ਅਧੀਨ ਨਹੀਂ। ਇਸਦੇ ਵਿਰੋਧ ਵਿੱਚ ਮਾਂ-ਪੁੱਤਰ ਸੰਬੰਧਾਂ ਵਿੱਚ ਬੱਚਾ ਜਦ ਦਰਪਣ ਅਵਸਥਾ ਨੂੰ ਟੱਪ ਜਾਂਦਾ ਹੈ ਤਾਂ ਉਹ ਆਪਣੇ ਭੇਦਕ ਆਪੇ ਤੋਂ ਜਾਣੂ ਹੁੰਦਾ ਹੈ ਕਿ ਉਹ ਮਾਤਾ ਦੇ ਸਮਾਨ ਨਹੀਂ। ਉਸ ਅੰਦਰ ਪੁਰਸ਼ਤਾ ਪਛਾਣ ਵਿਕਸਿਤ ਹੁੰਦੀ ਹੈ ਜੋ ਕਿ ਪਿਤਾ ਉੱਪਰ ਆਧਾਰਿਤ ਹੈ।[72]

ਸੋ ਮਨੋਵਿਸ਼ਲੇਸ਼ਣ ਅਤੇ ਨਾਰੀਵਾਦ ਦੋਹਾਂ ਦਾ ਸਾਂਝਾ ਵਿਸ਼ਾ ਖੇਤਰ 'ਨਾਰੀ ਅਵਚੇਤਨ' ਹੈ। ਮਨੋਵਿਗਿਆਨੀ ਅਤੇ ਮਨੋਵਿਸ਼ਲੇਸ਼ਕ ਸਿਗਮੰਡ ਫਰਾਇਡ ਅਤੇ ਯੱਕ ਲਾਕਾਂ ਨੇ ਨਾਰੀ ਮਨ, ਨਾਰੀ ਕਾਮੁਕਤਾ ਅਤੇ ਨਰ-ਨਾਰੀ ਦੇ ਮਨੋਲਿੰਗਕ ਵਿਹਾਰ ਸੰਬੰਧੀ ਕਈ ਅੰਤਰ-ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ। ਇਹਨਾਂ ਚਿੰਤਕਾਂ ਦੁਆਰਾ ਦਿੱਤੇ ਸਿਧਾਂਤਾਂ ਨੂੰ ਨਾਰੀਵਾਦੀ ਚਿੰਤਕਾਂ ਨੇ ਆਪਣੇ ਵੱਖਰੇ ਦ੍ਰਿਸ਼ਟੀਕੋਣ ਤੋਂ ਸਮਝਦਿਆਂ ਹੋਇਆਂ ਇਹਨਾਂ ਸਿਧਾਤਾਂ ਦੀ ਪੁਨਰ ਵਿਆਖਿਆ ਕਰਦਿਆਂ ਨਾਰੀ ਕਾਮੁਕਤਾ ਅਤੇ ਨਾਰੀ ਭਾਸ਼ਾ ਦੀ ਵਿਲੱਖਣਤਾ ਸੰਬੰਧੀ ਆਪਣੀਆਂ ਵੱਖਰੀਆਂ ਧਾਰਨਾਵਾਂ ਨੂੰ ਸਥਾਪਿਤ ਕਰਕੇ ਪੁਰਖ ਪ੍ਰਧਾਨ ਪਿੱਤਰਕੀ ਸਿਧਾਂਤਾਂ, ਪ੍ਰਵਚਨਾਂ ਅਤੇ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਹੈ।

## V. ਉੱਤਰ-ਸੰਰਚਨਾਵਾਦ ਅਤੇ ਨਾਰੀਵਾਦੀ ਚਿੰਤਨ

ਸੱਤਵੇਂ ਦਹਾਕੇ ਦੇ ਅੰਤਲੇ ਵਰ੍ਹਿਆਂ ਵਿੱਚ ਸੰਰਚਨਾਵਾਦ ਦਾ ਸਥਾਨ ਉੱਤਰ-ਸੰਰਚਨਾਵਾਦ ਨੇ ਲੈਣਾ ਆਰੰਭ ਕਰ ਦਿੱਤਾ ਸੀ। ਸੰਰਚਨਾਵਾਦ ਨੇ ਜਿੰਨ੍ਹਾਂ ਵਿਗਿਆਨਕ ਅਤੇ ਵਸਤੂ ਮੂਲਕ ਉਮੀਦਾਂ ਨੂੰ ਜਨਮ ਦਿੱਤਾ ਉੱਤਰ-ਸੰਰਚਨਾਵਾਦ ਉਹਨਾਂ ਨੂੰ ਨਕਾਰਦਾ ਹੈ। ਲਗਭਗ ਦੋ ਦਹਾਕਿਆਂ ਤੋਂ ਉੱਤਰ-ਸੰਰਚਨਾਵਾਦ ਦੀ ਵਧੇਰੇ ਸ਼ਕਤੀ ਇਸੇ ਗੱਲ ਦੀ ਤਲਾਸ਼ ਕਰਨ ਵਿੱਚ ਲੱਗੀ ਰਹੀ ਹੈ ਕਿ ਸ਼ਬਦ ਕਿਸ ਤਰ੍ਹਾਂ ਅਰਥ-ਦਰ-ਅਰਥ ਉਤਪੰਨ ਕਰਦਾ ਹੈ ਅਤੇ ਇਹ ਅਰਥ-ਦਰ-ਅਰਥ ਕਿਸ ਤਰ੍ਹਾਂ ਭਾਸ਼ਾ ਤੇ ਸਾਹਿਤ ਦੇ ਜਟਿਲ ਪ੍ਰਬੰਧ ਵਿੱਚ ਕਾਰਜਸ਼ੀਲ ਹਨ।

ਉੱਤਰ-ਸੰਰਚਨਾਵਾਦੀ ਚਿੰਤਕਾਂ ਵਿੱਚੋਂ ਯੱਕ ਦੇਰੀਦਾ (Jacque Derrida) ਅਜਿਹਾ ਪ੍ਰਸਿੱਧ ਚਿੰਤਕ ਹੈ ਜਿਸਨੇ ਵਿਰਚਨਾਵਾਦ (Deconstruction) ਦੇ ਨਾਮ ਨਾਲ ਨਵੀਂ ਭਾਸ਼ਿਕ ਚੇਤਨਾ ਦਾ ਪ੍ਰਸਾਰ ਕੀਤਾ। ਦੇਰੀਦਾ ਦੇ ਵਿਚਾਰ ਉਸ ਦੀਆਂ ਮਹੱਤਵਪੂਰਨ ਪੁਸਤਕਾਂ 'ਆਫ਼ ਗ੍ਰਾਮੋਟੋਲਜੀ' (Of Grammatology), 'ਸਪੀਚ ਐਂਡ ਫਿਨੋਮਿਨਾ' (Speech and Phenomena) ਵਿੱਚ ਦਰਜ ਹਨ। ਦੇਰੀਦਾ ਦਾ ਵਿਰਚਨਾਵਾਦੀ ਅਧਿਐਨ ਅਰਥ ਦੀ ਅਨਿਸ਼ਚਿਤਤਾ ਨੂੰ ਉਘਾੜਦਾ ਹੈ। ਸੰਰਚਨਾਵਾਦ ਨਾਲ ਬਹਿਸ ਕਰਦਿਆਂ ਦੇਰੀਦਾ ਕਹਿੰਦਾ ਹੈ ਕਿ ਸੰਰਚਨਾਵਾਦੀ ਚਿੰਤਨ ਵਿੱਚ ਸੰਰਚਨਾ ਦੀ ਧਾਰਣਾ ਇਸ ਪੂਰਬ-ਕਲਪਨਾ ਉੱਤੇ ਟਿਕੀ ਹੋਈ ਹੈ ਕਿ ਅਰਥ ਦਾ ਕਿਸੇ ਵੀ ਤਰ੍ਹਾਂ ਦਾ ਕੇਂਦਰ ਹੁੰਦਾ ਹੈ। ਇਹ ਕੇਂਦਰ ਸੰਰਚਨਾ ਨੂੰ ਆਪਣੇ ਅਧੀਨ ਰੱਖਦਾ ਹੈ, ਪਰ ਖ਼ੁਦ ਇਸ ਕੇਂਦਰ ਨੂੰ ਵਿਵੇਚਨ ਹੇਠਾਂ ਨਹੀਂ ਲਿਆਂਦਾ ਜਾ ਸਕਦਾ।[73] ਦੇਰੀਦਾ ਅਰਥ ਦੀ ਕੇਂਦਰਹੀਣਤਾ ਨੂੰ ਪ੍ਰਗਟਾਉਂਦਾ ਹੈ। ਭਾਸ਼ਾ ਵਿੱਚ ਅਰਥਾਂ ਦੀ ਖੇਡ ਨੂੰ ਸਪੱਸ਼ਟ ਕਰਨ ਲਈ ਦੇਰੀਦਾ ਇਕ ਵਿਸ਼ੇਸ਼ ਸ਼ਬਦ ਤੋਂ ਕੰਮ ਲੈਂਦਾ ਹੈ। ਜਿਸਨੂੰ ਉਹ ਫ੍ਰਾਂਸੀਸੀ ਸ਼ਬਦ Differance ਦੇ ਦੋਹਾਂ ਅਰਥਾਂ, ਅਰਥਾਤ Difference 'ਭਿੰਨਤਾ' ਅਤੇ Diferment 'ਸਥਗਨ' ਲਈ ਵਰਤਦਾ ਹੈ ਅਤੇ ਆਖਦਾ ਹੈ ਕਿ ਭਾਸ਼ਾ ਵਿੱਚ ਅਰਥ ਦਾ ਪ੍ਰਭਾਵ ਦੂਸਰੇ ਅਣਗਿਣਤ ਅਰਥਾਂ ਤੋਂ ਉਸਦੀ ਭਿੰਨਤਾ ਰਾਹੀਂ ਪੈਦਾ ਹੁੰਦਾ ਹੈ ਅਤੇ ਅਰਥ ਦਾ ਕਿਉਂਕਿ ਪੱਕਾ ਆਧਾਰ ਨਹੀਂ, ਉਸਦੀ ਨਿਸ਼ਚੇਆਤਮਕਤਾ ਸਥਗਨ ਵਿੱਚ ਰਹਿੰਦੀ ਹੈ, ਇਕ ਸਾਮਾਨ-ਆਰਥਕ ਤੋਂ ਦੂਸਰੇ ਸਮਾਨ-ਆਰਥਕ ਤਕ ਅਤੇ ਇਹ ਸਿਲਸਿਲਾ ਅੰਤਹੀਣ ਹੈ।[74] ਦੇਰੀਦਾ ਆਪਣੀ ਵਿਰਚਨਾਵਾਦੀ ਵਿਧੀ ਨੂੰ ਦੂਹਰੀ ਪੜ੍ਹਤ ਵੀ ਕਹਿੰਦਾ ਹੈ ਯਾਨੀ ਇਕ ਪੜ੍ਹਤ ਵਿੱਚ ਉਹ ਉਨ੍ਹਾਂ ਅਰਥਾਂ ਨਾਲ ਬਹਿਸ ਕਰਦਾ ਹੈ ਜਿਹੜੇ ਆਮ ਤੌਰ ਤੇ ਉਸ ਪਾਠ ਦੇ ਭਾਵ ਲਏ ਜਾਂਦੇ ਹਨ ਜਾਂ ਲਏ ਜਾ ਸਕਦੇ ਹਨ ਅਤੇ ਦੂਸਰੀ ਪੜ੍ਹਤ ਵਿੱਚ ਉਹ Differance (ਭਿੰਨਤਾ), Dissemination (ਪ੍ਰਸਾਰ) ਨੂੰ ਧਿਆਨ ਵਿੱਚ ਰੱਖ ਕੇ ਅਰਥ ਅਤੇ ਅਰਥ ਦੇ ਰੱਦ ਕੀਤੇ ਜਾਣ ਦਾ ਉਹ ਸਮਾਂ ਪੈਦਾ ਕਰਦਾ ਹੈ ਕਿ ਪਾਠ ਅੰਤਮ ਤੌਰ 'ਤੇ

ਅਰਥਗਤ ਅੰਤਰਵਿਰੋਧ ਅਤੇ ਨਾ ਸੁਲਝਾਏ ਜਾ ਸਕਣ ਵਾਲੇ ਵਿਰੋਧਾਭਾਸ ਦਾ ਸ਼ਿਕਾਰ ਹੋ ਜਾਂਦਾ ਹੈ ਜਿਸਨੂੰ ਦੇਰੀਦਾ aporia ਕਹਿੰਦਾ ਹੈ, ਅਰਥਾਤ ਉਹ ਪੜਾਉ ਜਿੱਥੇ ਅਰਥ ਦੀ ਏਕਤਾ ਅਲੋਪ ਹੋ ਜਾਂਦੀ ਹੈ, ਅਰਥਗਤ ਅਨਿਸ਼ਚਿਤਤਾ ਪੂਰਨ ਰੂਪ ਵਿੱਚ ਸਾਮ੍ਹਣੇ ਆ ਜਾਂਦੀ ਹੈ। ਦੇਰੀਦਾ ਦੀ ਵਿਰਚਨਾ ਵਿਧੀ ਅਨੁਸਾਰ ਹਰ ਇਕ ਪਾਠ ਅਸਲ ਵਿੱਚ ਖ਼ੁਦ ਨੂੰ 'ਵਿਸਥਾਪਿਤ' ਕਰਨ ਦੀ ਸੰਭਾਵਨਾ ਰੱਖਦਾ ਹੈ ਅਤੇ ਵਿਰਚਨਾਵਾਦੀ ਅਧਿਐਨ ਉਨ੍ਹਾਂ ਅੰਤਰ ਵਿਰੋਧਾਂ ਜਾਂ ਅਰਥ ਦੀ ਅਨਿਸ਼ਚਿਤਤਾ ਨੂੰ ਉਘਾੜਦਾ ਹੈ।[75] ਦੇਰੀਦਾ ਦੀ ਵਿਰਚਨਾ ਵਿਧੀ ਰਾਹੀਂ ਪ੍ਰਚਲਿਤ ਪਿੱਤਰਕੀ ਪਾਠ ਦਾ ਵਿਖੰਡਨ ਕਰਦੇ ਹੋਏ ਨਾਰੀ ਪਾਠ, ਨਾਰੀ ਲੇਖਣ, ਅਤੇ ਨਾਰੀ ਭਾਸ਼ਾ ਲਈ ਨਵੀਨ ਸੰਭਾਵਨਾਵਾਂ ਪੈਦਾ ਹੋਈਆਂ ਹਨ।

ਫ਼ਰਾਂਸੀਸੀ ਨਾਰੀ ਚਿੰਤਕਾਂ ਲੂਸੀ ਇਰਿਗੈਰੇ, ਜੂਲੀਆ ਕ੍ਰਿਸਤੀਵਾ, ਅਤੇ ਹੈਲੇਨ ਸਿੱਖੂ ਨੇ ਦੇਰੀਦਾ ਦੇ ਭਿੰਨਤਾ ਸਿਧਾਂਤ ਨੂੰ ਆਧਾਰ ਬਣਾ ਕੇ ਪਿੱਤਰਸੱਤਾ ਅਤੇ ਭਾਸ਼ਾ ਦੇ ਅੰਤਰਸੰਬੰਧਾਂ ਨੂੰ ਸਥਾਪਿਤ ਕਰਦਿਆਂ ਨਾਰੀ ਭਾਸ਼ਾ ਦਾ ਸਵਾਲ ਉਠਾਇਆ। ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ ਲਿਖਦੇ ਹਨ ਕਿ ਦੇਰਿਦਾ ਅਨੁਸਾਰ ਸਾਡੇ ਕੋਲ ਤਿੰਨ ਤਰ੍ਹਾਂ ਦੀ ਭਾਸ਼ਾ ਹੈ। ਲੋਗੋਸੈਂਟਰਿਕ (Logocentric), ਫੈਲਿਗੋਸੈਂਟਰਿਕ (Phallogocentric) ਅਤੇ ਬਾਇਨਰੀ (Binary)। 'ਰਾਈਟਿੰਗ ਐਂਡ ਡਿਫਰੈਂਸ' (Writing and Defference) ਵਿੱਚ ਦੇਰੀਦਾ ਨੇ ਦੱਸਿਆ ਕਿ ਭਾਸ਼ਾ ਦੇ ਜ਼ਰੀਏ ਜੋ ਵੀ ਗੱਲ ਕਹੀ ਜਾਂਦੀ ਹੈ ਉਹ ਪਾਠ ਬਣ ਜਾਂਦੀ ਹੈ। ਦੇਰੀਦਾ ਨੇ ਭਿੰਨਤਾ ਦੀ ਧਾਰਣਾ ਦਾ ਯਥਾਰਥ ਅਤੇ ਧਾਰਣਾ ਦੇ ਵਿੱਚ ਕਦੇ ਘੱਟ ਨਾ ਹੋਣ ਵਾਲੇ ਅੰਤਰਾਲ ਦੇ ਰੂਪ ਵਿੱਚ ਜ਼ਿਕਰ ਕੀਤਾ ਹੈ। ਦੇਰੀਦਾ ਦੇ ਭਿੰਨਤਾ ਸੰਬੰਧੀ ਵਿਚਾਰਾਂ ਨੂੰ ਇਰਿਗੈਰੇ ਅਤੇ ਜੂਲੀਆ ਕ੍ਰਿਸਤੀਵਾ ਨੇ ਜਿਉਂ ਦਾ ਤਿਉਂ ਅਪਣਾ ਲਿਆ। ਭਾਸ਼ਾ ਵਿੱਚ ਔਰਤ ਇਕ ਸਕ੍ਰਿਆ ਤੱਤ ਦੇ ਰੂਪ ਵਿੱਚ ਦਾਖਲ ਹੀ ਨਹੀਂ ਹੁੰਦੀ। ਇਰਿਗੈਰੇ ਕਹਿੰਦੀ ਹੈ ਕਿ 'ਇਸਤਰੀ ਅਤੇ ਪੁਰਸ਼ ਦੋਵੇਂ ਇਕ-ਦੂਸਰੇ ਨੂੰ ਭਾਸ਼ਾ ਰਾਹੀਂ ਭਿੰਨ ਰੂਪ ਵਿੱਚ ਕਦੇ ਘੱਟ ਨਾ ਹੋਣ ਵਾਲੇ ਅੰਤਰਾਲ ਦੇ ਰੂਪ ਵਿੱਚ ਭਿੰਨ ਰੂਪ ਵਿੱਚ ਸਵੀਕਾਰ ਕਰਨ। ਇਹ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਇਸਤਰੀ ਆਪਣੀ ਵਿਅਕਤੀ ਦੇ ਰੂਪ ਵਿੱਚ ਸਵੀਕ੍ਰਿਤੀ ਪ੍ਰਾਪਤ ਨਹੀਂ ਕਰ ਲੈਂਦੀ ਅਤੇ ਪੁਰਸ਼ ਦੇ ਨਾਲ ਸੰਚਾਰ ਕਰਨਾ ਨਹੀਂ ਸਿੱਖ ਜਾਂਦੀ।'[76]

ਇਰਿਗੈਰੇ ਨੇ ਮਨੋਵਿਗਿਆਨ, ਭਾਸ਼ਾ ਅਤੇ ਸੰਸਕ੍ਰਿਤੀ ਦੀ ਨਾਰੀਵਾਦੀ ਨਜ਼ਰੀਏ ਤੋਂ ਵਿਆਖਿਆ ਪੇਸ਼ ਕੀਤੀ। ਇਰਿਗੈਰੇ ਦਾ ਮੰਨਣਾ ਹੈ ਕਿ ਤੁਸੀਂ ਲਿਖਦੇ ਸਮੇਂ ਅਚਾਨਕ ਲਿੰਗਕੇਂਦਰਤਾ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦੇ। ਤੁਸੀਂ ਪਿੱਤਰਸੱਤਾ ਦੇ ਨਿਯਮਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਦੇ। ਭਾਸ਼ਾ ਅਤੇ ਵਿਮਰਸ਼ ਇਹ ਦੋਵੇਂ ਉਸਦੇ ਨਿਯਮਾਂ ਦੁਆਰਾ ਸੰਚਾਲਿਤ ਹਨ। ਇਸਦੇ ਉਲਟ ਸਾਨੂੰ ਪਿੱਤਰਸੱਤਾਤਮਕ ਵਿਮਰਸ਼ ਵਿੱਚ ਵਾਇਰਸ ਦੀ ਤਰ੍ਹਾਂ ਕੰਮ ਕਰਨਾ ਹੋਵੇਗਾ ਜਿਸ ਨਾਲ ਉਸਨੂੰ ਪ੍ਰਭਾਵਿਤ ਕਰਕੇ ਬੁਨਿਆਦੀ

ਤੌਰ 'ਤੇ ਬਦਲਿਆ ਜਾ ਸਕੇ। ਇਸਦੇ ਕਾਰਣ ਸਾਨੂੰ ਇਕ ਵੱਖਰੀ ਭਾਸ਼ਾ ਦੀ ਸੰਭਾਵਨਾ ਪ੍ਰਤੀ ਖੁੱਲਾ ਰਹਿਣਾ ਹੋਵੇਗਾ।[77]

ਅਸੀਂ ਪੁਰਸ਼ ਨੂੰ ਪੁਰਸ਼ ਅਤੇ ਇਸਤਰੀ ਨੂੰ ਇਸਤਰੀ ਦੇ ਸਥਿਰ ਰੂਪ ਵਿੱਚ ਦੇਖਣ ਦੇ ਆਦੀ ਹੋ ਚੁੱਕੇ ਹਾਂ। ਇਸ ਧਾਰਣਾ ਦੇ ਤਹਿਤ ਮਰਦ ਹਮੇਸ਼ਾ ਮਰਦ ਰਹਿੰਦਾ ਹੈ ਅਤੇ ਇਸਤਰੀ ਹਮੇਸ਼ਾ ਇਸਤਰੀ ਰਹਿੰਦੀ ਹੈ, ਇਸ ਵਿੱਚ ਕੋਈ ਬਦਲਾਵ ਨਹੀਂ ਆਉਂਦਾ। ਇਹ ਇਕਸਾਰ ਅਤੇ ਸਥਿਰ ਧਾਰਣਾ ਹੈ। ਇਹ ਧਾਰਣਾ ਵਿਭਿੰਨਤਾ ਅਤੇ ਰੂਪਾਂਤਰਣ ਨੂੰ ਅਸਵੀਕਾਰ ਕਰਦੀ ਹੈ। ਇਰਿਗੈਰੇ ਇਸ ਸਮਝ ਨੂੰ ਪਲਟਣਾ ਚਾਹੁੰਦੀ ਹੈ ਕਿ ਇਸਤਰੀ ਜਰੂਰੀ ਨਹੀਂ ਇਸਤਰੀ ਹੋਵੇ, ਇਸਤਰੀ ਜ਼ਰੂਰੀ ਨਹੀਂ ਕਿ ਇਸਤਰੀਵਾਦੀ ਹੋਵੇ। ਇਸਤਰੀ ਅਤੇ ਪੁਰਸ਼ ਦੋ ਲਿੰਗ ਹਨ ਅਤੇ ਸਾਡਾ ਮੁੱਖ ਕੰਮ ਹੈ ਕਿ ਇਹਨਾਂ ਦੀ ਪ੍ਰਾਕ੍ਰਿਤੀ ਦਾ ਸੰਸਕ੍ਰਿਤੀ ਵਿੱਚ ਲਿੰਗ ਦੇ ਰੂਪ ਵਿੱਚ ਹੀ ਰੂਪਾਂਤਰਣ ਕੀਤਾ ਜਾਏ। ਉਹ ਇਸਤਰੀ ਅਤੇ ਪੁਰਸ਼ ਬਣੇ ਰਹਿਣ ਅਤੇ ਲਿੰਗ ਦੇ ਪ੍ਰਤੀ ਵਫ਼ਾਦਾਰ ਰਹਿਣ। ਸਵਾਲ ਉੱਠਦਾ ਹੈ ਕਿ ਸਵੈ ਦੇ ਪ੍ਰਤੀ, ਦੂਜੇ ਦੇ ਪ੍ਰਤੀ, ਲਿੰਗ ਦੇ ਪ੍ਰਤੀ ਵਫ਼ਾਦਾਰ ਕਿਵੇਂ ਰਿਹਾ ਜਾ ਸਕਦਾ ਹੈ। ਦੇਰੀਦਾ ਦੇ ਸ਼ਬਦਾਂ ਵਿੱਚ 'ਭਾਸ਼ਾ ਤੋਂ ਪਹਿਲਾਂ ਵਿਚਾਰ ਨਹੀਂ ਸੀ।' ਇਰਿਗੈਰੇ ਦਾ ਮੰਨਣਾ ਹੈ ਕਿ ਇਸਤਰੀ ਅਤੇ ਪੁਰਸ਼ ਦਾ ਅੰਤਰ ਭਾਸ਼ਾ ਅਤੇ ਵਿਚਾਰ ਤੋਂ ਪਹਿਲਾਂ ਰਚਿਆ ਗਿਆ। ਇਸਤਰੀ ਅਤੇ ਪੁਰਸ਼ ਨੂੰ ਸਮਾਜ ਨਿਰਮਿਤ ਭੂਮਿਕਾਵਾਂ ਵਿੱਚ ਜਦੋਂ ਨਿਰਮਿਤ ਕੀਤਾ ਜਾ ਰਿਹਾ ਸੀ ਉਦੋਂ ਭਾਸ਼ਾ ਨੇ ਜਨਮ ਲਿਆ। ਇਸਤਰੀ ਅਤੇ ਪੁਰਸ਼ ਦਾ ਪ੍ਰਾਕ੍ਰਿਤੀ ਤੋਂ ਸੰਸਕ੍ਰਿਤੀ ਵੱਲ ਰੂਪਾਂਤਰਣ ਉਵੇਂ ਹੀ ਹੈ ਜਿਵੇਂ ਲੜਕਾ ਹੌਲੀ-ਹੌਲੀ ਮਰਦ ਬਣਦਾ ਹੈ ਅਤੇ ਲੜਕੀ ਹੌਲੀ-ਹੌਲੀ ਔਰਤ ਬਣਦੀ ਹੈ। ਇਸੇ ਕ੍ਰਮ ਵਿੱਚ ਉਹਨਾਂ ਦੀਆਂ ਭੂਮਿਕਾਵਾਂ ਨਿਰਧਾਰਿਤ ਕਰ ਦਿੱਤੀਆਂ ਜਾਂਦੀਆਂ ਹਨ। ਇਸ ਕ੍ਰਮ ਵਿੱਚ ਲਿੰਗ ਸੰਬੰਧ ਬਣਦੇ ਹਨ ਅਤੇ ਪ੍ਰਭੂਤਵ ਦਾ ਜਨਮ ਹੁੰਦਾ ਹੈ।[78] ਉੱਤਰ-ਸੰਰਚਨਾਵਾਦੀ ਨਾਰੀਵਾਦੀ ਚਿੰਤਕਾਂ ਅਨੁਸਾਰ ਸਾਰਾ ਸੰਘਰਸ਼ ਉਸ ਇਕਹਿਰੀ ਅਤੇ ਨਿਸ਼ਚਿਤ ਧਾਰਣਾ ਨੂੰ ਹੀ ਪ੍ਰਸ਼ਨ ਚਿੰਨ੍ਹਤ ਕਰਨਾ ਹੈ ਜਿਸ ਤਹਿਤ ਇਕ ਨੂੰ ਦੂਜੇ ਉੱਤੇ ਤਰਜੀਹ ਦਿੱਤੀ ਜਾਂਦੀ ਹੈ। ਦੋ-ਵਿਰੋਧੀ ਜੁੱਟਾਂ ਵਿੱਚ ਇਕ ਨੂੰ ਦੂਸਰੇ ਉੱਤੇ ਤਰਜੀਹ ਨਾ ਦੇ ਕੇ ਉਹਨਾਂ ਦਾ difference (deferral + difference) ਸਮਝਦੇ ਹੋਏ ਦੋਨਾਂ ਨੂੰ ਬਰਾਬਰੀ ਦੀ, ਆਪਣੇ ਢੰਗ ਦੀ ਵਿਸ਼ਿਸ਼ਟ ਅਤੇ ਤਰਲ ਅਰਥਤਤਾ (Unfixed, Unstable nature of meaning) ਦੇਣੀ ਚਾਹੀਦੀ ਹੈ ਤਰਲ ਇਸ ਲਈ ਕਿ ਇਸਤਰੀ ਹੋਵੇ ਜਾਂ ਪੁਰਸ਼, ਉਹਨਾਂ ਦੀ ਪਹਿਚਾਣ ਯਥਾਰਥ ਵਿੱਚ ਨਾ ਹੋ ਕੇ ਪ੍ਰਤੀਬਿੰਬ – ਅਵਸਥਾ ਦੀ ਫੈਂਤਸੀ ਜਾਂ ਮ੍ਰਿਗਤ੍ਰਿਸ਼ਨਾ ਵਿੱਚ ਹੁੰਦੀ ਹੈ।[79] ਢਾਂਚੇ ਨੂੰ ਤੋੜਨ ਲਈ ਨਾਰੀ ਭਾਸ਼ਾ ਨੂੰ ਵਿਕਸਤ ਕਰਨ ਦੀ ਲੋੜ ਹੈ। ਇਰਿਗੈਰੇ ਨਾਰੀ ਦੀ ਭਾਸ਼ਿਕ ਵਿਲੱਖਣਤਾ ਬਾਰੇ ਕਹਿੰਦੀ ਹੈ ਕਿ ਨਾਰੀ ਭਾਸ਼ਾ ਵੀ ਵੱਖਰੇ ਢੰਗ ਨਾਲ ਪ੍ਰਗਟ ਕਰਦੀ ਹੈ, ਜਦੋਂ ਉਹ 'ਮੈਂ' ਦਾ ਪ੍ਰਯੋਗ ਕਰਦੀ ਹੈ ਤਾਂ ਉਸ ਦਾ ਅਰਥ ਕੇਵਲ ਉਸਦੀ ਹਉਮੈਂ ਅਤੇ

ਅਸਤਿਤਵ ਨਹੀਂ ਹੁੰਦਾ, ਉਸ ਵਿੱਚ ਹੋਰ ਬਹੁਤ ਕੁਝ ਸ਼ਾਮਿਲ ਹੁੰਦਾ ਹੈ। ਪੁਰਖ ਦੇ ਮੁਕਾਬਲੇ ਉਹ ਅੰਤਰ-ਮਨੁੱਖੀ ਸੰਬੰਧਾਂ ਵਿੱਚ ਵਧੇਰੇ ਦਿਲਚਸਪੀ ਰੱਖਦੀ ਹੈ। ਉਸ ਦੀ ਪਹੁੰਚ ਪਰਾ-ਸਰੀਰਕ ਹੋਣ ਨਾਲੋਂ ਨਿੱਗਰ ਜਾਂ ਧਰਤੀ ਦੇ ਨੇੜੇ ਹੁੰਦੀ ਹੈ।[80]

ਹੈਲੇਨ ਸਿੱਖੂ ਆਪਣੇ ਚਿੰਤਨ ਵਿੱਚ ਨਾਰੀ ਲਿਖਤ (Ecriture Feminine) ਦੀ ਗੱਲ ਕਰਦੀ ਹੋਈ ਉਸਨੂੰ ਨਾਰੀ ਦੇਹ ਨਾਲ ਜੋੜਦੀ ਹੈ। ਉਸ ਲਈ ਲੇਖਣ ਬਹੁਤ ਸ਼ਕਤੀਸ਼ਾਲੀ ਹਥਿਆਰ ਹੈ। ਉਹ ਇਸਦੇ ਮਾਧਿਅਮ ਨਾਲ ਪਰਿਵਰਤਨ ਦੀਆਂ ਸੰਭਾਵਨਾਵਾਂ ਨੂੰ ਦੇਖਦੀ ਹੈ। ਸਿੱਖੂ ਆਪਣੇ ਨਿਬੰਧ 'ਲਾਫ ਆਫ਼ ਮੁਦੇਸਾ' ਵਿੱਚ ਲਿਖਦੀ ਹੈ, ਇਸਤਰੀਆਂ ਨੂੰ ਆਪਣੇ ਬਾਰੇ ਲਿਖਣਾ ਚਾਹੀਦਾ ਹੈ। ਇਸਤਰੀਆਂ ਨੂੰ ਲਿਖਣ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਹਨਾਂ ਨੂੰ ਉਹਨਾਂ ਦੇ ਸਰੀਰ ਨਾਲੋਂ ਹਿੰਸਕ ਢੰਗ ਨਾਲ ਵੱਖ ਕੀਤਾ ਗਿਆ ਹੈ। ਸਿੱਖੂ ਨੇ ਇਸਤਰੀ ਲੇਖਨ ਨੂੰ ਬੱਚਾ ਪੈਦਾ ਕਰਨ ਜਿਹਾ ਕਰਮ ਮੰਨਿਆ ਹੈ। ਬੱਚਾ ਪੈਦਾ ਕਰਨ ਵਾਲੇ ਰੂਪਕ ਦੇ ਮਾਧਿਅਮ ਨਾਲ ਉਸਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸਤਰੀ ਦੇ ਕੋਲ ਵਿਆਪਕ ਕਲਾਤਮਕ ਸਾਧਨ ਹੁੰਦੇ ਹਨ। ਆਪਣੇ ਲੇਖਣ ਸੰਬੰਧੀ ਸਿੱਖੂ ਲਿਖਦੀ ਹੈ ਕਿ ਮੈਂ ਅੰਦਰ ਤੋਂ ਲਿਖਦੀ ਹਾਂ। ਮੇਰਾ ਲਿਖਿਆ ਪੇਜ ਮੇਰੇ ਆਂਤਰਿਕ ਨਾਲ ਜੁੜਿਆ ਹੋਇਆ ਹੈ। ਇਸੇ ਵਜ੍ਹਾ ਨਾਲ ਇਹ ਮੇਰੇ ਸਰੀਰ ਨਾਲ ਜੁੜਿਆ ਹੋਇਆ ਹੈ। ਮੇਰਾ ਪੇਜ ਮੇਰੇ ਅੰਦਰ ਹੈ। ਬਾਹਰ ਮੇਰਾ ਬਹੁਤ ਘੱਟ ਹੈ। ਮੇਰਾ ਸਰੀਰ ਮੇਰੇ ਕਾਗਜ਼ ਵਿੱਚ ਲਿਪਟਿਆ ਹੋਇਆ ਹੈ। ਲੇਖਣ ਵਿੱਚ ਸਿਰਫ਼ ਮਨ ਦੀ ਸਥਿਤੀ ਹੀ ਨਹੀਂ ਆਉਂਦੀ ਬਲਕਿ ਸਰੀਰ, ਅਕਾਂਖਿਆ ਅਤੇ ਭਾਸ਼ਾ ਵੀ ਆਉਂਦੀ ਹੈ।[81] ਸਿੱਖੂ ਨੇ ਭਾਸ਼ਾ ਦੇ ਦਮਨਾਤਮਕ ਰੂਪ ਅਤੇ ਪਿੱਤਰਸੱਤਾ ਨਾਲ ਨਿਪਟਣ ਦੇ ਲਈ ਬੁਨਿਆਦੀ ਤੌਰ ਉੱਤੇ ਦੋ ਪੱਧਤੀਆਂ ਅਪਣਾਈਆਂ ਹਨ। ਪਹਿਲਾਂ ਇਸਤਰੀ ਸਰੀਰ ਦੀ ਘੁਸਪੈਠੀਏ ਦੇ ਰੂਪ ਵਿੱਚ ਨਵੀਂ ਭੂਮਿਕਾ ਤੈਅ ਕੀਤੀ ਹੈ। ਇਸਤਰੀ ਜਿਉਂ ਹੀ ਆਪਣੇ ਸਰੀਰ ਉੱਤੇ ਦਾਅਵਾ ਕਰਦੀ ਹੈ, ਸੰਸਾਰ ਵਿੱਚ ਆਪਣੀ ਅਵਸਥਾ ਨੂੰ ਨਵੇਂ ਸਿਰੇ ਤੋਂ ਹਾਸਿਲ ਕਰਦੀ ਹੈ। ਆਤਮ ਅਭਿਵਿਅਕਤੀ ਦੇ ਦੁਆਰਾ ਦਮਨ ਦਾ ਪ੍ਰਤੀਰੋਧ ਰੂਪ ਸ਼ਕਤੀ ਹਾਸਿਲ ਕਰਨਾ ਹੈ। ਭਾਸ਼ਾ ਦੇ ਦੁਆਰਾ ਉਸਨੂੰ ਆਪਣੀ ਪਹਿਚਾਣ ਮਿਲਦੀ ਹੈ। ਇਸਤਰੀ ਜਦੋਂ ਆਪਣੀ ਪਹਿਚਾਣ ਦੇ ਲਈ ਸੰਘਰਸ਼ ਕਰਦੀ ਹੈ ਤਾਂ ਸਾਰੀ ਇਸਤਰੀ ਜਾਤੀ ਲਈ ਸੰਘਰਸ਼ ਕਰਦੀ ਹੈ। ਉਹ ਆਪਣੇ ਦੇਸ਼ ਦਾ ਹੀ ਨਹੀਂ ਸਾਰੇ ਵਿਸ਼ਵ ਦੀ ਜਾਤੀ ਦਾ ਇਤਿਹਾਸ ਬਣਾਉਂਦੀ ਹੈ। ਉਹ ਬਹਾਦਰ ਅਤੇ ਮੁਕਤੀ ਸੰਗਰਾਮ ਦਾ ਹਿੱਸਾ ਹੈ। ਇਸਤਰੀ ਲੇਖਨ ਚਾਹੁੰਦਾ ਹੈ ਕਿ ਇਸਤਰੀ ਦਾ ਸਾਰੀ ਦੁਨੀਆਂ ਵਿੱਚ ਬਗ਼ੈਰ ਪੂੰਜੀ ਦੇ, ਬਗ਼ੈਰ ਨਸਲੀ ਭੇਦਭਾਵ ਦੇ ਪ੍ਰਸਾਰ ਹੋਵੇ। ਉਹ ਅਜਿਹੇ ਸੰਕਲਪਾਂ ਦਾ ਪ੍ਰਸਾਰ ਕਰਦੀ ਹੈ ਜਿਸ ਨਾਲ ਪੁਰਾਣੇ ਲੇਖ ਦੇ ਸਾਰੇ ਨਿਯਮ ਬਦਲ ਜਾਂਦੇ ਹਨ।

ਉੱਤਰ-ਸੰਰਚਨਾਵਾਦੀ ਚਿੰਤਨ ਵਿੱਚ ਮਿਸ਼ੈਲ ਫੂਕੋ (Michel Foucault) ਦੇ ਸੱਤਾ ਅਤੇ ਪ੍ਰਵਚਨ ਸਿਧਾਂਤ ਨੇ ਵੀ ਨਾਰੀਵਾਦੀ ਚਿੰਤਨ ਨੂੰ ਨਵੀਨ ਅੰਤਰਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਫੂਕੋ ਦੀ ਮਸ਼ਹੂਰੀ ਦਾ ਆਧਾਰ ਇਸ ਗੱਲ 'ਤੇ ਹੈ ਕਿ ਉਸਨੇ ਸ਼ਕਤੀ ਨੂੰ ਚੁਣੌਤੀ ਦਿਤੀ ਹੈ, ਜਿਹੜੀ ਪ੍ਰਭਾਵਸ਼ਾਲੀ ਸੱਤਾ-ਸੰਸਥਾਨਾਂ ਨੂੰ ਹਰੇਕ ਸਮਾਜ ਅਤੇ ਹਰੇਕ ਦੌਰ ਵਿੱਚ ਪ੍ਰਾਪਤ ਰਹੀ ਹੈ। ਫੂਕੋ ਦਾ ਕਹਿਣਾ ਹੈ ਕਿ ਸੱਤਾਵਾਨ ਲੋਕ ਹੀ ਨਿਰਧਾਰਿਤ ਕਰਦੇ ਹਨ ਕਿ ਕੀ ਕਹਿਣਾ ਚਾਹੀਦਾ ਹੈ ਅਤੇ ਕੀ ਨਹੀਂ? ਸ਼ਕਤੀ ਅਕਾਂਖਿਆ ਦੇ ਦਮਨ ਲਈ ਪ੍ਰਯੋਗ ਕੀਤੀ ਜਾਂਦੀ ਹੈ ਜਿਵੇਂ ਪਰਾ-ਅਹੰ (Super ego) ਇਡ ਨੂੰ ਦਬਾਉਂਦੀ ਹੈ। ਪਰ ਫੂਕੋ ਅਕਾਂਖਿਆ ਦਾ ਪੱਖ ਲੈਂਦਾ ਹੈ ਅਤੇ ਉਨ੍ਹਾਂ ਤੱਤਾਂ ਦਾ ਜਿਨ੍ਹਾਂ ਨੂੰ ਸਮਾਜ ਆਪਣੇ ਦਾਇਰੇ ਵਿੱਚੋਂ ਬਾਹਰ ਰੱਖਦਾ ਹੈ।[82] ਫੂਕੋ ਆਖਦਾ ਹੈ ਕਿ ਵਾਸਤਵਿਕ ਸ਼ਕਤੀ ਦਾ ਪ੍ਰਯੋਗ ਪ੍ਰਵਚਨ ਦੇ ਮਾਧਿਅਮ ਰਾਹੀਂ ਹੁੰਦਾ ਹੈ ਅਤੇ ਉਸ ਸ਼ਕਤੀ ਦੇ ਠੋਸ ਪ੍ਰਭਾਵ ਸਾਮ੍ਹਣੇ ਆਉਂਦੇ ਹਨ। ...'ਪ੍ਰਵਚਨ' ਤੋਂ ਉਸ ਦਾ ਭਾਵ ਵਿਚਾਰ, ਪ੍ਰਵਿਰਤੀਆਂ, ਦ੍ਰਿਸ਼ਟੀਕੋਣ, ਧਾਰਣਾਵਾਂ ਸਭ ਕੁਝ ਹੈ। ਫੂਕੋ ਉਨ੍ਹਾਂ ਭਾਸ਼ਾਈ ਮਾਧਿਅਮਾਂ ਨੂੰ, ਜੋ ਇਤਿਹਾਸਕਾਰ ਇਤਿਹਾਸ ਨੂੰ ਅਰਥ ਭਰਪੂਰ ਢੰਗ ਨਾਲ ਪੇਸ਼ ਕਰਨ ਲਈ ਇਸਤੇਮਾਲ ਕਰਦੇ ਹਨ ਸਿਰਫ਼ ਸ਼ਾਬਦਿਕ ਖੇਡ ਨਹੀਂ ਮੰਨਦਾ। ਉਹ ਕਹਿੰਦਾ ਹੈ ਕਿ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਜਿਹੇ ਪ੍ਰਵਚਨਗਤ ਤੇ ਤਰਕ ਸੰਗਤ ਕਥਨ ਅਸਲ ਵਿੱਚ ਸ਼ਕਤੀ ਸੰਘਰਸ਼ ਦੇ ਜਗਤ ਦੇ ਅੰਦਰ ਉਪਜਦੇ ਹਨ। ਰਾਜਨੀਤੀ, ਕਲਾ ਤੇ ਵਿਗਿਆਨ ਵਿੱਚ ਸ਼ਕਤੀ 'ਪ੍ਰਵਚਨ' ਤੋਂ ਹੀ ਪ੍ਰਾਪਤ ਹੁੰਦੀ ਹੈ। 'ਪ੍ਰਵਚਨ' ਅਜਿਹੀ ਹਿੰਸਾ ਹੈ, ਜਿਹੜੀ ਅਸੀਂ ਚੀਜ਼ਾਂ ਲਈ ਉੱਚਿਤ ਠਹਿਰਾਉਂਦੇ ਹਾਂ।[83] ਮਿਸ਼ੈਲ ਫੂਕੋ ਦੇ ਸ਼ਕਤੀ ਸਿਧਾਂਤ ਨੂੰ ਨਾਰੀ ਚਿੰਤਕਾਂ ਨੇ ਆਪਣੇ ਚਿੰਤਨ ਦਾ ਆਧਾਰ ਬਣਾ ਕੇ ਇਸਨੂੰ ਪਿੱਤਰ ਸੱਤਾਤਮਕ ਸੰਸਥਾਵਾਂ ਰਾਹੀਂ ਨਾਰੀ ਨੂੰ ਹਾਸ਼ੀਆਕ੍ਰਿਤ ਕੀਤੇ ਜਾਣ ਦੀ ਪ੍ਰਕ੍ਰਿਆ ਦੇ ਸੰਦਰਭ ਵਿੱਚ ਗ੍ਰਹਿਣ ਕੀਤਾ। ਇਸ ਪ੍ਰਕਾਰ ਉੱਤਰ-ਸੰਰਚਨਾਵਾਦੀ ਚਿੰਤਨ ਦੇ ਅੰਤਰਗਤ ਨਾਰੀਵਾਦੀ ਵਿਮਰਸ਼, ਨਾਰੀ ਭਾਸ਼ਾ, ਨਾਰੀ ਪਾਠ ਅਤੇ ਨਾਰੀ ਆਲੋਚਨਾ ਜਿਹੇ ਪ੍ਰਸ਼ਨਾਂ ਨੇ ਨਾਰੀ ਲੇਖਣ, ਕਲਾਕ੍ਰਮ ਨੂੰ ਸਮਝਣ ਲਈ ਨਵਾਂ ਪਰਿਪੇਖ ਦਿੱਤਾ ਹੈ। ਇਸ ਨਵੀਨ ਅੰਤਰਦ੍ਰਿਸ਼ਟੀ ਨੇ ਸਮੁੱਚੇ ਬੁਧੀਜੀਵੀਆਂ, ਲੇਖਕਾਂ ਅਤੇ ਕਲਾਕਾਰਾਂ ਨੂੰ ਪ੍ਰਭਾਵਿਤ ਕੀਤਾ ਅਤੇ ਵਿਸ਼ਵ ਦੀ ਪਿੱਤਰਸੱਤਾਤਮਕ ਸੰਰਚਨਾ ਨੂੰ ਚੁਣੌਤੀ ਦਿੱਤੀ। ਦੇਰੀਦਾ ਦੇ ਭਾਸ਼ਾਈ ਸੰਕਲਪਾਂ ਨੇ ਨਾਰੀਵਾਦੀ ਚਿੰਤਕਾਂ ਨੂੰ ਭਾਸ਼ਾ ਦੇ ਪੁਲਿੰਗੀ ਮੁਹਾਵਰੇ, ਅਰਥਾਂ ਦੀ ਅਨਸ਼ਿਚਤਤਾ ਅਤੇ ਵਿਕੇਂਦਰੀਅਤ ਦਾ ਨਵਾਂ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਇਸ ਧਾਰਣਾ ਨੇ ਸਥਾਪਿਤ ਪਾਠਗਤ ਧਾਰਣਾਵਾਂ ਨੂੰ ਬਦਲ ਕੇ ਰੱਖ ਦਿੱਤਾ। ਉੱਤਰ-ਸੰਰਚਨਾਵਾਦੀ ਨਾਰੀ ਚਿੰਤਕਾਂ ਲੂਸੀ ਇਰਿਗੈਰੇ, ਜੂਲੀਆ ਕ੍ਰਿਸਤੀਵਾ ਅਤੇ ਹੈਲੇਨ ਸਿੱਖੂ ਆਦਿ ਨੇ ਪ੍ਰਚਲਿਤ ਭਾਸ਼ਾ ਵਿੱਚ ਮੌਜੂਦ ਪਿੱਤਰਕੀ ਰਾਜਨੀਤੀ ਦਾ ਮੁੱਦਾ ਉਠਾਉਂਦਿਆਂ, ਨਾਰੀ ਭਾਸ਼ਾ, ਨਾਰੀ ਲਿਖਤ ਦੀ ਚਰਚਾ

ਛੋੜਦਿਆਂ, ਵੱਖਰੇ ਨਾਰੀ ਅਨੁਭਵ ਨੂੰ ਪੇਸ਼ ਕਰਨ ਵਾਲੇ ਨਾਰੀ ਪਾਠ ਲਈ ਨਵੀਨ ਸੰਭਾਵਨਾਵਾਂ ਦਾ ਮਾਰਗ ਦਰਸ਼ਨ ਪ੍ਰਸਤੁਤ ਕੀਤਾ।

### VI. ਉੱਤਰ-ਆਧੁਨਿਕਤਾ ਅਤੇ ਨਾਰੀਵਾਦੀ ਚਿੰਤਨ

1980 ਦੇ ਦਹਾਕੇ ਤੋਂ ਬਾਅਦ ਉੱਤਰ-ਆਧੁਨਿਕਤਾ ਅਧੀਨ ਨਾਰੀਵਾਦੀ ਵਿਚਾਰਧਾਰਾ ਦੀ ਤੀਜੀ ਲਹਿਰ ਪੂਰਵ ਨਾਰੀਵਾਦੀ ਧਾਰਨਾਵਾਂ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਉੱਤਰ-ਆਧੁਨਿਕਤਾਵਾਦ ਸਥਾਨਕਤਾ ਅਤੇ ਵੱਖਰਤਾ ਵਿੱਚ ਵਿਸ਼ਵਾਸ ਰੱਖਦਾ ਹੈ। ਉੱਤਰ-ਆਧੁਨਿਕਤਾ ਅਧੀਨ ਨਾਰੀਵਾਦ ਵੀ ਵੱਖਰਤਾ, ਵਿਭਿੰਨਤਾ, ਵਿਕੇਂਦਰਤਾ, ਅਨੇਕਤਾ, ਸਥਾਨਕਤਾ, ਸਮਾਨਾਂਤਰਤਾ, ਅਨਿਸ਼ਚਿਤਤਾ ਦੇ ਸਰੋਕਾਰਾਂ ਨੂੰ ਵਿਹਾਰਕ ਰੂਪ ਵਿੱਚ ਗ੍ਰਹਿਣ ਕਰਦਾ ਹੈ। ਸਾਰਾ ਅਹਿਮਦ (Sara Ahmed) ਆਪਣੀ ਪੁਸਤਕ 'ਡਿਫਰੈਂਸਸ ਦੈੱਟ ਮੈਟਰ: ਫੈਮੀਨਿਸਟ ਥਿਊਰੀ ਐਂਡ ਪੋਸਟਮਾਡਰਨਿਜ਼ਮ' (Differences that matter: Feminist Theory and Postmodernism) 1998 ਵਿੱਚ ਲਿਖਦੀ ਹੈ ਕਿ ਉੱਤਰ-ਆਧੁਨਿਕਤਾ ਨੇ ਨਾਰੀਵਾਦ ਦੇ ਅਸਤਿਤਵ ਬਾਰੇ ਪੁਨਰ ਪਰਿਭਾਸ਼ਾ ਕਰਕੇ 'ਪਛਾਣ' ਅਤੇ 'ਵੰਨ-ਸੁਵੰਨਤਾ' (Differances) ਵਜੋਂ ਨਵੀਂ ਰੂਪਰੇਖਾ ਉਲੀਕੀ ਹੈ।[84] ਉੱਤਰ-ਆਧੁਨਿਕ ਨਾਰੀਵਾਦ ਅਨੁਸਾਰ ਇਕੋ ਤਰ੍ਹਾਂ ਦੇ ਨਾਰੀਵਾਦ ਨੂੰ ਸਭ ਸਮਾਜਾਂ, ਸਭਿਆਚਾਰਾਂ ਅਤੇ ਦੇਸ਼ਾਂ ਦੀ ਨਾਰੀ ਉੱਤੇ ਨਹੀਂ ਲਾਗੂ ਕੀਤਾ ਜਾ ਸਕਦਾ ਕਿਉਂਕਿ ਹਰ ਸਮਾਜ, ਸਭਿਆਚਾਰ ਅਤੇ ਹਰ ਦੇਸ਼ ਦੀ ਨਾਰੀ ਦੀ ਸਥਿਤੀ, ਸਮੱਸਿਆਵਾਂ ਅਤੇ ਅਨੁਭਵ ਵੱਖੋ-ਵੱਖਰੇ ਹਨ। ਇਸ ਨਾਲ ਆਧੁਨਿਕ ਨਾਰੀਵਾਦੀਆਂ ਦੇ ਪ੍ਰਤੀਨਿਧਤਵ ਉੱਪਰ ਪ੍ਰਸ਼ਨ ਚਿੰਨ੍ਹ ਲੱਗਣ ਲੱਗੇ, ਸਵਾਲ ਉੱਠਿਆ ਕਿ ਆਖਿਰ ਆਧੁਨਿਕ ਨਾਰੀਵਾਦ ਨੇ ਬਿਨਾਂ ਸੋਚੇ ਸਮਝੇ ਕਿਸ ਤਰ੍ਹਾਂ ਸਮੁੱਚੇ ਨਾਰੀ ਜਗਤ ਨੂੰ ਇਕੋ ਛੱਤ ਹੇਠ ਇਕੱਠਾ ਕੀਤਾ। ਹੇਜੇਲ ਕਾਰਬਾਈ (Hazal Carby) ਨੇ ਜਦ ਪੁੱਛਿਆ ਕਿ ਤੁਸੀਂ ਸਫੈਦ ਨਾਰੀਵਾਦੀ ਕਿਸ ਅਰਥ ਵਿੱਚ 'ਅਸੀਂ ਲੋਕ' ਸ਼ਬਦ ਦਾ ਉਚਾਰਨ ਕਰ ਰਹੇ ਹੋ ਤਾਂ ਇਹ ਪੱਛਮੀ ਔਰਤਾਂ ਨਿਰਉੱਤਰ ਸਨ। ਕਾਰਬਾਈ ਦੇ ਅਨੁਸਾਰ ਇਸ ਆਪਸੀ ਬਹਿਸ ਦੇ ਕਾਰਣ ਨਾਰੀਵਾਦੀਆਂ ਵਿੱਚ ਇਹ ਸਪੱਸ਼ਟ ਹੁੰਦਾ ਗਿਆ ਕਿ ਇਸਤਰੀਆਂ ਕੋਈ ਇਕਹਿਰਾ ਵਰਗ ਨਹੀਂ ਹਨ ਅਤੇ ਨਾ ਹੀ ਇਸਤਰੀ ਦਮਨ ਦੀ ਕੋਈ ਇਕਹਿਰੀ ਵਿਆਖਿਆ ਸੰਭਵ ਹੈ। ਜੇ ਅਸੀਂ ਅਜਿਹਾ ਕਰਨ ਦਾ ਯਤਨ ਕਰਦੇ ਹਾਂ ਤਾਂ ਇਸਤਰੀ ਜਨਸੰਖਿਆ ਦੇ ਬਹੁਤ ਵੱਡੇ ਹਿੱਸੇ ਨੂੰ ਨਜ਼ਰਅੰਦਾਜ਼ ਕਰ ਰਹੇ ਹੋਵਾਂਗੇ।[85] ਇਸ ਦ੍ਰਿਸ਼ਟੀਕੋਣ ਦੇ ਮੱਦੇ ਨਜ਼ਰ ਉੱਤਰ-ਆਧੁਨਿਕ ਨਾਰੀਵਾਦੀ ਪੂਰਵਲੇ ਨਾਰੀਵਾਦ ਦੁਆਰਾ ਦਿੱਤੇ ਗਏ ਭੈਣਭਾਵ (Sisterhood) ਦੇ ਸੰਕਲਪ ਨੂੰ ਨਕਾਰਦਾ ਹੈ। ਉਹਨਾਂ ਦਾ ਮੱਤ ਸੀ ਕਿ ਸਭਿਆਚਾਰਕ ਵਖਰੇਵਿਆਂ ਕਰਕੇ ਇਸ ਨਾਲ ਔਰਤ ਦੀ ਆਪਣੀ ਅਲੱਗ ਪਹਿਚਾਣ ਸੰਸਾਰ ਦੀ ਭੀੜ ਵਿੱਚ ਗਵਾਚ ਜਾਂਦੀ ਹੈ। ਡਾ. ਸ਼ੈਲੀ ਬੂਜ਼ੋਨ (Shelly Budgeon) ਅਨੁਸਾਰ,

ਨਾਰੀਵਾਦ ਮੂਲ ਰੂਪ ਵਿੱਚ ਔਰਤ ਦੀ ਆਜ਼ਾਦੀ ਅਤੇ ਦੁਨੀਆਂ ਭਰ ਦੀਆਂ ਔਰਤਾਂ ਨੂੰ ਇੱਕ ਹੋਣ ਦਾ ਨਾਅਰਾ ਦਿੰਦਾ ਹੈ ਪਰ ਉੱਤਰ-ਆਧੁਨਿਕ ਯੁੱਗ ਵਿੱਚ ਇਸ ਤਰ੍ਹਾਂ ਦੇ ਵਿਚਾਰ ਉੱਪਰ ਪ੍ਰਸ਼ਨ ਚਿੰਨ੍ਹ ਲੱਗਦੇ ਹਨ।[86] ਉੱਤਰ-ਆਧੁਨਿਕ ਨਾਰੀਵਾਦੀ ਨਾਰੀਵਾਦ ਦੁਆਰਾ ਵਰਤੇ ਗਏ ਸ਼ਬਦ 'ਵੂਮੈਨ' (Women) ਦੀ ਆਲੋਚਨਾ ਕਰਦੇ ਹਨ। ਨਾਰੀਵਾਦੀਆਂ ਅਨੁਸਾਰ 'Women' ਇੱਕ ਗਰੁੱਪ ਹੈ ਅਤੇ ਦੁਨੀਆਂ ਦੀਆਂ ਸਾਰੀਆਂ ਔਰਤਾਂ ਇਸ ਗਰੁੱਪ ਦਾ ਹਿੱਸਾ ਹਨ ਕਿਉਂਕਿ ਇਹ ਸਮੁੱਚੇ ਨਾਰੀ ਵਰਗ ਦੇ ਅਨੁਭਵ ਅਤੇ ਸਮੱਸਿਆਵਾਂ ਨੂੰ ਪੇਸ਼ ਕਰਦਾ ਹੈ। ਲਿੰਗ ਦੇ ਆਧਾਰ ਤੇ ਔਰਤਾਂ ਨਾਲ ਹੁੰਦੇ ਭੇਦਭਾਵ ਅਤੇ ਸ਼ੋਸ਼ਣ ਦੀ ਸਾਂਝੀ ਸਮੱਸਿਆ ਅਤੇ ਮੁੱਦੇ ਇਸ ਗਰੁੱਪ ਦੁਆਰਾ ਉਠਾਏ ਜਾਂਦੇ ਹਨ। ਲੇਕਿਨ ਉੱਤਰ-ਆਧੁਨਿਕ ਨਾਰੀਵਾਦੀ ਚਿੰਤਨ ਦੇ ਅੰਤਰਗਤ ਇਹ ਸਵਾਲ ਉਠਿਆ ਕੀ 'Women' ਇੱਕ ਗਰੁੱਪ ਦੇ ਰੂਪ ਵਿੱਚ ਦੁਨੀਆਂ ਦੀ ਹਰ ਔਰਤ ਦੀ ਸਮੱਸਿਆ ਅਤੇ ਅਨੁਭਵ ਨੂੰ ਪ੍ਰਗਟਾਉਂਦਾ ਹੈ? ਹਰ ਔਰਤ ਦੀ ਸਮੱਸਿਆ ਅਤੇ ਸ਼ੋਸ਼ਣ ਦੇ ਖਿਲਾਫ਼ ਆਵਾਜ਼ ਉਠਾਉਂਦਾ ਹੈ? ਉੱਤਰ-ਆਧੁਨਿਕ ਨਾਰੀਵਾਦੀ ਇਸ ਗੱਲ ਨੂੰ ਮੰਨਣ ਤੋਂ ਇਨਕਾਰੀ ਹਨ। ਉਹਨਾਂ ਦੇ ਵਿਚਾਰ ਅਨੁਸਾਰ ਲਿੰਗਕ ਸ਼ੋਸ਼ਣ ਤੋਂ ਇਲਾਵਾ ਨਸਲ, ਜਾਤ, ਜਮਾਤ ਅਤੇ ਵਰਗ ਆਦਿ ਬਹੁਤ ਸਾਰੇ ਕਾਰਣ ਹਨ ਜਿਹਨਾਂ ਦੇ ਆਧਾਰ 'ਤੇ ਔਰਤ ਸ਼ੋਸ਼ਣ ਦੀ ਸ਼ਿਕਾਰ ਹੁੰਦੀ ਹੈ ਜਿਹਨਾਂ ਨੂੰ ਪੂਰਵਲਾ ਨਾਰੀਵਾਦ ਨਜ਼ਰਅੰਦਾਜ਼ ਕਰਦਾ ਹੈ। ਉੱਤਰ-ਆਧੁਨਿਕ ਨਾਰੀਵਾਦੀ 'Women' ਨੂੰ ਇਕ ਗਰੁੱਪ ਦੇ ਰੂਪ ਵਿੱਚ ਗੋਰੀ ਮੱਧਵਰਗੀ ਅਮਰੀਕਨ ਅਤੇ ਯੂਰਪੀਅਨ ਔਰਤਾਂ ਦੀਆਂ ਸਮੱਸਿਆਵਾਂ ਅਤੇ ਅਨੁਭਵਾਂ ਨੂੰ ਪੇਸ਼ ਕਰਨ ਵਾਲਾ ਮੰਨਦਾ ਹੋਇਆ ਇਸਨੂੰ ਨਕਾਰਦਾ, ਵੱਖਰਿਉਂਦਾ ਅਤੇ ਵਿਅਕਤੀਗਤ ਆਜ਼ਾਦੀ 'ਤੇ ਜ਼ੋਰ ਦਿੰਦਾ ਹੈ। ਉਹ ਗਰੁੱਪ ਦੇ ਅੰਦਰ ਵੱਖਰਤਾ ਅਤੇ ਵਿਭਿੰਨਤਾ ਦੀ ਗੱਲ ਕਰਦਾ ਹੈ। ਉਸਦਾ ਵਿਚਾਰ ਹੈ ਕਿ ਜਦੋਂ ਅਸੀਂ ਕਿਸੇ ਵੀ ਵਿਚਾਰ ਨੂੰ ਵਿਸ਼ਵ ਪੱਧਰ 'ਤੇ ਫੈਲਾਉਂਦੇ ਹਾਂ ਤਾਂ ਉਸਦੇ ਬਹੁਪਾਸਾਰੀ ਪੱਖਾਂ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ। ਕੋਈ ਵਿਚਾਰ ਸਮੂਹਿਕ ਹੋਂਦ ਉਸ ਵਕ਼ਤ ਹੀ ਗ੍ਰਹਿਣ ਕਰਦਾ ਹੈ ਜਦੋਂ ਉਸ ਵਿਚਾਰ ਅਧੀਨ ਹਰ ਯਤਨਸ਼ੀਲ ਨਿੱਜ ਦੇ ਮਾਨਸਿਕ ਪੱਖਾਂ ਅਤੇ ਹੋਰਨਾਂ ਵਖਰੇਵਿਆਂ ਨੂੰ ਵੀ ਅਧਿਐਨ ਦੀ ਵਸਤੂ ਬਣਾਇਆ ਜਾਂਦਾ ਹੈ। ਉੱਤਰ-ਆਧੁਨਿਕ ਨਾਰੀਵਾਦ ਬਹੁਵਾਦ (Pluralism) ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਔਰਤ ਦੇ ਬਹੁਪਾਸਾਰਾਂ ਨੂੰ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਨਾਰੀਵਾਦ ਵਿੱਚ ਔਰਤ ਬਾਈਨਰੀ ਸਿਸਟਮ (Binary System) ਨਾਲ ਜੁੜਦੀ ਹੈ। ਉੱਤਰ-ਆਧੁਨਿਕ ਨਾਰੀਵਾਦ ਬਾਈਨਰੀ ਸਿਸਟਮ ਨੂੰ ਤੋੜ ਕੇ ਇਸ ਨੂੰ ਬਹੁਦਿਸ਼ਾਵੀ ਬਣਾਉਂਦਾ ਹੈ। ਉਸਦਾ ਮੰਨਣਾ ਹੈ ਕਿ ਕੋਈ ਬਾਈਨਰੀ ਕੈਟਾਗਰੀ (Binary Category) ਨਹੀਂ ਬਣਾਈ ਜਾ ਸਕਦੀ ਜਿਵੇਂ ਮਰਦ/ਔਰਤ, ਸੈਕਸ/ਜੈਂਡਰ ਆਦਿ। ਉੱਤਰ-ਆਧੁਨਿਕ ਨਾਰੀਵਾਦੀਆਂ ਅਨੁਸਾਰ, ਜੇਕਰ ਅਸੀਂ ਅਜਿਹਾ ਕਰਦੇ ਹਾਂ ਤਾਂ ਉਸ ਬਾਰੇ ਅਸੀਂ ਸੋਚ ਨਹੀਂ ਸਕਦੇ ਜੋ ਬਾਇਨਰੀ ਕੈਟਾਗਰੀ ਤੋਂ ਬਾਹਰ ਰਹਿ ਜਾਂਦਾ ਹੈ।

ਉਦਾਹਰਣ ਦੇ ਤੌਰ 'ਤੇ ਮਰਦ/ਔਰਤ ਤੋਂ ਬਿਨਾਂ ਇਕ ਹੋਰ ਕੈਟਾਗਰੀ ਵੀ ਹੈ ਜਿਵੇਂ ਤੀਜੇ ਜੈਂਡਰ (Third Gender) ਦੇ ਲੋਕ। ਜੇਕਰ ਅਸੀਂ ਬਾਈਨਰੀ ਕੈਟਾਗਰੀ ਵਿੱਚ ਹੀ ਸੋਚਾਂਗੇ ਤਾਂ ਤੀਜੀ ਕੈਟਾਗਰੀ ਦੀਆਂ ਸਮੱਸਆਵਾਂ ਅਤੇ ਸ਼ੋਸ਼ਣ ਨੂੰ ਅੱਖੋਂ-ਪਰੋਖੇ ਕਰ ਦੇਵਾਂਗੇ। ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀ ਆਵਾਜ਼ ਦੱਬ ਜਾਵੇਗੀ। ਉੱਤਰ-ਆਧੁਨਿਕ ਨਾਰੀਵਾਦੀ ਚਿੰਤਨ ਬਾਈਨਰੀ ਸਿਸਟਮ ਨੂੰ ਰੱਦ ਕਰਦਾ ਹੈ ਅਤੇ ਵਿਭਿੰਨਤਾ (Diversity), ਵਿਕੇਂਦ੍ਰੀਕਰਣ (Decentralization) ਨੂੰ ਅਪਣਾਉਂਦਾ ਹੈ। ਇਸ ਤਰ੍ਹਾਂ ਉੱਤਰ-ਆਧੁਨਿਕ ਨਾਰੀਵਾਦ ਹਾਸ਼ੀਏ 'ਤੇ ਵਿਚਰਦੀ ਹਰ ਸ਼੍ਰੇਣੀ, ਨਸਲ, ਵਰਗ ਅਤੇ ਜਾਤ ਦੀ ਔਰਤ ਦੀਆਂ ਸਮੱਸਿਆਵਾਂ ਨੂੰ ਕੇਂਦਰ ਵਿੱਚ ਲੈ ਕੇ ਆਉਂਦਾ ਹੈ। ਉੱਤਰ-ਆਧੁਨਿਕ ਨਾਰੀਵਾਦ ਦੀ ਸਭ ਤੋਂ ਵੱਡੀ ਲੱਭਤ ਇਹ ਬਣੀ ਕਿ ਤੀਜੀ ਦੁਨੀਆਂ ਦਾ ਸੱਚ ਪੱਛਮੀਕਰਣ/ਯੂਰਪੀਕਰਣ ਤੋਂ ਹੱਟ ਕੇ ਛੋਟੀਆਂ-ਛੋਟੀਆਂ ਉਪਸੰਸਕ੍ਰਿਤੀਆਂ ਦੀ ਵਾਸਤਵਿਕਤਾ ਵੱਲ ਮੁੜਦਾ ਹੈ। ਉੱਤਰ-ਆਧੁਨਿਕ ਨਾਰੀਵਾਦ ਦੁਆਰਾ ਪੇਸ਼ ਕੀਤੀਆਂ ਗਈਆਂ ਨਵੀਆਂ ਸੰਕਲਪਨਾਵਾਂ ਦੇ ਫਲਸਰੂਪ ਬਲੈਕ ਫੈਮੀਨਿਜ਼ਮ (Black Feminism) ਅਤੇ ਉੱਤਰ-ਬਸਤੀਵਾਦੀ ਨਾਰੀਵਾਦ (Past Colonial Feminism) ਉੱਭਰਵੇਂ ਰੂਪ ਵਿੱਚ ਸਾਹਮਣੇ ਆਉਂਦੇ ਹਨ।

**VII. ਬਲੈਕ (ਕਾਲਾ) ਨਾਰੀਵਾਦ**

ਬਲੈਕ ਨਾਰੀਵਾਦ ਦਾ ਤਰਕ ਹੈ ਕਿ ਵਰਗ, ਨਸਲ ਅਤੇ ਲਿੰਗਕ ਸ਼ੋਸ਼ਣ ਅੰਤਰਸੰਬੰਧਿਤ ਹਨ। ਨਾਰੀਵਾਦ ਨੇ ਔਰਤ ਨਾਲ ਲਿੰਗ ਦੇ ਆਧਾਰ 'ਤੇ ਹੋਣ ਵਾਲੇ ਸ਼ੋਸ਼ਣ ਨੂੰ ਹੀ ਮੁੱਖ ਰੂਪ ਵਿੱਚ ਆਧਾਰ ਬਣਾਇਆ ਅਤੇ ਨਸਲੀ, ਵਰਗ ਸ਼ੋਸ਼ਣ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ। ਇਹ ਮੰਨ ਲਿਆ ਗਿਆ ਕਿ ਗੋਰੀ ਔਰਤ ਦੀ ਆਜ਼ਾਦੀ ਨਾਲ ਹੀ ਵਿਸ਼ਵ ਦੀ ਹਰੇਕ ਨਾਰੀ ਦੀ ਜੀਵਨ ਸਥਿਤੀ ਸੁਧਰ ਜਾਵੇਗੀ ਪਰ ਜਿਉਂ-ਜਿਉਂ ਨਾਰੀਵਾਦੀ ਚਿੰਤਕਾਂ ਵੱਲੋਂ ਅਧਿਐਨ-ਵਿਸ਼ਲੇਸ਼ਣ ਗੰਭੀਰ ਦਿਸ਼ਾ ਵੱਲ ਮੁੜਦਾ ਗਿਆ, ਇਹ ਸਪੱਸ਼ਟ ਹੁੰਦਾ ਗਿਆ ਕਿ ਵਿਸ਼ਵ ਦੇ ਹਰ ਖਿੱਤੇ ਦੀ ਨਾਰੀ ਦੀਆਂ ਅਲੱਗ ਪ੍ਰਸਥਿਤੀਆਂ, ਸਮੱਸਿਆਵਾਂ, ਮਜ਼ਬੂਰੀਆਂ, ਲੋੜਾਂ ਅਤੇ ਚਿੰਤਾਵਾਂ ਹਨ। ਇਸ ਲਈ ਪੱਛਮੀ ਗੋਰੀ ਮੱਧਵਰਗੀ ਨਾਰੀ ਸੰਬੰਧੀ ਕੱਢੇ ਸਿੱਟੇ ਅਤੇ ਧਾਰਨਾਵਾਂ ਨੂੰ ਪੂਰੇ ਵਿਸ਼ਵ ਦੀ ਔਰਤ ਉੱਪਰ ਲਾਗੂ ਨਹੀਂ ਕੀਤਾ ਜਾ ਸਕਦਾ। ਏਲਿਸ ਵਾਕਰ (Alice Walker), ਬੈੱਲ ਹੁਕਸ (Bell Hooks), ਬਾਰਬਰਾ ਸਮਿਥ ਅਤੇ ਹੋਰ ਬਲੈਕ ਨਾਰੀਵਾਦੀ ਚਿੰਤਕਾਂ ਨੇ ਇਹ ਸਪੱਸ਼ਟ ਕੀਤਾ ਕਿ ਕਾਲੀ ਔਰਤ ਦੇ ਜੀਵਨ ਅਨੁਭਵ ਗੋਰੀ ਮੱਧਵਰਗੀ ਔਰਤ ਦੀ ਤੁਲਨਾ ਵਿੱਚ ਨਾ ਸਿਰਫ਼ ਭਿੰਨ ਹਨ ਬਲਕਿ ਉਸਦੇ ਸ਼ੋਸ਼ਣ ਦੀਆਂ ਪ੍ਰਸਥਿਤੀਆਂ ਵੀ ਅਧਿਕ ਜਟਿਲ ਅਤੇ ਗੰਭੀਰ ਹਨ। ਬਲੈਕ ਨਾਰੀਵਾਦੀ ਅੰਦੋਲਨ ਦੇ ਪੈਦਾ ਹੋਣ ਦਾ ਕਾਰਣ ਵੀ ਇਸ ਤਾਰਕਿਕ ਪਹਿਲੂ ਉੱਤੇ ਆਧਾਰਿਤ ਹੈ ਕਿ ਗੋਰੀ ਮੱਧਵਰਗੀ ਪੜ੍ਹੀਆਂ-ਲਿਖੀਆਂ ਨਾਰੀਆਂ ਨੇ ਨਾਰੀਵਾਦ ਦੀ ਜਿਸ

ਧਾਰਾ ਦੀ ਅਗਵਾਈ ਕੀਤੀ ਉਸਨੇ ਵਰਗ ਅਤੇ ਨਸਲ ਉੱਤੇ ਆਧਾਰਿਤ ਸ਼ੋਸ਼ਣ ਨੂੰ ਤਵੱਜੋਂ ਨਹੀਂ ਦਿਤੀ। ਬਲੈਕ ਫੈਮੀਨਿਜ਼ਮ (ਕਾਲਾ ਨਾਰੀਵਾਦ) 1960 ਤੋਂ 1970 ਦੇ ਦਹਾਕੇ ਵਿੱਚ ਨਸਲਵਾਦ ਤੋਂ ਪੀੜਤ ਅਫਰੀਕਾ ਤੇ ਅਮਰੀਕਾ ਵਿੱਚ ਇਕ ਮਹੱਤਵਪੂਰਨ ਸ਼ਕਤੀ ਵਜੋਂ ਉੱਭਰਿਆ। 1973 ਵਿੱਚ ਨਿਊਯਾਰਕ ਵਿੱਚ 'ਨੈਸ਼ਨਲ ਬਲੈਕ ਫੈਮੀਨਿਸਟ ਆਰਗੇਨਾਈਜੇਸ਼ਨ' ਨਾਮਕ ਬਲੈਕ ਨਾਰੀਵਾਦੀ ਸੰਗਠਨ ਹੋਂਦ ਵਿੱਚ ਆਇਆ। ਮਾਰਗਰੇਟ ਸਲੋਨ ਹੰਟਰ (Margaret Sloan Hunter) ਇਸਦੀ ਮੁੱਖ ਸੰਸਥਾਪਕ ਸੀ ਅਤੇ ਬਾਰਬਰਾ ਸਮਿਥ (Barbara Smith), ਬੇਵਰਲੀ ਸਮਿਥ (Beverly Smith), ਚੈਰਿਲ ਐਲ ਕਾਲਰਕ (Cheryl L. Clarke), ਆਕਾਸ਼ ਗਲੋਰੀਆਂ ਹੁੱਲ (Akasha Gloria Hull) ਆਦਿ ਇਸਦੀਆਂ ਪ੍ਰਮੁੱਖ ਕਾਰਜਕਰਤਾ ਰਹੀਆਂ ਸਨ। ਇਹਨਾਂ ਨੇ ਵਰਣਵਾਦ, ਨਸਲਵਾਦ, ਵਰਗਵਾਦ, ਜਾਤੀਵਾਦ ਅਤੇ ਪੁਰਸ਼ਵਾਦ ਦੇ ਖਿਲਾਫ਼ ਸਾਂਸਕ੍ਰਿਤਕ ਅਤੇ ਅੰਦੋਲਨਾਤਮਕ ਕਾਰਜ ਕੀਤਾ। 1974 ਵਿੱਚ ਬੋਸਟਨ ਵਿੱਚ ਕਾਮਬਾਹੀ ਰਿਵਰ ਕਲੈਕਟਿਵ (Combahee River Collective) ਕਾਲੇ ਨਾਰੀਵਾਦੀ ਸੰਗਠਨ ਦੀ ਸਥਾਪਨਾ ਹੋਈ ਜਿਸਨੇ ਕਾਲੀਆਂ ਔਰਤਾਂ ਦੀ ਸਥਿਤੀ ਨੂੰ ਬੇਹਤਰ ਬਣਾਉਣ ਲਈ ਮਹੱਤਵਪੂਰਨ ਕੰਮ ਕੀਤਾ। ਇਸਦਾ ਵਿਚਾਰ ਸੀ ਕਿ ਕਾਲੀ ਔਰਤ ਦੀ ਮੁਕਤੀ ਦੇ ਬਾਅਦ ਹੀ ਸੰਪੂਰਣ ਮਾਨਵ ਸਮਾਜ ਦੀ ਮੁਕਤੀ ਸੰਭਵ ਹੈ।

ਪ੍ਰਸਿੱਧ ਬਲੈਕ ਨਾਰੀਵਾਦੀ ਚਿੰਤਕ ਬੈੱਲ ਹੁਕਸ (Bell Hooks) ਆਪਣੀ ਪੁਸਤਕ 'ਐਂਟ ਆਈ ਏ ਵੂਮੈਨ?: ਬਲੈਕ ਵੂਮੈਨ ਐਂਡ ਫੈਮੀਨਿਜ਼ਮ' (Ain't I a women?: Black Women and Faminism) 1981 ਵਿੱਚ ਦੱਸਦੀ ਹੈ ਕਿ ਜਦੋਂ ਤੋਂ ਸਮਕਾਲੀਨ ਨਾਰੀ ਅੰਦੋਲਨ ਸ਼ੁਰੂ ਹੋਇਆ ਹੈ ਉਦੋਂ ਤੋਂ ਕਾਲੀਆਂ ਔਰਤਾਂ ਦੀ ਸਮਾਜਿਕ ਸਥਿਤੀ ਉੱਪਰ ਲਿੰਗਕਤਾਵਾਦੀ ਪ੍ਰਭਾਵਾਂ ਦੇ ਵਿਸ਼ੇ ਨੂੰ ਲੈ ਕੇ ਚਰਚਾ ਲਗਭਗ ਨਾਂਹ ਦੇ ਬਰਾਬਰ ਸੀ। ਉੱਚ ਅਤੇ ਮੱਧ ਵਰਗ ਦੀਆਂ ਗੋਰੀਆਂ ਔਰਤਾਂ ਨੇ ਜੋ ਇਸ ਅੰਦੋਲਨ ਦਾ ਚਿਹਰਾ ਸਨ, ਇਸ ਗੱਲ ਉੱਤੇ ਧਿਆਨ ਨਹੀਂ ਦਿੱਤਾ ਕਿ ਪਿੱਤਰਸੱਤਾ ਸ਼ਕਤੀ, ਜੋ ਪੁਰਸ਼ਾਂ ਦੁਆਰਾ ਔਰਤਾਂ ਉੱਪਰ ਆਪਣਾ ਅਧਿਕਾਰ ਬਣਾਈ ਰੱਖਣ ਲਈ ਇਸਤੇਮਾਲ ਹੁੰਦੀ ਹੈ, ਉਹ ਉੱਚ ਅਤੇ ਮੱਧ ਵਰਗ ਦੇ ਗੋਰੇ ਪੁਰਸ਼ਾਂ ਤੱਕ ਹੀ ਸੀਮਤ ਨਹੀਂ ਸੀ ਬਲਕਿ ਇਸ ਵਿੱਚ ਸਮਾਜ ਦੇ ਹਰ ਵਰਗ ਅਤੇ ਜਾਤੀ ਦੇ ਪੁਰਸ਼ ਸ਼ਾਮਿਲ ਹਨ। ਗੋਰੀਆਂ ਔਰਤਾਂ ਨੇ ਗੋਰੇ ਪੁਰਸ਼ਾਂ ਅਤੇ ਗੋਰੀਆਂ ਔਰਤਾਂ ਦੇ ਆਰਥਿਕ ਹਲਾਤਾਂ ਦੇ ਅੰਤਰ ਲਈ ਲਿੰਗਕ ਭੇਦ ਦੇ ਨਕਾਰਾਤਮਕ ਪ੍ਰਭਾਵਾਂ ਉੱਤੇ ਤਾਂ ਧਿਆਨ ਕੇਂਦ੍ਰਿਤ ਕੀਤਾ, ਪਰ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਨਿਮਨ ਅਤੇ ਵੰਚਿਤ ਵਰਗ ਦੇ ਪੁਰਸ਼ ਵੀ ਔਰਤਾਂ ਦੇ ਸ਼ੋਸ਼ਣ ਅਤੇ ਦਮਨ ਲਈ ਅਮਰੀਕੀ ਸਮਾਜ ਦੇ ਦੂਜੇ ਪੁਰਸ਼-ਸਮੂਹਾਂ ਦੀ ਭਾਂਤੀ ਹਨ।[87]

ਗੋਰੇ ਲੋਕਾਂ ਹੱਥੋਂ ਨਸਲੀ ਅਤੇ ਵਰਗ ਵਿਤਕਰੇ ਦਾ ਸ਼ਿਕਾਰ ਹੋਣ ਵਾਲੇ ਕਾਲੇ ਮਰਦ ਰਾਜਨੀਤਕ ਨੇਤਾ ਅਤੇ ਕਾਰਜਕਰਤਾ ਵੀ ਆਪਣੀਆਂ ਪਤਨੀਆਂ ਨਾਲ ਦੂਜੇ ਦਰਜੇ ਦਾ ਵਿਵਹਾਰ ਕਰਦੇ ਹਨ। ਉਹ ਗੋਰੇ ਉਦਾਰਵਾਦੀ ਮਰਦਾਂ ਦੀ ਤਰ੍ਹਾਂ ਔਰਤਾਂ ਨੂੰ ਉਸ ਹੱਦ ਤੱਕ ਹੀ ਰਾਜਨੀਤਿਕ ਅਧਿਕਾਰ ਦੇਣ ਦੇ ਸਮਰਥਕ ਸਨ ਜਿਸ ਹੱਦ ਤੱਕ ਪੁਰਸ਼ ਪ੍ਰਭੂਸੱਤਾ ਬਣੀ ਰਹੇ।[88] ਬੈੱਲ ਹੁਕਸ ਅਨੁਸਾਰ, ਮਾਰਕਸ ਗਾਰਵੀ, ਇਲਜਾਹ ਮੁਹੰਮਦ, ਮੈਲਕਸ ਐਕਸ, ਮਾਰਟਿਨ ਲੂਥਰ ਕਿੰਗ, ਸਟਾਕਲੀ ਕਾਰਮਾਈਕਲ, ਅਮੀਰੀ ਬਰਾਕਾ ਅਤੇ ਦੂਸਰੇ ਕਾਲੇ ਪੁਰਸ਼ ਨੇਤਾਵਾਂ ਨੇ ਪਿੱਤਰਸੱਤਾ ਦਾ ਸਮਰਥਨ ਕੀਤਾ ਹੈ। ਉਹਨਾਂ ਨੇ ਇਹ ਦਲੀਲ ਦਿੱਤੀ ਕਿ ਇਹ ਸਾਰੇ ਕਾਲੇ ਪੁਰਸ਼ਾਂ ਦੇ ਲਈ ਬਹੁਤ ਜ਼ਰੂਰੀ ਹੈ ਕਿ ਕਾਲੀਆਂ ਔਰਤਾਂ ਨੂੰ ਰਾਜਨੀਤਕ ਅਤੇ ਘਰੇਲੂ ਦੋਵਾਂ ਖੇਤਰਾਂ ਵਿੱਚ ਅਧੀਨਗੀ ਵਾਲੀ ਭੂਮਿਕਾ ਵਿੱਚ ਲਿਆਂਦਾ ਜਾਵੇ। ਬੈੱਲ ਹੁਕਸ ਲਿਖਦੀ ਹੈ ਕਿ ਸੱਠ ਦੇ ਦਹਾਕੇ ਦਾ ਕਾਲਾ ਸ਼ਕਤੀ ਅੰਦੋਲਨ ਨਸਲਵਾਦ ਦੇ ਖ਼ਿਲਾਫ਼ ਇਕ ਪ੍ਰਤੀਕਿਰਿਆ ਸੀ ਅਤੇ ਨਾਲ ਹੀ ਇਹ ਕਾਲੇ ਮਰਦਾਂ ਦਾ ਪਿੱਤਰਸੱਤਾ ਦੇ ਸਮਰੱਥਕ ਹੋਣ ਦਾ ਸਪੱਸ਼ਟ ਐਲਾਨ ਵੀ ਸੀ। ਹੁਕਸ ਦਾ ਮੱਤ ਹੈ ਕਿ ਪਿੱਤਰਸੱਤਾ ਦੀ ਮੌਜੂਦਾ ਸਮਾਜਿਕ ਸੰਰਚਨਾ ਵਿੱਚ ਕਾਲਾ ਪੁਰਸ਼, ਕਾਲੀਆਂ ਔਰਤਾਂ ਨੂੰ ਆਪਣਾ ਦੁਸ਼ਮਣ ਮੰਨਣਾ ਸ਼ੁਰੂ ਕਰ ਦਿੰਦੇ ਹਨ। ਕਿਉਂਕਿ ਕਾਲੀਆਂ ਔਰਤਾਂ ਗੋਰੇ ਅਤੇ ਕਾਲੇ ਦੋਵਾਂ ਤਰ੍ਹਾਂ ਦੇ ਪੁਰਸ਼ਾਂ ਦੁਆਰਾ ਪਰੰਪਰਾਗਤ ਤੌਰ ’ਤੇ ‘ਬੁਰੀਆਂ’ ਮੰਨੀਆਂ ਜਾਂਦੀਆਂ ਰਹੀਆਂ, ਇਸ ਲਈ ਉਹ ਕਿਸੇ ਵੀ ਸਮੂਹ ਦੇ ਪੁਰਸ਼ ਦੁਆਰਾ ਦੂਸਰੇ ਪੁਰਸ਼ ਤੋਂ ਸੁਰੱਖਿਆ ਸਹਿਯੋਗ ਪ੍ਰਾਪਤ ਕਰਨ ਵਿੱਚ ਅਸਮਰੱਥ ਰਹੀਆਂ ਹਨ।[89] ਹੁਕਸ ਕਾਲੀਆਂ ਔਰਤਾਂ ਦੇ ਦਮਨ ਅਤੇ ਸ਼ੋਸ਼ਣ ਵਿੱਚ ਸ਼ਾਮਿਲ ਕਾਲੇ ਮਰਦਾਂ ਦੀ ਭੂਮਿਕਾ ਨੂੰ ਨਕਾਰਦੀ ਹੋਈ ਆਪਣਾ ਤਰਕ ਪੇਸ਼ ਕਰਦੀ ਹੈ ਕਿ ਕਿਸੇ ਵੀ ਨਸਲ ਦੇ ਪਿੱਤਰਸੱਤਾ ਪੁਰਸ਼ ਉਦੋਂ ਤੱਕ ਮੁਕਤ ਨਹੀਂ ਹੋ ਸਕਦੇ ਜਦੋਂ ਤੱਕ ਉਹ ਔਰਤਾਂ ਦੀ ਅਧੀਨਤਾ ਦੀ ਵਕਾਲਤ ਕਰਦੇ ਰਹਿਣਗੇ।

ਬਾਰਬਰਾ ਸਮਿਥ ਇਕ ਅਮਰੀਕੀ ਲੈਸਬੀਅਨ ਅਤੇ ਸਮਾਜਵਾਦੀ ਹੈ ਜਿਸਨੇ ਸੰਯੁਕਤ ਰਾਜ ਅਮਰੀਕਾ ਵਿੱਚ ਬਲੈਕ ਫੈਮੀਨਿਜ਼ਮ ਦੇ ਨਿਰਮਾਣ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸਮਿਥ ਨੇ ਆਪਣੇ ਲੇਖ ‘ਟੂਵਰਡ ਏ ਬਲੈਕ ਫੈਮੀਨਿਸਟ ਕ੍ਰਿਟੀਸਿਜ਼ਮ’ (Toward a Black Feminist Criticism) ਜਿਹੜਾ ਕਿ ਪਹਿਲੀ ਵਾਰ ‘ਕੰਡੀਸ਼ਨਜ਼’ (Conditions) ਮੈਗਜ਼ੀਨ (1977) ਵਿੱਚ ਛਪਿਆ, ਰਾਹੀਂ ਕਾਲੀਆਂ ਔਰਤਾਂ ਦੇ ਸਾਹਿਤ ਅਤੇ ਕਾਲੇ ਲੈਸਬੀਅਨ ਨਾਰੀਵਾਦ ਬਾਰੇ ਚਰਚਾ ਚਲਾਈ। ਸਮਿਥ ਅਨੁਸਾਰ, ਗੋਰੀਆਂ ਔਰਤਾਂ ਦੁਆਰਾ ਨਾਰੀਵਾਦੀ ਆਲੋਚਨਾ ਉੱਤੇ ਲਿਖੀਆਂ ਗਈਆਂ ਕਿਤਾਬਾਂ ਵਿੱਚ ਦੱਬੇ-ਕੁਚਲੇ ਲੋਕਾਂ ਦੇ ਸਭਿਆਚਾਰਕ ਪ੍ਰਗਟਾਵੇ ਨੂੰ ਸਪਸ਼ੱਟ ਤੌਰ ’ਤੇ ਨਹੀਂ ਸਮਝਿਆ ਗਿਆ। ਉਸ ਦਾ ਵਿਚਾਰ ਹੈ ਕਿ ਕਾਲੇ ਨਾਰੀਵਾਦੀ ਰਾਜਨੀਤਕ ਸਿਧਾਂਤ ਦੀ ਕੋਈ ਵਿਕਸਤ ਸੰਸਥਾ ਨਹੀਂ ਹੈ ਜਿਸਦੀਆਂ ਧਾਰਨਾਵਾਂ ਨੂੰ

ਕਾਲੀਆਂ ਔਰਤਾਂ ਦੀ ਕਲਾ ਦੇ ਅਧਿਐਨ ਲਈ ਵਰਤਿਆ ਜਾ ਸਕੇ। ਸਾਲ 1980 ਵਿੱਚ ਸਮਿਥ ਨੇ ਆਪਣੀ ਦੋਸਤ ਆਦਰੇ ਲਾਰਡ (Audre Lorde) ਦੇ ਸੁਝਾਅ ਉੱਤੇ ਬੋਸਟਨ ਵਿੱਚ 'ਕਿਚਨ ਟੇਬਲ: ਵੂਮੈਨ ਆਫ਼ ਕਲਰ ਪ੍ਰੈਸ' (Kitchen Table: Women of Color Press) ਦੀ ਸਥਾਪਨਾ ਕੀਤੀ ਜੋ 'ਨੈਸ਼ਨਲ ਬਲੈਕ ਫੈਮੀਨਿਸਟ ਔਰਗਨਾਈਜੇਸ਼ਨ' (National Black Feminist Organization) ਦੇ ਨਾਲ ਨਜ਼ਦੀਕ ਸੰਬੰਧ ਰੱਖਦੀ ਸੀ। ਸਮਿਥ ਅਨੁਸਾਰ, ਪ੍ਰੈੱਸ ਦਾ ਇਹ ਨਾਮ ਇਸ ਲਈ ਚੁਣਿਆ ਗਿਆ ਕਿਉਂਕਿ 'ਰਸੋਈ' ਘਰ ਦਾ ਕੇਂਦਰ ਹੈ, ਇਹ ਉਹ ਸਥਾਨ ਹੈ ਜਿੱਥੇ ਔਰਤਾਂ ਵਿਸ਼ੇਸ਼ ਰੂਪ ਵਿੱਚ ਕੰਮ ਕਰਦੀਆਂ ਹਨ ਅਤੇ ਇਕ ਦੂਸਰੇ ਨਾਲ ਸੰਵਾਦ ਕਰਦੀਆਂ ਹਨ।[90] ਇਸ ਪ੍ਰੈੱਸ ਦੇ ਰਾਹੀਂ ਸਮਿਥ ਅਤੇ ਉਸਦੇ ਸਹਿਯੋਗੀਆਂ ਚੈਰੀ ਮੋਰਾਗਾ (Cherrie Moraga), ਸੁਸਾਨ ਐਲ. ਯੁੰਗ (Susan L. Yung), ਆਦਰੇ ਲਾਰਡ, ਜੂਨ ਜੋਰਡਨ (June Jorden) ਅਤੇ ਗਲੋਰੀਆਂ ਐਂਜਲੂਡੀਆ (Gloria Anzaludia) ਨੇ ਕਈ ਪਰਚੇ ਅਤੇ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ, ਜਿਹਨਾਂ ਵਿੱਚ ਜਾਤੀ/ਨਸਲੀ ਅਧਿਐਨ, ਔਰਤਾਂ ਦੇ ਅਧਿਐਨ, ਕਿਊਰ ਅਧਿਐਨ ਅਤੇ ਬਲੈਕ ਅਧਿਐਨ 'ਤੇ ਕੰਮ ਕੀਤਾ ਗਿਆ।

ਬਲੈਕ ਨਾਰੀਵਾਦੀ ਚਿੰਤਕ ਪੈਟਰੀਸ਼ੀਆ ਹਿਲ ਕੋਲਿੰਜ਼ (Patricia Hill Collins) ਦਾ ਚਿੰਤਨ ਮੁੱਖ ਰੂਪ ਵਿੱਚ ਅਫ਼ਰੀਕੀ-ਅਮਰੀਕੀ ਸਮਾਜ ਦੇ ਅੰਤਰਗਤ ਨਾਰੀਵਾਦ, ਲਿੰਗ ਅਤੇ ਸਮਾਜਿਕ ਅਸਮਾਨਤਾ ਨਾਲ ਸੰਬੰਧਿਤ ਮੁੱਦਿਆਂ ਉੱਪਰ ਕੇਂਦਰਿਤ ਹੈ। ਉਸਦੀ 1991 ਵਿੱਚ ਛਪੀ ਪੁਸਤਕ 'ਬਲੈਕ ਫੈਮੀਨਿਸਟ ਥਾੱਟ' (Black Feminist Thought) ਅਫ਼ਰੀਕੀ-ਅਮਰੀਕੀ ਕਾਲੀਆਂ ਔਰਤਾਂ ਦੇ ਸਾਹਿਤ ਨੂੰ ਪੇਸ਼ ਕਰਨ ਵਾਲੀ ਪਹਿਲੀ ਪੁਸਤਕ ਹੈ। ਕੋਲਿੰਜ਼ ਦਾ ਮੰਨਣਾ ਹੈ ਕਿ ਕਾਲੀਆਂ ਔਰਤਾਂ ਦੇ ਬੌਧਿਕ ਕੰਮਾਂ ਨੂੰ ਲੰਮੇ ਸਮੇਂ ਤੱਕ ਦਬਾਇਆ ਗਿਆ ਹੈ। ਇਸ ਲਈ ਕਾਲੀਆਂ ਔਰਤਾਂ ਦੇ ਸਾਹਿਤ ਵਿੱਚ ਪੇਸ਼ ਕਾਲੀਆਂ ਔਰਤਾਂ ਦੇ ਸੰਘਰਸ਼ ਅਤੇ ਅਨੁਭਵਾਂ ਦੇ ਮਾਧਿਅਮ ਰਾਹੀਂ ਨਾਰੀਵਾਦੀ ਵਿਚਾਰਧਾਰਾ ਨੂੰ ਵਿਕਸਤ ਕੀਤਾ ਜਾ ਸਕਦਾ ਹੈ।

ਬਲੈਕ ਨਾਰੀਵਾਦੀ ਐਲਿਸ ਵਾਕਰ (Alice Walker) ਦਾ ਨਾਵਲ 'ਦ ਥਰਡ ਲਾਈਫ਼ ਆਫ਼ ਗ੍ਰੇਜ ਕੋਪਲੈਂਡ' (The Third Life of Grange Copeland) 1970, 'ਮੇਰੀਡਿਅਨ' (Meridian) 1976, 'ਦ ਕਲਰ ਪਰਪਲ' (The Color Purple) 1982, 'ਦ ਟੈਂਪਲ ਆਫ਼ ਆਈ ਫ਼ੈਮੀਲੀਅਰ' (The Tample of Familiar) ਅਤੇ ਟੋਨੀ ਮੋਰੀਸਨ (Toni Morrison) ਦਾ ਨਾਵਲ 'ਦ ਬਲੂਇਸਟ ਆਈ' (The Bluest Eye) 1970, 'ਬੀਲਵਡ' (Beloved) 1987 ਵਿੱਚ ਅਫ਼ਰੀਕੀ-ਅਮਰੀਕੀ ਸਮਾਜ ਵਿੱਚ ਕਾਲੇ ਲੋਕਾਂ ਦੇ ਸੰਘਰਸ਼, ਵਿਸ਼ੇਸ਼ ਕਰਕੇ ਕ੍ਰਾਂਤੀਕਾਰੀ ਕਾਲੀਆਂ ਔਰਤਾਂ ਦੇ ਨਸਲਵਾਦੀ, ਯੌਨਵਾਦੀ ਤੇ ਪਿੱਤਰਸੱਤਾ ਵਿਰੁੱਧ ਸੰਘਰਸ਼ ਨੂੰ ਦਰਸਾਉਂਦੇ ਹਨ। ਐਲਿਸ ਵਾਕਰ ਆਪਣੇ ਸੰਗ੍ਰਹਿ 'ਇਨ ਸਰਚ ਆਫ਼

ਅਵਰ ਮਦਰਸ ਗਾਰਡਨਜ਼' (In Search of our Mother Gardens) 1983 ਵਿੱਚ 'ਵੂਮੈਨਿਸਟ' (Womainst) ਸ਼ਬਦ ਵਰਤਦੀ ਹੈ ਜਿਸ ਵਿੱਚ ਉਹ ਸਮੁੱਚੀਆਂ ਔਰਤਾਂ ਜੋ ਰੰਗ, ਨਸਲ, ਜਾਤ, ਵਰਗ ਆਦਿ ਦੇ ਆਧਾਰ ਤੇ ਉਤਪੀੜਤ ਹੁੰਦੀਆਂ ਹਨ, ਦੇ ਮੁੱਦਿਆਂ ਨੂੰ ਸ਼ਾਮਿਲ ਕਰਦੀ ਹੈ।[91] ਬਲੈਕ ਨਾਰੀ ਲੇਖਿਕਾਵਾਂ ਨੇ ਸਾਹਿਤ ਦੇ ਮਾਧਿਅਮ ਰਾਹੀਂ ਨਾਰੀ ਦੀ ਆਜ਼ਾਦੀ ਅਤੇ ਨਾਰੀ ਚੇਤਨਾ ਦਾ ਵਾਤਾਵਰਣ ਸਿਰਜਦੇ ਹੋਏ ਬਲੈਕ ਨਾਰੀਵਾਦੀ ਲਹਿਰ ਨੂੰ ਵਿਚਾਰਧਾਰਕ ਆਧਾਰ ਪ੍ਰਦਾਨ ਕੀਤਾ।

ਐਂਜਲਾ ਡੇਵਿਸ (Angela Devis), ਕਿਮਬਰਲੇ ਵਿਲੀਅਮਜ਼ ਕਰੈਨਸ਼ਾਅ (Kimberle Williams Crenshaw), ਜੋਰਾ ਨੀਲ ਹਰਸਟਨ (Zora Neale Hurston), ਏਂਜਲਾ ਡੇਵਿਸ (Angela Davis) ਆਦਿ ਨੇ ਕਾਲੀ ਨਾਰੀ ਦੀਆਂ ਸਮੱਸਿਆਵਾਂ, ਸੰਘਰਸ਼, ਮੰਗਾਂ, ਅਧਿਕਾਰਾਂ ਤੇ ਪ੍ਰਾਪਤੀਆਂ ਬਾਰੇ ਵਿਸਥਾਰ ਨਾਲ ਚਰਚਾ ਕਰਨ ਦੇ ਨਾਲ-ਨਾਲ ਉਸਦੇ ਹੱਕਾਂ ਲਈ ਆਵਾਜ਼ ਉਠਾਈ।

**VIII. ਉੱਤਰ-ਬਸਤੀਵਾਦੀ ਨਾਰੀਵਾਦ**

ਤੀਸਰੀ ਦੁਨੀਆ ਦੇ ਦੇਸ਼ਾਂ ਨਾਲ ਸੰਬੰਧਿਤ ਨਾਰੀਵਾਦ ਨੂੰ ਉੱਤਰ-ਬਸਤੀਵਾਦੀ ਨਾਰੀਵਾਦ (Post Colonial Feminism) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉੱਤਰ-ਬਸਤੀਵਾਦੀ ਨਾਰੀਵਾਦ ਇਸ ਗੱਲ ਤੇ ਧਿਆਨ ਕੇਂਦਰਿਤ ਕਰਦਾ ਹੈ ਕਿ ਨਸਲਵਾਦ ਅਤੇ ਬਸਤੀਵਾਦ ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਰਾਜਨੀਤਕ, ਆਰਥਿਕ ਅਤੇ ਸੱਭਿਆਚਾਰਕ ਪ੍ਰਭਾਵਾਂ ਨੇ ਉੱਤਰ-ਬਸਤੀਵਾਦੀ ਦੇਸ਼ਾਂ ਦੀਆਂ ਗ਼ੈਰ ਗੋਰੀਆਂ ਅਤੇ ਗ਼ੈਰ ਪੱਛਮੀ ਔਰਤਾਂ ਨੂੰ ਪ੍ਰਭਾਵਿਤ ਕੀਤਾ ਹੈ। ਉੱਤਰ-ਬਸਤੀਵਾਦੀ ਨਾਰੀਵਾਦੀ ਚਿੰਤਕਾਂ ਦਾ ਮੱਤ ਹੈ ਕਿ ਪੱਛਮੀ ਨਾਰੀਵਾਦ ਤੀਸਰੀ ਦੁਨੀਆਂ ਦੀਆਂ ਔਰਤਾਂ ਦੀ ਪੀੜ ਅਤੇ ਸ਼ੋਸ਼ਣ ਨੂੰ ਸਮੇਟਣ ਵਿੱਚ ਨਾਕਾਮਯਾਬ ਰਿਹਾ ਹੈ। ਵੱਖ-ਵੱਖ ਨਾਰੀਵਾਦੀ ਲਹਿਰਾਂ ਅਤੇ ਸਿਧਾਂਤ ਮੁੱਖ ਤੌਰ 'ਤੇ ਪੱਛਮੀ ਮੁਲਕਾਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਉੱਪਰ ਹੀ ਜ਼ੋਰ ਦਿੰਦੇ ਹਨ। ਜਿਸ ਅਨਿਆਂ ਅਤੇ ਸ਼ੋਸ਼ਣ ਦੇ ਖਿਲਾਫ਼ ਇਹ ਲਹਿਰਾਂ ਹੋਂਦ ਵਿੱਚ ਆਈਆਂ, ਉਹਨਾਂ ਦੇ ਖ਼ਾਤਮੇ ਲਈ ਇਹਨਾਂ ਲਹਿਰਾਂ ਅਤੇ ਚਿੰਤਕਾਂ ਨੇ ਆਪਣੇ ਭਰਪੂਰ ਯਤਨ ਕੀਤੇ ਪਰੰਤੂ ਪੱਛੜੇ ਦੇਸ਼ਾਂ ਦੇ ਨਾਰੀਵਾਦੀ ਚਿੰਤਕ ਮਹਿਸੂਸ ਕਰਦੇ ਹਨ ਕਿ ਇਹਨਾਂ ਪੱਛਮੀ ਨਾਰੀਵਾਦੀ ਲਹਿਰਾਂ ਅਤੇ ਚਿੰਤਕਾਂ ਨੇ ਪੂਰਬੀ ਔਰਤਾਂ ਅਤੇ ਉਹਨਾਂ ਦੀਆਂ ਜੀਵਨ ਸਮੱਸਿਆਵਾਂ ਅਤੇ ਔਕੜਾਂ ਨੂੰ ਦੁਜੈਲੇ ਪੱਧਰ ਉੱਤੇ ਹੀ ਰੱਖਿਆ। ਇਸ ਅਹਿਸਾਸ ਤਹਿਤ ਹੌਲੀ-ਹੌਲੀ ਤੀਜੀ ਦੁਨੀਆਂ ਦਾ ਨਾਰੀਵਾਦ ਪੈਦਾ ਹੋਇਆ।

ਉੱਤਰ-ਬਸਤੀਵਾਦੀ ਚਿੰਤਕਾਂ ਦਾ ਵਿਚਾਰ ਹੈ ਕਿ ਜਦੋਂ 'ਨਾਰੀ' ਸ਼ਬਦ ਨੂੰ ਨਾਰੀਵਾਦੀ ਅੰਦੋਲਨ ਜਾਂ ਨਾਰੀਵਾਦੀ ਸਿਧਾਂਤ ਦੇ ਅੰਤਰਗਤ ਵਰਤਿਆ ਜਾਂਦਾ ਹੈ ਤਦ ਨਾਰੀ ਨੂੰ ਕੇਵਲ ਲਿੰਗ ਦੇ ਆਧਾਰ 'ਤੇ ਹੀ ਪਰਿਭਾਸ਼ਿਤ ਕੀਤਾ ਜਾਂਦਾ ਹੈ, ਉਸਦੇ ਸਮਾਜਿਕ ਵਰਗ ਤੇ ਨਸਲੀ ਪਛਾਣ ਦੀ ਚਰਚਾ ਹੀ ਨਹੀਂ ਕੀਤੀ

ਜਾਂਦੀ। ਤੀਜੀ ਦੁਨੀਆਂ ਦਾ ਨਾਰੀਵਾਦ ਔਰਤਾਂ ਦੇ ਸਥਾਨ, ਖਾਸ ਸਭਿਆਚਾਰਕ ਪੱਖਾਂ ਅਤੇ ਇਤਿਹਾਸਕ ਹਾਲਾਤ ਨੂੰ ਧਿਆਨ ਵਿੱਚ ਰੱਖਣ ਦੀ ਗੱਲ ਕਰਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਜਿਸ ਤਰ੍ਹਾਂ ਰਾਸ਼ਟਰੀ ਸੰਘਰਸ਼ਾਂ ਵਿੱਚ ਔਰਤ ਦੀ ਸ਼ਮੂਲੀਅਤ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਉਸੇ ਤਰ੍ਹਾਂ ਉਸਦੇ ਬਸਤੀਵਾਦ ਵਿਰੋਧੀ ਸੰਘਰਸ਼ਾਂ ਦੀ ਵੀ ਅਵਹੇਲਨਾ ਕੀਤੀ ਗਈ ਹੈ। ਔਰਤ ਦੇ ਪ੍ਰਸੰਗ ਵਿੱਚ ਜੇ ਕੋਈ ਗੱਲ ਕੀਤੀ ਗਈ ਹੈ ਤਾਂ ਸਿਰਫ਼ ਮਰਦ ਨਾਲ ਜੋੜ ਕੇ ਹੀ ਕੀਤੀ ਗਈ ਹੈ। ਉੱਤਰ-ਬਸਤੀਵਾਦੀ ਨਾਰੀਵਾਦ ਨਾ ਕੇਵਲ ਪੂਰਬੀ ਔਰਤ ਪ੍ਰਤੀ ਗਲਤ ਧਾਰਨਾਵਾਂ ਨੂੰ ਠੁਕਰਾਉਂਦਾ ਹੈ ਬਲਕਿ ਪੱਛਮ ਦੇ ਨਾਰੀਵਾਦੀ ਪ੍ਰਵਚਨ ਵੱਲੋਂ ਪੂਰਬੀ ਔਰਤ ਨੂੰ ਦੱਬੀ ਹੋਈ, ਅਨਪੜ੍ਹ, ਗ਼ੈਰ-ਚੇਤੰਨ ਆਦਿ ਠਹਿਰਾਏ ਜਾਣ ਦੇ ਪ੍ਰਵਚਨ ਨੂੰ ਵੀ ਨਕਾਰਦਾ ਹੈ। ਇਸ ਤਰ੍ਹਾਂ ਉੱਤਰ-ਬਸਤੀਵਾਦੀ ਨਾਰੀਵਾਦੀ ਇਹ ਮੰਨਦੇ ਹਨ ਕਿ ਉੱਤਰ-ਬਸਤੀਵਾਦੀ ਨਾਰੀਵਾਦ ਪੱਛਮੀ ਨਾਰੀਵਾਦ ਦੇ ਪ੍ਰਭਾਵ ਤਹਿਤ ਨਹੀਂ ਬਲਕਿ ਆਪਣੀਆਂ ਅੰਦਰੂਨੀ ਸਮਾਜ-ਸਭਿਆਚਾਰਕ ਸਮੱਸਿਆਵਾਂ ਅਤੇ ਕਾਰਨਾਂ ਵਿੱਚੋਂ ਉਤਪੰਨ ਹੁੰਦਾ ਹੈ।

ਉੱਤਰ-ਬਸਤੀਵਾਦੀ ਨਾਰੀਵਾਦ ਦੀ ਕਾਲੇ ਨਾਰੀਵਾਦ ਨਾਲ ਗਹਿਰੀ ਸਾਂਝ ਹੈ ਕਿਉਂਕਿ ਦੋਵਾਂ ਦਾ ਤਰਕ ਹੈ ਕਿ ਮੁੱਖ ਧਾਰਾ ਦਾ ਨਾਰੀਵਾਦ ਨਸਲੀ ਵਖ਼ਰੇਵਿਆਂ ਨੂੰ ਖ਼ਤਮ ਕਰਨ ਵਿੱਚ ਫੇਲ੍ਹ ਰਿਹਾ ਹੈ। ਉੱਤਰ-ਬਸਤੀਵਾਦੀ ਨਾਰੀਵਾਦੀ ਚਿੰਤਕ ਅਤੇ ਕਾਲੇ ਨਾਰੀਵਾਦੀ ਚਿੰਤਕ ਜਾਤੀ ਟਕਰਾਅ ਅਤੇ ਨਸਲਵਾਦ ਨੂੰ ਨਜਿੱਠਣ ਦੀ ਕੋਸ਼ਿਸ਼ ਕਰਦੇ ਹਨ ਜੋ ਅੱਜ ਵੀ ਮੌਜੂਦ ਹੈ ਅਤੇ ਇਸ ਮੁੱਦੇ ਨੂੰ ਮੁੱਖ ਧਾਰਾ ਦੇ ਨਾਰੀਵਾਦ ਵਿੱਚ ਸ਼ਾਮਿਲ ਕਰਨਾ ਚਾਹੁੰਦੇ ਹਨ। ਪੱਛਮੀ ਨਾਰੀਵਾਦ ਨੇ ਨਸਲਵਾਦ ਦੇ ਮੁੱਦੇ ਨੂੰ ਵੱਡੇ ਪੱਧਰ ਤੇ ਟਾਲ ਦਿੱਤਾ ਹੈ ਅਤੇ ਇਸਨੂੰ ਪਿੱਤਰਸੱਤਾ ਦੇ ਪਿੱਛੇ ਇਕ ਦੁਜੈਲੇ ਮੁੱਦੇ ਦੇ ਰੂਪ ਵਿੱਚ ਰੱਖਿਆ। ਉੱਤਰ-ਬਸਤੀਵਾਦੀ ਨਾਰੀਵਾਦੀ ਚਿੰਤਕ ਚੰਦਰਾ ਤਲਪਡੇ ਮੋਹੰਤੀ (Chandra Talpade Mohanty) ਨੇ ਉੱਤਰ-ਬਸਤੀਵਾਦੀ (Post Colonial) ਤੇ ਪਾਰ ਰਾਸ਼ਟਰੀ (Transnational) ਨਾਰੀਵਾਦ ਸਿਧਾਂਤ ਉੱਪਰ ਕੰਮ ਕੀਤਾ ਹੈ। ਉਸਨੇ ਆਪਣੀਆਂ ਲਿਖਤਾਂ ਵਿੱਚ ਪੱਛਮੀ ਨਾਰੀਵਾਦ ਸਿਧਾਂਤ ਨੂੰ ਤੀਜੀ ਦੁਨੀਆਂ ਉੱਪਰ ਲਾਗੂ ਹੋਣ ਵਿੱਚ ਪੇਸ਼ ਆਉਂਦੀਆਂ ਸਮੱਸਿਆਵਾਂ ਅਤੇ ਇਸ ਸਿਧਾਂਤ ਦੀਆਂ ਊਣਤਾਈਆਂ ਨੂੰ ਸਾਹਮਣੇ ਲਿਆਂਦਾ ਹੈ। ਆਪਣੇ ਮਹੱਤਵਪੂਰਨ ਲੇਖ 'ਅੰਡਰ ਵੈਸਟਰਨ ਆਈਜ਼:ਫੈਮੀਨਿਸਟ ਸਕਾਲਰਸ਼ਿਪ ਐਂਡ ਕਲੋਨੀਅਨ ਡਿਸਕੋਰਸਜ਼' (Under Western Eyes: Feminist Scholarship and colonial Discourses) 1984 ਵਿੱਚ ਲਿਖਿਆ ਕਿ, ਪੱਛਮੀ ਨਾਰੀਵਾਦੀਆਂ ਨੇ ਤੀਸਰੀ ਦੁਨੀਆਂ ਦੀਆਂ ਔਰਤਾਂ ਬਾਰੇ ਜੋ ਲਿਖਿਆ ਉਹ ਮਨਮਾਨਾ ਅਤੇ ਸੀਮਤ ਹੈ। ਇਸ ਲੇਖ ਦੇ ਪ੍ਰਸੰਗ ਵਿੱਚ ਮੋਹੰਤੀ ਦਾ ਕਹਿਣਾ ਹੈ ਕਿ ਇਸ ਲੇਖ ਨੂੰ ਲਿਖਣ ਲਈ ਉਸਦਾ ਮਕਸਦ ਇਸ ਗੱਲ ਦੀ ਪੜਤਾਲ ਕਰਨਾ ਹੈ ਕਿ ਕੁਝ ਖਾਸ ਲਿਖਤਾਂ ਵਿੱਚ ਤੀਜੀ ਦੁਨੀਆਂ ਦੀ ਔਰਤ ਇਕ

ਇਕਹਿਰੇ ਵਿਸ਼ੇ ਵਜੋਂ ਕਿਵੇਂ ਵਿਕਸਿਤ ਹੁੰਦੀ ਹੈ।[92] ਉਸਦਾ ਵਿਚਾਰ ਹੈ ਕਿ ਤੀਜੀ ਦੁਨੀਆਂ ਦਾ ਪੂਰਾ ਸਿਸਟਮ ਪੱਛਮ ਦੇ ਪ੍ਰਭਾਵ ਹੇਠ ਰਹਿਣ ਕਰਕੇ ਸਾਡਾ ਨਾਰੀਵਾਦੀ ਨਜ਼ਰੀਆ ਵੀ ਇਸ ਤੋਂ ਬਚ ਨਹੀ ਸਕਿਆ। ਮੋਹੰਤੀ ਅਨੁਸਾਰ, ਪੁਰਖਵਾਦ ਵੱਖੋ-ਵੱਖਰੀਆਂ ਹਾਲਤਾਂ ਤੇ ਵੱਖੋ-ਵੱਖਰੇ ਰੂਪਾਂ ਵਿੱਚ ਮੌਜੂਦ ਹੈ। ਇਸ ਲਈ ਹਰ ਇਕ ਔਰਤ ਦੇ ਪੁਰਖਵਾਦੀ ਸਮਾਜ ਨੂੰ ਮੋਟੇ ਤੌਰ ’ਤੇ ਇਕ ਚੌਖਟੇ ਵਿੱਚ ਦੇਖਣਾ ਠੀਕ ਨਹੀਂ। ਉਸ ਆਜ਼ਾਦ ਮੁਲਕ ਦੀ ਔਰਤ ਅਤੇ ਬਸਤੀਵਾਦੀ ਔਰਤ ਦੇ ਜੀਵਨ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ ਜਿਸਨੂੰ ਉਹ "Third World Differance" ਦੇ ਨਾਂ ਨਾਲ ਪਰਿਭਾਸ਼ਿਤ ਕਰਦੀ ਹੈ।[93]

ਮੋਹੰਤੀ ਉਸ ਨਾਰੀਵਾਦੀ ਪ੍ਰਵਚਨ ਨੂੰ ਨਕਾਰਦੀ ਹੈ ਜਿਹੜਾ ਇਹ ਮੰਨਦਾ ਹੈ ਕਿ ਸਭ ਔਰਤਾਂ ਬਰਾਬਰ ਹਨ, ਸਭ ਦੇ ਦੁੱਖ-ਸੁੱਖ, ਹਾਲਾਤ ਤੇ ਲੋੜਾਂ ਇਕੋ ਜਿਹੀਆਂ ਹਨ। ਉਹ ਪੱਛਮੀ ਨਾਰੀਵਾਦੀ ਪ੍ਰਵਚਨ ਦੀ ਆਲੋਚਨਾ ਕਰਦੀ ਹੈ ਕਿ ਇਹ ਤੀਜੀ ਦੁਨੀਆਂ ਦੀ ਔਰਤਾਂ ਬਾਰੇ ਹਮੇਸ਼ਾਂ ਚੁੱਪ ਰਿਹਾ ਹੈ। ਉਸਦਾ ਵਿਚਾਰ ਹੈ ਕਿ ਪੱਛਮੀ ਨਾਰੀਵਾਦੀ ਲਿਖਤਾਂ ਆਪਣੇ ਅੰਦਰੂਨੀ ਵਿਰੋਧਾਂ ਅਤੇ ਪਹਿਲਾਂ ਤੋਂ ਹੀ ਨਿਰਧਾਰਿਤ ਧਾਰਨਾਵਾਂ ਦੀਆਂ ਸ਼ਿਕਾਰ ਹਨ। ਪੱਛਮੀ ਨਾਰੀਵਾਦੀ ਚਿੰਤਕਾਂ ਨੇ ਸਮਾਜਿਕ, ਆਰਥਿਕ, ਸਭਿਆਚਾਰਕ ਤੇ ਇਤਿਹਾਸਿਕ ਹਾਲਾਤ ਨੂੰ ਘੋਖੇ ਬਿਨਾਂ ਹੀ ਤੀਜੀ ਦੁਨੀਆਂ ਦੀ ਇਕਹਿਰੀ ਤਸਵੀਰਕਸ਼ੀ ਕੀਤੀ ਹੈ। ਮੋਹੰਤੀ ਚਾਹੁੰਦੀ ਹੈ ਕਿ ਪੱਛਮੀ ਨਾਰੀਵਾਦੀ ਚਿੰਤਨ ਅਤੇ ਤੀਜੀ ਦੁਨੀਆਂ ਦੀਆਂ ਔਰਤਾਂ ਦੇ ਜੀਵਨ ਵਿਚਕਾਰ ਅੰਤਰ-ਵਾਰਤਾ ਹੋਣੀ ਚਾਹੀਦੀ ਹੈ।

ਉੱਤਰ-ਬਸਤੀਵਾਦੀ ਨਾਰੀਵਾਦੀ ਬੁੱਧੀਜੀਵੀਆਂ ਵਿੱਚ ਗਾਇਤਰੀ ਚੱਕਰਵਰਤੀ ਸਪਾਈਵਾਕ (Gayatri Chakravarty Spivak) ਨੂੰ ਉਸਦੇ ਲੇਖ ‘ਕੈਨ ਦ ਸਬਾਲਟਰਨ ਸਪੀਕ?’ (Can the Subaltern Speak?) 1983 ਲਈ ਜਾਣਿਆ ਜਾਂਦਾ ਹੈ। ਸਪਾਈਵਾਕ ਅਨੁਸਾਰ ਸਬਾਲਟਰਨ ਉਹ ਹਨ ਜੋ ਤੀਜੀ ਦੁਨੀਆਂ ਦੇ ਦੇਸ਼ਾਂ ਨਾਲ ਸੰਬੰਧ ਰੱਖਦੇ ਹਨ। ਉਹਨਾਂ ਲਈ ਬੋਲਣਾ ਅਸੰਭਵ ਹੈ ਕਿਉਂਕਿ ਉਹ ਲਿੰਗ, ਸ਼੍ਰੇਣੀ, ਜਾਤ, ਖੇਤਰ, ਧਰਮ ਅਤੇ ਹੋਰ ਬਿਰਤਾਂਤਾਂ ਵਿੱਚ ਵੰਡੇ ਹੋਏ ਹਨ। ਇਹ ਵੰਡ ਉਹਨਾਂ ਨੂੰ ਏਕਤਾ ਵਿੱਚ ਖੜ੍ਹੀ ਨਹੀਂ ਹੋਣ ਦਿੰਦੀ। ਸਪਾਈਵਾਕ ਦਾ ਮੰਨਣਾ ਹੈ ਕਿ ਪਹਿਲੀ ਦੁਨੀਆਂ ਦਾ ਨਾਰੀਵਾਦੀ ਚਿੰਤਨ ਤੀਸਰੀ ਦੁਨੀਆਂ ਦੀ ਨਾਰੀ ਵਿਚਾਰ ਚਰਚਾ ਨੂੰ ਨਿਰਧਾਰਿਤ ਕਰ ਰਿਹਾ ਹੈ। ਪਹਿਲੀ ਦੁਨੀਆਂ ਦੇ ਅਕਾਦਮਿਕ ਜਗਤ ਵਿੱਚ ਤੀਸਰੀ ਦੁਨੀਆਂ ਦੇ ਅਕਾਦਮਿਕ ਯਤਨਾਂ ਦਾ ਕੋਈ ਦਬਾਉ ਨਹੀਂ ਹੈ। ਇਸ ਸਥਿਤੀ ਨੂੰ ਤੋੜਨ ਲਈ ਗਾਇਤਰੀ ਚੱਕਰਵਰਤੀ ਸਪਾਈਵਾਕ ਨੇ ਪਹਿਲੀ ਦੁਨੀਆਂ ਦੇ ਨਾਰੀਵਾਦੀ ਪ੍ਰਵਚਨ ਨੂੰ ਚੁਣੌਤੀ ਦਿੱਤੇ ਬਿਨਾਂ ਤੀਸਰੀ ਦੁਨੀਆਂ ਦੇ ਅਕਾਦਮਿਕ, ਸਾਹਿਤਕ ਰੂਪਾਂ ਨੂੰ ਕੇਂਦਰ ਵਿੱਚ ਲਿਆ ਕੇ ਨਾਰੀ ਵਿਚਾਰ ਚਰਚਾ ਨੂੰ ਨਵਾਂ ਮੋੜ ਦਿੱਤਾ। ‘ਇੰਮਪੀਰੀਅਲਿਜ਼ਮ ਐਂਡ ਸੈਕਸੂਅਲ ਡਿਫ਼ਰੈਂਸ’ (Imperialism and Sexual

Defference) 1986 ਅਤੇ 'ਹਾਉ ਟੂ ਟੀਚ ਏ ਕਲਚਰਲੀ ਡਿਫਰੇਂਟ ਬੁੱਕ' (How to Teach a Culturally Different Book) 1991 ਵਿੱਚ ਸਪਾਈਵਾਕ ਦੱਸਦੀ ਹੈ ਕਿ ਬਸਤੀਵਾਦੀ ਦੌਰ ਦੇ ਭਾਰਤੀ ਪਾਠ ਨੂੰ ਪੜ੍ਹਾਉਣਾ ਕਿੰਨਾ ਜਟਿਲ ਹੈ। ਉਸਨੂੰ ਆਮ ਪ੍ਰਚਲਿਤ ਸਿਧਾਂਤਕੀ ਦੇ ਜ਼ਰੀਏ ਨਹੀਂ ਪੜ੍ਹਾਇਆ ਜਾ ਸਕਦਾ ਕਿਉਂਕਿ ਇਸ ਪਾਠ ਅਤੇ ਇਸਦੀ ਪੜ੍ਹਤ ਵਿੱਚ ਸਾਮਰਾਜਵਾਦੀ ਨਜ਼ਰੀਏ ਦੇ ਪ੍ਰਭਾਵ ਨੂੰ ਵੀ ਦੇਖਿਆ ਜਾ ਸਕਦਾ ਹੈ। ਉਹ ਮੰਨਦੀ ਹੈ ਕਿ ਸਾਨੂੰ ਪਰਾ-ਰਾਸ਼ਟਰੀ ਸੰਸਕ੍ਰਿਤਕ ਅਧਿਐਨ ਉੱਤੇ ਧਿਆਨ ਦੇਣਾ ਚਾਹੀਦਾ ਹੈ।[94]

ਉੱਤਰ ਬਸਤੀਵਾਦੀ ਚਿੰਤਕਾਂ ਵਿੱਚ ਸਾਰਾ ਸੁਲੇਰੀ, ਉਮਾ ਨਾਰਾਇਣ, ਕੁਮਾਰੀ ਜਯਾਵਰਧਨਾ, ਕੁਮ ਕੁਮ ਸੰਗਾਰੀ, ਤਸਲੀਮਾ ਨਸਰੀਨ ਆਦਿ ਨੇ ਵੀ ਇਸ ਖੇਤਰ ਵਿੱਚ ਮਹੱਤਵਪੂਰਨ ਕੰਮ ਕੀਤਾ ਹੈ।

ਇਸ ਪ੍ਰਕਾਰ ਉੱਤਰ-ਬਸਤੀਵਾਦੀ ਨਾਰੀਵਾਦ ਤੀਜੀ ਦੁਨੀਆਂ ਦੀ ਨਾਰੀ ਦੀ ਸਥਿਤੀ ਅਤੇ ਉਸਦੇ ਮਸਲਿਆਂ ਨੂੰ ਵਿਸ਼ਵ ਪੱਧਰ 'ਤੇ ਬਹਿਸ ਦਾ ਹਿੱਸਾ ਬਣਾਉਂਦਾ ਹੈ। ਉੱਤਰ-ਬਸਤੀਵਾਦੀ ਨਾਰੀਵਾਦੀ ਪੱਛਮੀ ਨਾਰੀਵਾਦ ਦੁਆਰਾ, ਨਾਰੀ ਦੇ ਪ੍ਰਸੰਗ ਵਿੱਚ ਸਥਾਪਿਤ ਧਾਰਨਾਵਾਂ ਨੂੰ ਤੀਜੀ ਦੁਨੀਆਂ ਦੀਆਂ ਨਾਰੀਆਂ ਉੱਪਰ ਲਾਗੂ ਕਰਨ ਦੇ ਹੱਕ ਵਿੱਚ ਨਹੀਂ, ਕਿਉਂਕਿ ਤੀਜੀ ਦੁਨੀਆਂ ਦੀ ਨਾਰੀ ਦੀਆਂ ਸਮੱਸਿਆਵਾਂ ਉਹਨਾਂ ਦੀਆਂ ਵਿਸ਼ੇਸ਼ ਭੂਗੋਲਿਕ ਅਤੇ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਅਨੁਸਾਰ ਵਿਭਿੰਨ ਹਨ।

**(ਅ) ਪੂਰਬੀ ਨਾਰੀਵਾਦ : ਇਤਿਹਾਸਕ ਵਿਕਾਸ ਰੁਖ**

ਪੂਰਬੀ ਪ੍ਰਸੰਗ ਵਿੱਚ ਨਾਰੀਵਾਦ ਸਿਧਾਂਤਕ ਰੂਪ ਵਿੱਚ ਪੂਰਬੀ ਚਿੰਤਨ ਦਾ ਹਿੱਸਾ ਉਵੇਂ ਨਹੀਂ ਬਣਦਾ ਜਿਵੇਂ ਇਹ ਪੱਛਮੀ ਚਿੰਤਨ ਵਿੱਚ ਮੌਜੂਦ ਹੈ। ਜਿਸ ਨਾਰੀਵਾਦ ਨੂੰ ਇਕ ਸਿਧਾਂਤ ਅਤੇ ਵਿਚਾਰਧਾਰਾਈ ਦ੍ਰਿਸ਼ਟੀਕੋਣ ਵਜੋਂ ਵਿਸ਼ਵ ਪੱਧਰ ਦੇ ਆਲੋਚਕ, ਚਿੰਤਕ ਅਤੇ ਖੋਜੀ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਨ ਉਹ ਪੱਛਮੀ ਨਾਰੀਵਾਦੀ ਸਿਧਾਂਤ ਹੈ। ਪੱਛਮ ਵਿੱਚ ਵੱਖ-ਵੱਖ ਵਿਸ਼ਿਆਂ ਦੇ ਖੇਤਰਾਂ ਨਾਲ ਸੰਬੰਧਿਤ ਚਿੰਤਕਾਂ, ਵਿਦਵਾਨਾਂ, ਵਿਗਿਆਨੀਆਂ ਅਤੇ ਖੋਜੀਆਂ ਨੇ ਨਾਰੀਵਾਦ ਦਾ ਸਿਧਾਂਤਕ ਚੋਖਟਾ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਪੂਰਬੀ ਸੰਦਰਭ ਵਿੱਚ ਨਾਰੀਵਾਦ ਨਾਰੀ ਦੀ ਦਮਿਤ ਅਤੇ ਗੌਣ ਸਥਿਤੀ ਨੂੰ ਸੁਧਾਰਨ ਲਈ ਇਕ ਰਾਜਨੀਤਕ ਅਤੇ ਸਮਾਜ-ਸਭਿਆਚਾਰਕ ਲਹਿਰ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ। ਵੱਖ-ਵੱਖ ਪੂਰਬੀ ਏਸ਼ਿਆਈ ਦੇਸ਼ਾਂ ਵਿੱਚ ਨਾਰੀ ਦੇ ਪ੍ਰਸੰਗ ਵਿੱਚ ਉਥੋਂ ਦੀਆਂ ਇਤਿਹਾਸਕ ਅਤੇ ਸਮਾਜ-ਸਭਿਆਚਾਰਕ ਸਥਿਤੀਆਂ ਦੀ ਘੋਖ-ਪੜਤਾਲ ਕਰਨ ਉਪਰੰਤ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ ਨਾਲ ਸੰਬੰਧਿਤ ਕਈ ਮਹੱਤਵਪੂਰਨ ਵੇਰਵੇ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਨਾਂ ਦੇ ਸੰਦਰਭ ਵਿੱਚ ਪੂਰਬੀ ਨਾਰੀਵਾਦ ਦੀ ਇਤਿਹਾਸਕ ਰੂਪ-ਰੇਖਾ ਨੂੰ ਦੇਖਿਆ ਜਾ ਸਕਦਾ ਹੈ।

**I. ਏਸ਼ੀਆਈ ਸਮਾਜਾਂ ਵਿੱਚ ਨਾਰੀ ਚੇਤਨਾ ਦਾ ਉਦੈ**

ਏਸ਼ਿਆਈ ਸਮਾਜਾਂ ਵਿੱਚ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ ਪੱਛਮੀ ਨਾਰੀ ਨਾਲੋਂ ਭਿੰਨ ਹਨ। ਇਸ ਲਈ ਏਸ਼ਿਆਈ ਸਮਾਜਾਂ ਵਿੱਚ ਨਾਰੀ ਮੁਕਤੀ ਅੰਦੋਲਨ ਦਾ ਸਰੂਪ ਪੱਛਮੀ ਨਾਰੀਵਾਦ ਨਾਲੋਂ ਵੱਖਰਤਾ ਰੱਖਦਾ ਹੈ। ਏਸ਼ੀਅਨ ਨਾਰੀਵਾਦੀ ਚਿੰਤਕ ਪੱਛਮੀ ਨਾਰੀਵਾਦੀ ਚਿੰਤਕਾਂ ਨਾਲੋਂ ਪੇਸ਼ ਕੀਤੇ ਗਏ ਵਿਚਾਰਾਂ ਤੋਂ ਪ੍ਰਭਾਵਿਤ ਅਤੇ ਦਿਸ਼ਾ ਨਿਰਦੇਸ਼ਤ ਹੁੰਦੇ ਹੋਏ ਵੀ ਪੱਛਮੀ ਨਾਰੀਵਾਦ ਨਾਲੋਂ ਵੱਖਰਤਾ ਦਾ ਐਲਾਨ ਕਰਦੇ ਹਨ। ਮੀਨਾ ਰੋਸ (Mina Roces) ਦਾ ਮੰਨਣਾ ਹੈ ਕਿ ਪੂਰਬੀ ਨਾਰੀਵਾਦ ਅਨੁਸਾਰ ਪੱਛਮੀ ਨਾਰੀਵਾਦ ਵਿਅਕਤੀਵਾਦੀ, ਮਰਦ ਵਿਰੋਧੀ ਅਤੇ ਪਰਿਵਾਰ ਵਿਰੋਧੀ ਹੈ। ਏਥੋਂ ਦੇ ਨਾਰੀਵਾਦੀ ਕਾਰਕੁੰਨਾਂ ਨੂੰ ਪੱਛਮੀ ਨਾਰੀਵਾਦ ਦੀ ਨਕਲ ਕਰਨ ਦੇ ਫਲਸਰੂਪ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਕਿਉਂਕਿ ਉਹਨਾਂ ਦੀਆਂ ਧਾਰਨਾਵਾਂ ਪੂਰਬੀ ਸਭਿਆਚਾਰ ਅਤੇ ਧਰਮ ਦੇ ਅਨੁਕੂਲ ਨਹੀਂ ਸਨ। ਬਹੁਤ ਸਾਰੇ ਚੀਨੀ ਨਾਰੀ ਕਾਰਕੁੰਨਾਂ ਨੇ 'ਨਾਰੀਵਾਦੀ' ਲੇਬਲ ਨੂੰ ਰੱਦ ਕਰ ਦਿੱਤਾ। ਕੰਬੋਡੀਆ ਵਿੱਚ ਰਾਸ਼ਟਰੀ ਨੇਤਾਵਾਂ ਨੇ ਘੋਸ਼ਣਾ ਕੀਤੀ ਕਿ ਨਾਰੀਵਾਦ ਉਹਨਾਂ ਦੇ ਸਭਿਆਚਾਰ ਨੂੰ ਖ਼ਤਮ ਕਰ ਦੇਵੇਗਾ। ਸਿੰਗਾਪੁਰ ਦੇ ਹਾਕਮ ਕੁਲੀਨ ਲੋਕਾਂ ਨੇ ਇਹ ਐਲਾਨ ਕੀਤਾ ਕਿ ਪੱਛਮੀ ਨਾਰੀਵਾਦ ਉਹਨਾਂ ਦੀਆਂ ਸਮਾਜ-ਸਭਿਆਚਾਰਕ ਕੀਮਤਾਂ ਨੂੰ ਤੋੜ ਦੇਵੇਗਾ। ਥਾਈਲੈਂਡ ਵਿੱਚ ਪੱਛਮੀ ਨਾਰੀਵਾਦ ਨੂੰ ਗ਼ੈਰ ਥਾਈ (Un-Tai) ਕਹਿ ਕੇ ਇਸ ਤੋਂ ਦੂਰੀ ਬਣਾਈ ਗਈ।[95]

ਏਸ਼ੀਆਈ ਦੇਸ਼ਾਂ ਵਿੱਚ ਨਾਰੀ ਮੁਕਤੀ ਅੰਦੋਲਨ ਪੱਛਮੀ ਅਤੇ ਯੂਰਪੀ ਔਰਤਾਂ ਦੁਆਰਾ ਆਪਣੀ ਮੁਕਤੀ ਲਈ ਕੀਤੇ ਜਾ ਰਹੇ ਸੰਘਰਸ਼ ਤੋਂ ਵੱਖਰੀ ਤਰ੍ਹਾਂ ਸ਼ੁਰੂ ਹੁੰਦਾ ਹੈ। ਵੱਖ-ਵੱਖ ਏਸ਼ਿਆਈ ਦੇਸ਼ਾਂ ਜਿਵੇਂ **ਪਾਕਿਸਤਾਨ, ਬੰਗਲਾਦੇਸ਼, ਚੀਨ, ਜਾਪਾਨ, ਥਾਈਲੈਂਡ, ਇੰਡੋਨੇਸ਼ੀਆ, ਫਿਲਪਾਈਨ, ਇਰਾਨ ਅਤੇ ਅਫ਼ਗਾਨਿਤਾਨ** ਆਦਿ ਵਿੱਚ ਅੱਜ ਵੀ ਨਾਰੀ ਜੀਵਨ ਰੋਕਾਂ ਅਤੇ ਮਨਾਹੀਆਂ ਵਿੱਚ ਘਿਰਿਆ ਹੋਇਆ ਹੈ। ਵੀਹਵੀਂ ਸਦੀ ਵਿੱਚ ਵੀ ਏਸ਼ਿਆਈ ਔਰਤਾਂ ਕੱਟੜ ਧਾਰਮਿਕ ਵਿਸ਼ਵਾਸ ਪ੍ਰਬੰਧ, ਪਿੱਤਰੀ ਮੁੱਲਾਂ ਅਤੇ ਰੂੜ੍ਹੀਵਾਦੀ ਸਭਿਆਚਾਰਕ ਕੀਮਤਾਂ ਵਿਰੁੱਧ ਸੰਘਰਸ਼ ਕਰ ਰਹੀਆਂ ਹਨ। ਨਾਰੀ ਸਥਿਤੀ ਨੂੰ ਸੁਧਾਰਨ ਅਤੇ ਬਰਾਬਰਤਾ ਦਾ ਅਧਿਕਾਰ ਹਾਸਿਲ ਕਰਨ ਲਈ ਕਈ ਅੰਦੋਲਨ ਅਤੇ ਲਹਿਰਾਂ ਚੱਲੀਆਂ ਜਿਸ ਕਰਕੇ ਏਸ਼ਿਆਈ ਸਮਾਜਾਂ ਵਿੱਚ ਨਾਰੀ ਚੇਤਨਾ ਵਿਕਸਿਤ ਹੋਈ।

**ਪਾਕਿਸਤਾਨ** ਵਿੱਚ ਨਾਰੀ ਅੰਦੋਲਨ ਦੀ ਬੁਨਿਆਦ ਉਸ ਸਮੇਂ ਹੀ ਰੱਖੀ ਗਈ ਸੀ ਜਦੋਂ ਉੱਚ ਵਰਗ ਦੀਆਂ ਔਰਤਾਂ ਨੇ ਬਸਤੀਵਾਦੀ ਵਿਰੋਧੀ ਸੰਘਰਸ਼ ਦੌਰਾਨ ਰਾਸ਼ਟਰਵਾਦੀ ਲਹਿਰ ਵਿੱਚ ਹਿੱਸਾ ਲਿਆ। ਪਾਕਿਸਾਤਨੀ ਸਮਾਜ ਦੀ ਹੋਂਦ ਦਾ ਆਧਾਰ ਇਸਲਾਮ ਧਰਮ ਹੈ ਅਤੇ ਪਾਕਿਸਾਤਨੀ ਨਾਰੀ ਦਾ ਜੀਵਨ

ਇਸਲਾਮਿਕ ਜਾਗੀਰਦਾਰੀ ਪ੍ਰਬੰਧ, ਧਰਮ, ਕਾਨੂੰਨ, ਪ੍ਰੰਪਰਾਵਾਂ ਅਤੇ ਰਵਾਇਤਾਂ ਅਨੁਸਾਰ ਨਿਰਧਾਰਿਤ ਕੀਤਾ ਗਿਆ ਹੈ ਜਿਸ ਕਾਰਨ ਉੱਥੋਂ ਦੀ ਨਾਰੀ ਦੀ ਸਥਿਤੀ ਤਸੱਲੀਬਖ਼ਸ਼ ਨਹੀਂ ਹੈ। ਬੇਗ਼ਮ ਰਾਣਾ ਲਿਆਕਤ ਅਲੀ ਖ਼ਾਨ ਨੇ ਔਰਤਾਂ ਦੇ ਰਾਜਨੀਤਕ ਸਸ਼ਕਤੀਕਰਨ ਲਈ ਨਿਰੰਤਰ ਮੁਹਿੰਮ ਚਲਾਈ। 'ਆਲ ਪਾਕਿਸ-ਤਾਨ ਵੂਮੈਨਜ਼ ਐਸੋਸੀਏਸ਼ਨ' (All Pakistan Women's Association) ਔਰਤਾਂ ਦਾ ਰਾਜਨੀਤਕ ਸੰਗਠਨ ਹੈ ਜਿਸਦਾ ਮੁੱਖ ਉਦੇਸ਼ ਪਾਕਿਸਤਾਨ ਵਿੱਚ ਔਰਤਾਂ ਅਤੇ ਬੱਚਿਆਂ ਦੇ ਨੈਤਿਕ, ਸਮਾਜਿਕ ਅਤੇ ਆਰਥਿਕ ਕਲਿਆਣ ਨੂੰ ਯਕੀਨੀ ਬਣਾਉਣਾ ਸੀ।[96] ਇਸ ਸੰਗਠਨ ਨੇ 'ਮੁਸਲਿਮ ਫੈਮਿਲੀ ਲਾਅ ਆਰਡੀਨੈਂਸ 1961' ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕੀਤਾ। 1948 ਵਿੱਚ ਲਾਹੌਰ ਵਿੱਚ 'ਡੈਮੋਕਰੇਟਿਕ ਵੂਮੈਨਜ਼ ਐਸੋਸੀਏਸ਼ਨ' (Democratic Women's Association) ਸੰਗਠਨ ਦੀ ਸਥਾਪਨਾ ਹੋਈ ਜੋ ਰਾਜਨੀਤਕ ਖੇਤਰ ਵਿੱਚ ਕਾਫੀ ਸਰਗਰਮ ਰਿਹਾ।[97] ਇਸ ਸੰਗਠਨ ਨੇ ਬਰਾਬਰ ਕੰਮ ਲਈ ਬਰਾਬਰ ਤਨਖਾਹ, ਲੜਕੀਆਂ ਲਈ ਵਿੱਦਿਅਕ ਮੌਕੇ ਅਤੇ ਬਿਹਤਰ ਰੁਜ਼ਗਾਰ ਦੇ ਲਈ ਮੁਹਿੰਮ ਚਲਾਈ। 1956 ਵਿੱਚ ਪਾਕਿਸਾਤਨੀ ਔਰਤਾਂ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ। ਜ਼ੁਲਫਿਕਾਰ ਅਲੀ ਭੁੱਟੋ ਦੇ ਸ਼ਾਸ਼ਨ ਕਾਲ ਦੌਰਾਨ (1971-77) ਨਾਰੀ ਦੀ ਸਥਿਤੀ ਵਿੱਚ ਕਾਫੀ ਸੁਧਾਰ ਹੋਇਆ। 1976 ਵਿੱਚ 'ਔਰਤਾਂ ਦਾ ਅਧਿਕਾਰ ਕਮਿਸ਼ਨ' ਦੀ ਸਥਾਪਨਾ ਕੀਤੀ ਗਈ, ਜਿਸਦੇ ਕਈ ਅਹੁਦਿਆਂ 'ਤੇ ਔਰਤਾਂ ਨਿਯੁਕਤ ਹੋਈਆਂ। ਫਰੀਦਾ ਸ਼ਹੀਦ ਅਤੇ ਖਵਾਰ ਮੁਮਤਾਜ ਜਿਹੀਆਂ ਨਾਰੀਆਂ ਨੇ ਇਸ ਸਮੇਂ ਨਾਰੀ ਅੰਦੋਲਨਾਂ ਦੀ ਅਗਵਾਈ ਕੀਤੀ।[98] 1977-86 ਦੌਰਾਨ ਜਿਆ-ਉਲ-ਹੱਕ ਦੇ ਕਾਰਜਕਾਲ ਦੌਰਾਨ ਔਰਤਾਂ ਦੀ ਸਥਿਤੀ ਬਦਤਰ ਹੋ ਗਈ ਸੀ। ਨਾਰੀ ਦੇ ਬਹੁਤ ਸਾਰੇ ਸੰਵਿਧਾਨਕ ਅਧਿਕਾਰ ਖ਼ਤਮ ਕਰ ਦਿੱਤੇ ਗਏ ਅਤੇ ਨਾਰੀ ਵਿਰੋਧੀ 'ਹਦੂਦ ਅਧਿਆਦੇਸ਼' (Hudood ordinances) ਲਾਗੂ ਕਰ ਦਿੱਤਾ ਗਿਆ। 'ਵੂਮੈਨਜ਼ ਐਕਸ਼ਨ ਫੋਰਮ' (Women's Action Forum) ਅਤੇ 'ਪਾਕਿਸਤਾਨੀ ਵੂਮੈਨ ਲਾਇਰਜ਼ ਐਸੋਸੀਏਸ਼ਨ' (Pakistani Women's Lawyer's Association) ਨਾਰੀ ਸੰਗਠਨਾਂ ਨੇ ਨਾਰੀ ਅਧਿਕਾਰਾਂ ਦੀ ਰੱਖਿਆ ਲਈ ਨਾਰੀ ਵਿਰੋਧੀ ਨੀਤੀਆਂ ਖਿਲਾਫ਼ ਸਰਗਰਮ ਮੁਹਿੰਮਾਂ ਚਲਾਈਆਂ। 1988 ਵਿੱਚ ਬੇਨਜ਼ੀਰ ਭੁੱਟੋ ਦੇ ਪ੍ਰਧਾਨ ਮੰਤਰੀ ਬਣਨ ਉਪਰੰਤ ਔਰਤ ਥਾਣੇ ਸਥਾਪਿਤ ਕੀਤੇ ਗਏ, ਔਰਤ ਜੱਜਾਂ ਦੀ ਨਿਯੁਕਤੀ ਕੀਤੀ ਗਈ, ਸਰਕਾਰੀ ਨੌਕਰੀ ਵਿੱਚ ਘੱਟੋ ਘੱਟ ਕੋਟਾ ਨਿਰਧਾਰਤ ਕਰਨ ਦੇ ਨਾਲ-ਨਾਲ ਸਿੱਖਿਆ ਸੰਸਥਾਵਾਂ ਵਿੱਚ ਔਰਤਾਂ ਦੇ ਅਧਿਐਨ ਕੇਂਦਰ ਸਥਾਪਿਤ ਕੀਤੇ ਗਏ। ਅਗਲੇ ਸਮੇਂ ਦੌਰਾਨ ਨਾਰੀ ਸਥਿਤੀ ਵਿੱਚ ਸੁਧਾਰਾਂ ਦੀ ਗਤੀ ਹੌਲੀ ਰਹੀ। ਅੱਜ ਵੀ ਪਾਕਿਸਤਾਨੀ ਨਾਰੀ ਅਨਪੜ੍ਹਤਾ, ਪਰਦਾ ਪ੍ਰਥਾ, ਬਹੁ-ਵਿਆਹ ਪ੍ਰਥਾ, ਅਣਜੋੜ-ਵਿਆਹ ਅਤੇ ਖ਼ਾਨਦਾਨ ਦੀ ਅਖੌਤੀ ਇੱਜ਼ਤ ਲਈ ਕਤਲ ਆਦਿ ਸਮੱਸਿਆਵਾਂ ਕਾਰਨ ਦੋਹਰੇ-ਤੀਹਰੇ ਸ਼ੋਸ਼ਣ ਦੀ ਸ਼ਿਕਾਰ

ਹੋ ਰਹੀ ਹੈ। ਪਾਕਿਸਤਾਨੀ ਨਾਰੀ ਦੀ ਸਥਿਤੀ ਨੂੰ ਸੁਧਾਰਨ ਅਤੇ ਨਾਰੀ ਨੂੰ ਆਪਣੇ ਅਧਿਕਾਰਾਂ ਬਾਰੇ ਚੇਤਨ ਕਰਨ ਲਈ ਮੁਖ਼ਤਾਰ ਮਾਈ, ਫਾਤਮਾ ਭੁੱਟੋ ਅਤੇ ਮਲਾਲਾ ਯੂਸਫ਼ਜਾਈ ਜਿਹੀਆਂ ਜਾਗਰੂਕ ਔਰਤਾਂ ਕੱਟੜਪੰਥੀਆਂ ਦੀ ਵਿਰੋਧਤਾ ਦੇ ਬਾਵਜੂਦ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਯਤਨ ਕਰ ਰਹੀਆਂ ਹਨ।

**ਬੰਗਲਾਦੇਸ਼** ਮੁਸਲਿਮ ਬਹੁ-ਗਿਣਤੀ ਵਾਲਾ ਦੇਸ਼ ਹੈ ਜਿਸਨੇ 1971 ਵਿੱਚ ਪਾਕਿਸਤਾਨ ਨਾਲੋਂ ਵੱਖ ਹੋ ਕੇ ਆਜ਼ਾਦੀ ਪ੍ਰਾਪਤ ਕੀਤੀ। ਬੰਗਲਾਦੇਸ਼ ਦਾ ਸੰਵਿਧਾਨ ਸਰਵਜਨਕ ਖੇਤਰ ਵਿੱਚ ਔਰਤਾਂ ਨੂੰ ਬਰਾਬਰ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ ਪ੍ਰੰਤੂ ਨਿੱਜੀ ਖੇਤਰ ਵਿੱਚ ਔਰਤਾਂ ਮਰਦਾਂ ਦੇ ਬਰਾਬਰ ਨਹੀਂ ਹਨ। ਵਿਆਹ ਦੇ ਅੰਤਰਗਤ ਔਰਤਾਂ ਲਈ ਤਲਾਕ ਅਤੇ ਵਿਰਾਸਤ ਦਾ ਅਧਿਕਾਰ ਧਾਰਮਿਕ ਨਿੱਜੀ ਕਾਨੂੰਨਾਂ ਦੁਆਰਾ ਚਲਾਏ ਜਾਂਦੇ ਹਨ। ਪ੍ਰੰਪਰਕ ਰੂਪ ਵਿੱਚ ਬੰਗਲਾਦੇਸ਼ ਮਰਦ ਪ੍ਰਧਾਨ ਸਮਾਜ ਹੈ ਜਿਸ ਵਿੱਚ ਘਰ-ਪਰਿਵਾਰ ਦਾ ਮੁਖੀ ਮਰਦ ਨੂੰ ਮੰਨਿਆ ਜਾਂਦਾ ਹੈ ਅਤੇ ਪਤਨੀ, ਬੱਚੇ ਤੇ ਹੋਰ ਮੈਂਬਰ ਉਸਦੇ ਆਦੇਸ਼ਾਂ ਅਨੁਸਾਰ ਚੱਲਦੇ ਹਨ। ਸਮਾਜ ਵਿੱਚ ਔਰਤ ਨੂੰ ਮਾਂ, ਪਤਨੀ ਅਤੇ ਬੇਟੀ ਦੀ ਭੂਮਿਕਾ ਨਿਭਾਉਣ ਤੇ ਜ਼ੋਰ ਦਿੱਤਾ ਜਾਂਦਾ ਹੈ ਪ੍ਰੰਤੂ ਪਿਛਲੇ ਸਾਲਾਂ ਵਿੱਚ ਔਰਤ ਦੇ ਕਿਰਤ ਬਾਜ਼ਾਰ, ਰਾਜਨੀਤਕ, ਨੀਤੀਗਤ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਨਾਲ ਪਿੱਤਰਕੀ ਸਮਾਜ ਦੇ ਔਰਤਾਂ ਪ੍ਰਤੀ ਪੱਖਪਾਤੀ ਨਜ਼ਰੀਏ ਨੂੰ ਚੁਣੌਤੀ ਦਿੱਤੀ ਗਈ। ਬੰਗਲਾਦੇਸ਼ ਵਿੱਚ ਹਿੰਸਾ ਦੀਆਂ ਸ਼ਿਕਾਰ ਪੀੜਤ ਔਰਤਾਂ ਦੀ ਸਹਾਇਤਾ ਕਰਨ ਲਈ 'ਬੰਗਲਾਦੇਸ਼ ਨੈਸ਼ਨਲ ਵੂਮੈਨ ਲਾਇਰਜ਼ ਐਸੋਸੀਏਸ਼ਨ' (Bangladesh National Women Lawyer's Association) ਦੀ ਸਥਾਪਨਾ ਕੀਤੀ ਗਈ। ਜਨਰਲ ਇਰਸ਼ਾਦ ਦੇ ਤਾਨਾਸ਼ਾਹੀ ਸ਼ਾਸ਼ਨ ਕਾਲ ਦੌਰਾਨ ਮਾਨਵੀ ਅਧਿਕਾਰਾਂ ਦੀ ਰੱਖਿਆ ਲਈ ਨਾਰੀਪੋਖੋ (Naripokhho) ਅਤੇ ਕਰਮੋਜੀਬੀ ਨਾਰੀ (Karmojibi Nari) ਨਾਰੀ ਸਮੂਹਾਂ ਦਾ ਗਠਨ ਕੀਤਾ ਗਿਆ। ਇਹਨਾਂ ਸਮੂਹਾਂ ਨੇ ਔਰਤਾਂ ਵਿਰੁੱਧ ਹਿੰਸਾ, ਧਾਰਮਿਕ ਨਿੱਜੀ ਕਾਨੂੰਨਾਂ, ਪ੍ਰਜਣਨ ਅਧਿਕਾਰ ਆਦਿ ਜਿਹੇ ਮੁੱਦਿਆਂ ਤੇ ਰਾਜ ਦੀਆਂ ਨੀਤੀਆਂ ਦੀ ਵਿਰੋਧਤਾ ਕੀਤੀ।[99] ਨਾਰੀ ਅੰਦੋਲਨ ਦੀਆਂ ਨਾਰੀ ਵਕੀਲ ਕਾਰਕੁੰਨਾਂ ਨੇ ਪਰਿਵਾਰਕ ਕਾਨੂੰਨਾਂ ਵਿਚ ਬਦਲਾਅ ਅਤੇ ਸੁਧਾਰ ਲਿਆਉਣ ਲਈ 'ਯੂਨੀਫੋਰਮ ਫੈਮਿਲੀ ਕੋਡ' (Uniform Family Code) ਖਰੜੇ ਦਾ ਨਿਰਮਾਣ ਕੀਤਾ।[100] 1990 ਦੇ ਦਹਾਕੇ ਵਿੱਚ ਐਨ.ਜੀ.ਓ. (NGO's) ਸੈਕਟਰ ਦੇ ਵਿਸਥਾਰ ਨਾਲ ਨਾਰੀ ਸਮੂਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਿਲ ਹੋਈਆਂ। ਰਾਸ਼ਟਰੀ ਪੱਧਰ 'ਤੇ ਇਸਲਾਮਿਸਟ ਰਾਜਨੀਤਕ ਪਾਰਟੀਆਂ ਨੇ ਐਨ.ਜੀ.ਓ. ਅਤੇ ਐਨ.ਐਮ.ਜੀ. ਸੈਕਟਰ (Ready-Made Garments Sector) ਵਿੱਚ ਔਰਤਾਂ ਦੀ ਮੈਂਬਰਸ਼ਿਪ ਦੀ ਵਿਰੋਧਤਾ ਕਰਨ ਲਈ ਮੁਹਿੰਮਾਂ ਚਲਾਈਆਂ।[101]

ਵਰਤਮਾਨ ਸਮੇਂ ਵਿੱਚ ਬਹੁਤ ਸਾਰੀਆਂ ਚੁਣੌਤੀਆਂ ਦੇ ਬਾਵਜੂਦ ਬੰਗਲਾਦੇਸ਼ ਵਿੱਚ ਨਾਰੀ ਅੰਦੋਲਨਾਂ, ਨਾਰੀ ਸਮੂਹਾਂ ਅਤੇ ਨਾਰੀਵਾਦੀ ਚਿੰਤਕਾਂ ਨੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਖੇਤਰਾਂ ਵਿੱਚ ਲਿੰਗਕ-ਭੇਦਭਾਵ ਦੇ ਖ਼ਾਤਮੇ ਲਈ ਸੰਘਰਸ਼ ਕਰਕੇ ਨਿਆਂ ਅਤੇ ਬਰਾਬਰ ਅਧਿਕਾਰ ਪ੍ਰਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹਨਾਂ ਚਿੰਤਕਾਂ ਅਤੇ ਸਾਹਿਤਕਾਰਾਂ ਵਿੱਚ ਰੁਕੇਆ ਸ਼ੇਖਾਵਤ ਹੁਸੈਨ, ਤਸਲੀਮਾ ਨਸਰੀਨ, ਸੇਲਿਨਾ ਬਾਨੋ, ਹਸਨਾ ਬੇਗਮ, ਹਮੀਦਾ ਹੁਸੈਨ, ਸੂਫੀਆ ਕਮਾਲ, ਨਜ਼ਮਾ ਚੌਧਰੀ, ਕਾਮਨੀ ਰਾਏ ਆਦਿ ਮਹੱਤਵਪੂਰਨ ਨਾਮ ਹਨ।

**ਚੀਨ** ਵਿੱਚ ਨਾਰੀ ਅਧਿਕਾਰਾਂ ਲਈ ਲਹਿਰ ਸਭ ਤੋਂ ਪਹਿਲਾਂ ਪੁਰਸ਼ ਸਮਾਜ ਸੁਧਾਰਕਾਂ ਦੁਆਰਾ ਸ਼ੁਰੂ ਕੀਤੀ ਗਈ। ਉਹਨਾਂ ਨੇ ਦੇਸ਼ ਦੇ ਵਿਕਾਸ ਲਈ ਔਰਤ ਦੀ ਬਰਾਬਰੀ ਅਤੇ ਆਜ਼ਾਦੀ ਨੂੰ ਜ਼ਰੂਰੀ ਮੰਨਿਆ। ਚੀਨ ਵਿੱਚ ਲੜਕੀਆਂ ਦੇ ਪੈਰ ਬੰਨ੍ਹਣ (Foot Binding) ਦੀ ਰਵਾਇਤ ਅਤੇ ਸਿੱਖਿਆ ਤੋਂ ਵਾਂਝੇ ਰਹਿਣ ਕਾਰਨ ਔਰਤ ਦਾ ਜੀਵਨ ਪੱਧਰ ਬਹੁਤ ਨੀਵਾਂ ਸੀ। 19ਵੀਂ ਸਦੀ ਦੇ ਅੰਤ ਵਿੱਚ ਕੁਝ ਔਰਤਾਂ ਨੇ ਪੁਰਸ਼ ਸਮੱਰਥਕਾਂ ਦੇ ਨਾਲ ਮਿਲ ਕੇ ਚੀਨੀ ਔਰਤਾਂ ਦੀ ਸਥਿਤੀ ਨੂੰ ਸੁਧਾਰਨ ਦਾ ਸੰਕਲਪ ਲਿਆ। ਚੀਨ ਵਿੱਚ ਇਸਾਈ ਮਿਸ਼ਨਰੀਆਂ ਵਿੱਚ ਵੱਡੀ ਗਿਣਤੀ ਪੱਛਮੀ ਔਰਤਾਂ ਦੀ ਸੀ ਜਿਹੜੀਆਂ ਮਿਸ਼ਨ ਵਿੱਚ ਅਧਿਆਪਕ, ਨਰਸਾਂ ਅਤੇ ਪ੍ਰਚਾਰਕਾਂ ਵਜੋਂ ਕੰਮ ਕਰ ਰਹੀਆਂ ਸਨ। ਚੀਨੀ ਨਾਰੀਵਾਦੀ ਹੂੰ ਬਿੰਕਸੀਆ (Hu Binxia), ਜੋਨ (Joan), ਨੇ ਪੱਛਮੀ ਔਰਤਾਂ ਨਾਲ ਮਿਲ ਕੇ ਚੀਨੀ ਔਰਤਾਂ ਨੂੰ ਜਾਗਰੂਕ ਕਰਨ ਲਈ ਮੁਹਿੰਮਾਂ ਚਲਾਈਆਂ। ਪੈਰ ਬੰਨ੍ਹਣ ਵਿਰੋਧੀ ਮੁਹਿੰਮ ਵਿੱਚ ਵਿਦੇਸ਼ੀ ਪ੍ਰਚਾਰਕਾਂ ਵਿੱਚ ਸ੍ਰੀਮਤੀ ਆਰਚਿਬਲਡ ਲਿਟਲ (Archibald Little) ਅਤੇ ਰੇਵ ਜੋਹਨ ਮੈਕਗੋਵਾਨ (Rev John Macgowan) ਸ਼ਾਮਿਲ ਸਨ। 1895 ਵਿੱਚ ਸ੍ਰੀਮਤੀ ਲਿਟਲ ਨੇ ਰਾਸ਼ਟਰੀ ਸੰਸਥਾ 'ਨੈਚੂਰਲ ਫੀਟ ਸੁਸਾਇਟੀ' (National Feet Society) ਦੀ ਸਥਾਪਨਾ ਕੀਤੀ।[102] ਸੁਧਾਰਵਾਦੀ ਬੁੱਧੀਜੀਵੀਆਂ ਕੰਗ ਯੁਵੈਈ (Kang Youwei), ਲਿਆਂਗ ਕਿਚਾਓ (Liang Qichao) ਅਤੇ ਟੈਨ ਸੀਤੋਂਗ (Tan Sitong) ਨੇ ਆਪਣੀਆਂ ਧੀਆਂ ਦੇ ਪੈਰ ਨਾ ਬੰਨ੍ਹਣ ਅਤੇ ਆਪਣੇ ਪੁੱਤਰਾਂ ਦੇ ਵਿਆਹ ਬੰਨ੍ਹੇ ਪੈਰਾਂ ਵਾਲੀਆਂ ਔਰਤਾਂ ਨਾਲ ਨਾ ਕਰਨ ਲਈ ਇੱਕ ਮੁਹਿੰਮ ਚਲਾਈ। ਅਜਿਹਾ ਕਰਕੇ ਉਹਨਾਂ ਨੇ 'ਬੰਨ੍ਹੇ ਹੋਏ ਪੈਰਾਂ' ਅਤੇ 'ਵਿਆਹ ਦੀਆਂ ਚੰਗੀਆਂ ਸੰਭਾਵਨਾਵਾਂ' ਵਿਚਕਾਰ ਸੰਬੰਧ ਤੋੜਨ ਦੀ ਕੋਸ਼ਿਸ਼ ਕੀਤੀ। ਇਹਨਾਂ ਦੇ ਅਗਾਂਹਵਧੂ ਵਿਚਾਰਾਂ ਕਾਰਨ ਲੜਕੀਆਂ ਦੇ 'ਪ੍ਰਾਕ੍ਰਿਤਕ ਪੈਰਾਂ' (Natural Fects) ਨੂੰ ਤੰਦਰੁਸਤ ਅਤੇ ਮਜ਼ਬੂਤੀ ਨਾਲ ਜੋੜਿਆ ਗਿਆ ਜੋ ਸਿਹਤਮੰਦ ਬੱਚੇ ਪੈਦਾ ਕਰਨਗੀਆਂ।[103]

ਚੀਨੀ ਔਰਤਾਂ ਦੀ ਸਿੱਖਿਆ ਲਈ ਮੁਹਿੰਮਾਂ ਚਲਾਈਆਂ ਗਈਆਂ ਤਾਂ ਜੋ ਔਰਤਾਂ ਮਰਦਾਂ ਤੋਂ ਆਰਥਿਕ ਰੂਪ ਵਿੱਚ ਸੁਤੰਤਰ ਹੋ ਸਕਣ ਦੇ ਯੋਗ ਹੋ ਜਾਣ। ਚੀਨ ਵਿੱਚ ਉੱਚ ਸਿੱਖਿਆ ਸੰਸਥਾਵਾਂ ਨਾ ਹੋਣ ਕਾਰਨ

ਨਾਰੀਵਾਦੀ ਕਿਊ ਜਿਨ (Qiu Jin) ਅਤੇ ਹੂੰ ਬਿਨਕਸੀਆਂ ਜਾਪਾਨ ਵਿੱਚ ਸਕਾਲਰਸ਼ਿਪ ਤੇ ਪੜ੍ਹਨ ਗਈਆਂ ਅਤੇ ਬਾਅਦ ਵਿੱਚ ਉਹਨਾਂ ਨੇ ਚੀਨੀ ਔਰਤਾਂ ਦੇ ਰਾਜਨੀਤਕ ਅਤੇ ਸਮਾਜਿਕ ਅਧਿਕਾਰਾਂ ਲਈ ਲਹਿਰਾਂ ਚਲਾਈਆਂ।[104] 1911 ਵਿੱਚ ਕ੍ਰਾਂਤੀਕਾਰੀ ਝਾਂਗ ਮੋਜੁਨ (Zhang Mojun) ਨੇ ਇੱਕ ਲੋਕਤੰਤਰ ਪੱਖੀ ਅਖ਼ਬਾਰ 'ਗ੍ਰੇਟ ਹਾਨ ਨਿਊਜ਼' (Great Han News) ਪ੍ਰਕਾਸ਼ਿਤ ਕੀਤਾ। 1912 ਵਿੱਚ ਗਣਤੰਤਰ ਦੇ ਗਠਨ ਤੋਂ ਬਾਅਦ ਉਸਨੇ ਔਰਤ ਦੇ ਰਾਜਨੀਤਕ ਅਧਿਕਾਰਾਂ ਲਈ 'ਸ਼ੈਨਯੂ ਵੂਮੈਨਜ਼ ਸੁਸਾਇਟੀ' (Shenzhou Women's Society) ਅਤੇ ਔਰਤਾਂ ਦੀ ਸਿੱਖਿਆ ਲਈ 'ਸ਼ੈਨਯੂ ਸਕੂਲ ਫਾਰ ਗਰਲਜ਼' (Shenzhou School for Girls) ਦੀ ਸਥਾਪਨਾ ਕੀਤੀ।[105] 1922 ਵਿੱਚ ਮਾਰਗਰੇਟ ਸੈਂਗਰ ਨੇ ਚੀਨ ਦਾ ਦੌਰਾ ਕੀਤਾ ਅਤੇ ਜਨਮ ਨਿਯੰਤਰਣ ਲਈ ਚੀਨੀ ਨਾਰੀਵਾਦੀਆਂ ਦਾ ਧਿਆਨ ਖਿੱਚਿਆ। ਲਿਊ ਵਾਂਗ ਲਿਮਿੰਗ ਨੇ ਜਨਮ ਨਿਯੰਤਰਣ ਅੰਦੋਲਨ ਦੀ ਅਗਵਾਈ ਕੀਤੀ ਅਤੇ 'ਵੂਮੈਨਜ਼ ਕ੍ਰਿਸਚਿਅਨ ਟੈਂਮਪਰੈਂਸ ਯੂਨੀਅਨ (Women's Christian Temperance Union) ਦੀ ਸਥਾਪਨਾ ਕੀਤੀ। 1950 ਤੋਂ ਬਾਅਦ ਕਮਿਊਨਿਸਟ ਪਾਰਟੀ ਨੇ ਔਰਤਾਂ ਦੀ ਸਥਿਤੀ ਸੁਧਾਰਨ ਲਈ 1 ਜੂਨ 1950 ਨੂੰ 'ਮੈਰਿਜ ਲਾਅ' ਜਾਰੀ ਕੀਤਾ ਜਿਸ ਤਹਿਤ ਪਤੀ-ਪਤਨੀ ਵਿੱਚ ਬਰਾਬਰ ਅਧਿਕਾਰ ਅਤੇ ਤਲਾਕ ਦੇ ਫੈਸਲੇ ਵਿੱਚ ਸਮਾਨਤਾ ਦਾ ਸਿਧਾਂਤ ਲਾਗੂ ਕੀਤਾ ਗਿਆ। 1950 ਤੋਂ ਬਾਅਦ 'ਮੈਰਿਜ ਲਾਅ' ਨੂੰ 'ਦ ਡੀਵੋਰਸ ਲਾਅ' ਦਾ ਨਾਮ ਦਿੱਤਾ ਗਿਆ। ਔਰਤਾਂ ਨੂੰ ਚੋਣ ਲੜਨ ਅਤੇ ਵੋਟ ਪਾਉਣ ਦਾ ਅਧਿਕਾਰ ਦੇਣ ਲਈ 1953 ਵਿੱਚ ਚੋਣ ਕਾਨੂੰਨ ਜਾਰੀ ਕੀਤਾ ਗਿਆ।[106] 1951 ਵਿੱਚ ਲੇਬਰ ਇੰਸ਼ੋਰੈਂਸ ਰੈਗੂਲੇਸ਼ਨ ਜਾਰੀ ਕੀਤਾ ਗਿਆ, ਜੋ ਔਰਤ ਕਰਮਚਾਰੀਆਂ ਲਈ ਬੀਮਾ ਪ੍ਰਦਾਨ ਕਰਦਾ ਸੀ। ਵੀਹਵੀਂ ਸਦੀ ਦੇ ਅੰਤ ਵਿੱਚ 'ਆਲ ਚਾਈਨਾ ਵੂਮੈਨਜ਼ ਫੈਡਰੇਸ਼ਨ' (All China Women's Federation) ਨੇ ਔਰਤਾਂ ਦੇ ਅਧਿਕਾਰਾਂ ਅਤੇ ਹਿੱਤਾਂ ਦੀ ਰਾਖੀ ਬਾਰੇ ਯਤਨ ਕੀਤੇ। ਔਰਤਾਂ ਦੀ ਚੌਥੀ ਵਿਸ਼ਵ ਕਾਨਫਰੰਸ ਵਿੱਚ ਚੀਨ ਨੇ ਪੂਰੀ ਦੁਨੀਆਂ ਸਾਹਮਣੇ ਘੋਸ਼ਣਾ ਕੀਤੀ, ਅਸੀਂ ਔਰਤਾਂ ਦੇ ਵਿਕਾਸ ਅਤੇ ਤਰੱਕੀ ਲਈ ਵਚਨਬੱਧ ਹਾਂ ਅਤੇ ਸਮਾਜਿਕ ਪ੍ਰਗਤੀ ਲਈ ਲਿੰਗਕ ਸਮਾਨਤਾ ਨੂੰ ਬੁਨਿਆਦੀ ਰਾਸ਼ਟਰੀ ਨੀਤੀ ਬਣਾਇਆ ਹੈ।[107]

**ਜਾਪਾਨ** ਵਿੱਚ ਮੇਜੀ ਕ੍ਰਾਂਤੀ (Meiji Restoration : a political and social Revolution) 1868 ਵਿੱਚ ਨਾਰੀ ਅਧਿਕਾਰਾਂ ਦੇ ਅੰਦੋਲਨਾਂ ਨਾਲ ਨਾਰੀ ਚੇਤਨਾ ਵਿਕਸਿਤ ਹੋਣੀ ਸ਼ੁਰੂ ਹੋਈ। ਇਸ ਕ੍ਰਾਂਤੀ ਤੋਂ ਬਾਅਦ ਔਰਤਾਂ ਦੀ ਤਸਕਰੀ 'ਤੇ ਰੋਕ ਲੱਗੀ, ਔਰਤਾਂ ਨੂੰ ਤਲਾਕ ਲੈਣ ਲਈ ਅਰਜ਼ੀ ਦਾਖਲ ਕਰਨ ਦਾ ਅਧਿਕਾਰ ਮਿਲਿਆ ਅਤੇ ਲੜਕੇ-ਲੜਕੀਆਂ ਦੋਨਾਂ ਲਈ ਮੁੱਢਲੀ ਸਿੱਖਿਆ ਪ੍ਰਾਪਤ ਕਰਨਾ ਜ਼ਰੂਰੀ ਬਣਾ ਦਿੱਤਾ ਗਿਆ। 1946 ਵਿੱਚ ਜਾਪਾਨੀ ਔਰਤਾਂ ਨੂੰ ਵੋਟ ਦਾ ਅਧਿਕਾਰ ਮਿਲਿਆ। 1970 ਵਿੱਚ ਉਮਾਨ ਰਿੱਬੂ

(Uman-Ribu) ਨਾਂ ਦੀ ਔਰਤ ਮੁਕਤੀ ਲਹਿਰ ਨੇ ਨਾਰੀਵਾਦੀਆਂ ਦੀਆਂ ਸਰਗਰਮੀਆਂ ਨੂੰ ਤੇਜ਼ ਕੀਤਾ ਅਤੇ ਜਾਪਾਨੀ ਮਰਦ ਪ੍ਰਧਾਨ ਸਮਾਜ ਦੀ ਵਿਆਪਕ ਆਲੋਚਨਾ ਕੀਤੀ।[108] 1979 ਵਿੱਚ ਸੰਯੁਕਤ ਰਾਸ਼ਟਰ ਮਹਾਂਸਭਾ ਦੁਆਰਾ ਔਰਤਾਂ ਨਾਲ ਹਰ ਤਰ੍ਹਾਂ ਦੇ ਭੇਦਭਾਵ ਦੇ ਖ਼ਾਤਮੇ ਬਾਰੇ ਹੋਏ ਸੰਮੇਲਨ 'ਕਨਵੈਨਸ਼ਨ ਔਨ ਦ ਇਲੀਮੀਨੇਸ਼ਨ ਆਫ਼ ਆਲ ਫੋਰਮਜ਼ ਆਫ਼ ਡਿਸਕਰੀਮੀਨੇਸ਼ਨ ਵੂਮੈਨ' (Convention on the Elimination Against Women) ਵਿੱਚ ਅੰਤਰ-ਰਾਸ਼ਟਰੀ ਸੰਧੀ ਕੀਤੀ ਗਈ ਅਤੇ 1985 ਵਿੱਚ ਜਾਪਾਨੀ ਸਰਕਾਰ ਨੇ ਇਸ ਸੰਧੀ ਦੀ ਹਮਾਇਤ ਕੀਤੀ। 1919 ਵਿੱਚ ਹੀਰਾਤੁਸਕਾ ਰਾਇਕੋ (Hiratuska Raicho), ਈਚੀਕਾਵਾ ਫੂਸੇ (Ichikawa Fusae) ਅਤੇ ਓਕੂ ਮੁਮੇਓ (Oku Mumeo) ਨਾਰੀਵਾਦੀਆਂ ਨੇ ਔਰਤਾਂ ਦੀ ਸੁਰੱਖਿਆ ਦੇ ਅਧਿਕਾਰ ਲਈ 'ਨਿਊ ਵੂਮੈਨ ਐਸੋਸੀਏਸ਼ਨ' (New Women Association) ਦਾ ਗਠਨ ਕੀਤਾ।[109] 1921 ਵਿੱਚ ਯਮਕਾਵਾਂ ਕਿਕੂ (Yamakawa Kikue) ਨੇ ਹੋਰ ਨਾਰੀਵਾਦੀਆਂ ਨਾਲ ਮਿਲ ਕੇ 'ਰੈੱਡ ਵੈਵ ਸੁਸਾਇਟੀ' (Red Wave Society) ਦਾ ਗਠਨ ਕੀਤਾ। ਇਸਨੇ ਪੂੰਜੀਵਾਦ ਦੀ ਆਲੋਚਨਾ ਕੀਤੀ ਕਿਉਂਕਿ ਉਸਨੇ ਔਰਤਾਂ ਨੂੰ ਗ਼ੁਲਾਮਾਂ ਅਤੇ ਵੇਸਵਾਵਾਂ ਵਿੱਚ ਬਦਲ ਦਿੱਤਾ।[110] 28 ਸਤੰਬਰ 1925 ਵਿੱਚ ਵੱਖ-ਵੱਖ ਨਾਰੀ ਸੰਗਠਨਾਂ ਦੇ ਨੇਤਾਵਾਂ ਨੇ ਇਕੱਠੇ ਹੋ ਕੇ 'ਟੋਕਿਓ ਫੈਡਰੇਸ਼ਨ ਆਫ਼ ਵੂਮੈਨਜ਼ ਔਰਗਨਾਈਜੇਸ਼ਨ' (Tokyo Federation of Women's Organization) ਸੰਗਠਨ ਦੀ ਸਥਾਪਨਾ ਕੀਤੀ ਅਤੇ ਇਸਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਸਮਾਜ, ਰੁਜ਼ਗਾਰ, ਮਜ਼ਦੂਰੀ, ਸਿੱਖਿਆ ਅਤੇ ਸਰਕਾਰ। ਸਰਕਾਰੀ ਵਿਭਾਗ ਦੀ ਨੇਤਾ ਕੁਬੁਸ਼ੀਰੋ ਓਚੀਮੀ (Kubushiro Ochimi) ਨੇ ਔਰਤਾਂ ਨੂੰ ਵੋਟ ਦਾ ਅਧਿਕਾਰ ਦਿਵਾਉਣ ਲਈ 'ਲੀਗ ਫਾਰ ਦਾ ਰਿਲਾਈਜੇਸ਼ਨ ਆਫ਼ ਵੂਮੈਨਜ਼ ਸਫ਼ਰੇਜ' (League for the Realization of Women's Suffrage) ਦਾ ਗਠਨ ਕੀਤਾ।[111] 10 ਅਪ੍ਰੈਲ 1946 ਨੂੰ ਜਾਪਾਨੀ ਔਰਤਾਂ ਨੇ ਪਹਿਲੀ ਵਾਰ ਵੋਟ ਪਾਈ। 1947 ਵਿੱਚ ਓਕੂ ਮੁਮੇਓ 'ਹਾਊਸ ਆਫ਼ ਕਾਉਂਸਲਰ' ਚੁਣੀ ਗਈ ਅਤੇ 1948 ਵਿੱਚ ਉਸਨੇ 'ਹਾਊਸ ਵਾਈਫ਼ਸ ਐਸੋਸੀਏਸ਼ਨ' (House Wifes Association) ਦੀ ਸਥਾਪਨਾ ਕੀਤੀ।[112] 1960 ਦੇ ਦਹਾਕੇ ਦੇ ਅੰਤ ਅਤੇ 1970 ਦੇ ਆਰੰਭ ਵਿੱਚ ਕ੍ਰਾਂਤੀਕਾਰੀ ਨਾਰੀਵਾਦੀ ਮਿਟਸੂ ਤਨਾਕਾ (Mitsu Tanaka) ਨੇ ਨਾਰੀਵਾਦੀ ਲਹਿਰ ਦੀ ਅਗਵਾਈ ਕੀਤੀ। ਨਾਰੀਵਾਦੀ ਮਿਸਕੋ ਏਨੋਕੀ (Misako Enoki) ਨੇ ਚੁਪੀਰੇਨ (Chupiren) ਨਾਂ ਦੇ ਇਕ ਸਮੂਹ ਦੀ ਸਥਾਪਨਾ ਕੀਤੀ ਜੋ ਵਿਆਹ, ਤਲਾਕ, ਜਨਮ ਨਿਯੰਤਰਣ, ਗਰਭਪਾਤ ਅਤੇ ਬਰਾਬਰ ਤਨਖਾਹ ਆਦਿ ਔਰਤਾਂ ਦੇ ਮੁੱਦਿਆਂ ਨਾਲ ਸੰਬੰਧਿਤ ਸੀ। 1954 ਵਿੱਚ 'ਦ ਜਾਪਾਨ ਫੈਮਿਲੀ ਪਲੈਨਿੰਗ ਐਸੋਸੀਏਸ਼ਨ (The Japan Family Planing Association) 1970 ਵਿੱਚ ਸਮੂਹ ਦਾ ਗਠਨ ਕੀਤਾ ਗਿਆ ਜਿਸਨੇ ਔਰਤਾਂ ਦੇ ਯੌਨ ਸ਼ੋਸ਼ਣ ਵਿਰੁੱਧ ਆਵਾਜ਼ ਉਠਾਈ।[113] 1990 ਦੇ

ਦਹਾਕੇ ਵਿੱਚ ਨਾਰੀ ਅੰਦੋਲਨਾਂ ਦੀਆਂ ਸਰਗਰਮੀਆਂ ਵਿੱਚ ਤੇਜ਼ੀ ਆਈ। 1995 ਵਿੱਚ ਬੀਜਿੰਗ ਵਿੱਚ ਔਰਤਾਂ ਦੀ ਚੌਥੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜਾਪਾਨੀ ਸਰਕਾਰ ਉੱਤੇ ਲਿੰਗ ਸਮਾਨਤਾ ਦੀਆਂ ਨੀਤੀਆਂ ਬਣਾਉਣ ਲਈ ਦਬਾਅ ਪਾਇਆ ਗਿਆ। 1996 ਵਿੱਚ ਜਾਪਾਨੀ ਸਰਕਾਰ ਨੇ 'ਜੈਂਡਰ ਇਕੁਅਲ ਸੁਸਾਇਟੀ' (Gender Equal Society) ਦੇ ਲਈ ਵਿਚਾਰ ਤਿਆਰ ਕੀਤਾ ਅਤੇ 2000 ਲਈ ਯੋਜਨਾ ਬਣਾਈ। ਜਾਪਾਨ ਵਿੱਚ ਅੱਜ ਵੀ ਬਹੁਤ ਸਾਰੀਆਂ ਨਾਰੀ ਅਧਿਕਾਰ ਸੰਸਥਾਵਾਂ ਅਤੇ ਨਾਰੀਵਾਦੀ ਸਮੂਹਿਕ ਅਤੇ ਵਿਅਕਤੀਗਤ ਪੱਧਰ ਤੇ ਔਰਤਾਂ ਦੀ ਬੇਹਤਰੀ ਲਈ ਕੰਮ ਕਰ ਰਹੇ ਹਨ।

**ਥਾਈਲੈਂਡ** ਵੀ ਵਾਸਤਵਿਕ ਰੂਪ ਵਿੱਚ ਮਰਦ ਪ੍ਰਧਾਨ ਸਮਾਜ ਹੈ। 1930 ਦਾ ਦਹਾਕਾ ਥਾਈਲੈਂਡ ਵਿੱਚ ਲੋਕਤੰਤਰਿਕ ਸੁਧਾਰਾਂ ਵਾਲਾ ਸੀ। 1932 ਵਿੱਚ ਥਾਈ ਔਰਤਾਂ ਨੂੰ ਵੋਟ ਦੇਣ ਅਤੇ ਚੋਣ ਲੜਨ ਦਾ ਅਧਿਕਾਰ ਹਾਸਲ ਹੋਇਆ। 1932 ਵਿੱਚ ਪੜ੍ਹੀਆਂ-ਲਿਖੀਆਂ ਮੱਧ ਵਰਗੀ ਔਰਤਾਂ ਨੇ ਬਰਾਬਰੀ ਅਤੇ ਵਿੱਦਿਅਕ ਮੌਕਿਆਂ ਦੀ ਮੰਗ ਕੀਤੀ। ਉਨ੍ਹਾਂ ਨੇ ਪਿੱਤਰਸੱਤਾ ਅਤੇ ਬਹੁ-ਵਿਆਹ ਦੀ ਆਲੋਚਨਾ ਕੀਤੀ ਅਤੇ 'ਇਕਸਾਰ ਵਿਆਹ ਕਾਨੂੰਨ' (Monogamy Law) ਬਣਾਏ ਜਾਣ 'ਤੇ ਜ਼ੋਰ ਦਿੱਤਾ। 1935 ਵਿੱਚ ਇਕਸਾਰ ਵਿਆਹ ਕਾਨੂੰਨ ਲਾਗੂ ਕਰ ਦਿੱਤਾ ਗਿਆ। 1932 ਵਿੱਚ 'ਵੂਮੈਨ ਐਸੋਸੀਏਸ਼ਨ ਆਫ਼ ਸੀਯਮ' ( Women's Association of Siam) ਦੀ ਸਥਾਪਨਾ ਕੀਤੀ। 'ਥਾਈ ਵੂਮੈਨਜ਼ ਐਸੋਸੀਏਸ਼ਨ ਆਫ਼ ਥਾਈਲੈਂਡ' (Thai Women's Association of Thailand) ਔਰਤਾਂ ਦਾ ਪਹਿਲਾ ਨਿੱਜੀ ਸੰਗਠਨ ਸੀ ਜੋ ਅੱਜ ਵੀ ਮੌਜੂਦ ਹੈ। 'ਵੂਮੈਨ ਲਾਇਰਜ਼ ਐਸੋਸੀਏਸ਼ਨ' (Women Lawyer's Association), 'ਥਾਈ ਗਰਲਜ਼ ਗਾਈਡਜ਼ ਐਸੋਸੀਏਸ਼ਨ' (Thai Girls Guides Association), 'ਦ ਐਸੋਸੀਏਸ਼ਨ ਫਾਰ ਦਾ ਪ੍ਰਮੋਸ਼ਨ ਫਾਰ ਦਾ ਸਟੇਟਸ ਆਫ਼ ਵੂਮੈਨ' (The Association for the Promotion for the status of Women), 'ਦ ਜੈਂਡਰ ਐਂਡ ਡੇਵਲਪਮੈਂਟ ਰਿਸਰਚ ਇਸਟੀਚਿਊਟ' (The Gender and Development Research Institute), 'ਦ ਐਸੋਸੀਏਸ਼ਨ ਫਾਰ ਸਿਵਲ ਲਿਬਰਟੀ ਐਂਡ ਦਾ ਕ੍ਰਿਸਚਿਅਨ ਵੂਮੈਨਜ਼ ਐਸੋਸੀਏਸ਼ਨ' (The Association for Civil Liberty and the Christian Women's Association) ਆਦਿ ਸੰਗਠਨ ਬਣਾਏ ਗਏ, ਜਿਨ੍ਹਾਂ ਨੇ ਨਾਰੀ ਨੂੰ ਬਰਾਬਰ ਅਧਿਕਾਰ ਦਿਵਾਉਣ ਅਤੇ ਨਾਰੀ ਚੇਤਨਤਾ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।[114] 1973 ਤੋਂ 1976 ਦਰਮਿਆਨ ਰਾਜਨੀਤਕ ਸੁਧਾਰ ਦੇ ਵਾਤਾਵਰਣ ਵਿੱਚ ਔਰਤਾਂ ਦੀ ਸਿੱਖਿਆ ਅਤੇ ਲਿੰਗਕ ਬਰਾਬਰਤਾ ਦੇ ਮੁੱਦੇ ਵੱਡੇ ਪੱਧਰ ਤੇ ਉਠਾਏ ਗਏ। 1980-1990 ਵਿੱਚ ਨਾਰੀ ਨਾਲ ਸੰਬੰਧਿਤ ਮਸਲਿਆਂ ਨਾਲ ਨਜਿੱਠਣ ਲਈ ਬਹੁਤ ਸਾਰੇ ਗੈਰ ਸਰਕਾਰੀ ਸੰਗਠਨਾਂ ਦਾ ਨਿਰਮਾਣ ਕੀਤਾ ਗਿਆ ਜਿਨ੍ਹਾਂ ਵਿੱਚ 'ਦ ਫਰੈਂਡਜ਼ ਆਫ਼ ਵੂਮੈਨ ਗਰੁੱਪ' (The Friends of

Women Group), 'ਵੂਮੈਨਜ਼ ਇੰਨਫਰਮੇਸ਼ਨ ਸੈਂਟਰ' (Women's Information Centre), 'ਇੰਮਪਾਵਰ' (Empower- Education Means Protection of Women Engaged in Recreation) ਸ਼ਾਮਿਲ ਸਨ।[115] ਪਿਛਲੇ ਕੁਝ ਸਾਲਾਂ ਤੋਂ ਨਾਰੀ ਅੰਦੋਲਨਾਂ ਅਤੇ ਸਮੂਹਾਂ ਵਿੱਚ ਵਾਧਾ ਹੋਇਆ ਜਿਹਨਾਂ ਨੇ ਲਿੰਗਕ ਸਮਾਨਤਾ ਅਤੇ ਔਰਤਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਵਿਕਾਸ ਲਈ ਮਹੱਤਵਪੂਰਨ ਕਾਰਜ ਕੀਤੇ।

**ਇੰਡੋਨੇਸ਼ੀਆ** ਵਿੱਚ ਨਾਰੀ ਲਹਿਰ ਦਾ ਇਤਿਹਾਸ ਰਾਸ਼ਟਰਵਾਦੀ ਸੰਘਰਸ਼ ਨਾਲ ਜੁੜਿਆ ਹੋਇਆ ਹੈ। 1949 ਤੱਕ ਇੰਡੋਨੇਸ਼ੀਆ ਡੱਚਾਂ ਦੀ ਬਸਤੀ ਰਿਹਾ। ਆਪਣੇ ਦੇਸ਼ਾਂ ਦੀ ਆਜ਼ਾਦੀ ਲਹਿਰ ਵਿੱਚ ਇੰਡੋਨੇਸ਼ੀਆਈ ਔਰਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪੱਛਮੀ ਸਿੱਖਿਆ ਪ੍ਰਾਪਤ ਰਾਡੇਨ ਅਜੈਂਗ ਕਰਟਿਨੀ (Reden Ajeng Kartini) ਨੇ ਕੁਲੀਨ ਵਰਗ ਦੀਆਂ ਔਰਤਾਂ ਤੇ ਲੱਗੀਆਂ ਪਾਬੰਦੀਆਂ ਅਤੇ ਰਿਵਾਜ਼ਾਂ ਵਿਰੁੱਧ ਬਗਾਵਤ ਕੀਤੀ।[116] ਉਹ ਖ਼ੁਦ 'ਜਾਵਾਨੀਜ਼' ਨਾਂ ਦੇ ਕੁਲੀਨ ਅਤੇ ਸ਼ਾਹੀ ਘਰਾਣੇ ਨਾਲ ਸੰਬੰਧ ਰੱਖਦੀ ਸੀ। 1910 ਤੋਂ ਬਾਅਦ ਬਣੇ ਨਾਰੀ ਸਮੂਹ ਉਸਦੇ ਨਕਸ਼ੇ ਕਦਮਾਂ ਉੱਤੇ ਚਲਦੇ ਸਨ। 1908 ਵਿੱਚ ਡੱਚ ਅਤੇ ਇੰਡੋਨੇਸ਼ੀਆਈ ਔਰਤਾਂ ਨੇ ਮਿਲ ਕੇ 'ਇੰਡੀਜ਼ ਆਫ਼ ਦਾ ਵੂਮੈਨਜ਼ ਸਫ਼ਰੇਜ਼ ਐਸੋਸੀਏਸ਼ਨ' (Indies of the Women's Suffrage Association) ਨਾਂ ਦਾ ਇਕ ਸੰਗਠਨ ਬਣਾਇਆ ਜਿਸ ਵਿੱਚ ਕਰਟਿਨੀ ਦੀਆਂ ਭੈਣਾਂ ਰੋਕਮਿਨੀ ਸੰਤੋਸ਼ੋ (Roekmini Santoso) ਅਤੇ ਚੈਲਨ ਸਜਾਮਸੋਈ ਡੈਟੋ ਟੋਮੇਂਗੋਗੋਂਗ (Chailan Sjamsoe Datoe Toemenggoeng) ਸ਼ਾਮਿਲ ਸਨ। ਇਸ ਸੰਗਠਨ ਨੇ ਔਰਤਾਂ ਲਈ ਵੋਟ ਦੇ ਅਧਿਕਾਰ ਲਈ ਮੁਹਿੰਮਾਂ ਚਲਾਈਆਂ। 1930 ਤੱਕ ਬਹੁਤ ਸਾਰੀਆਂ ਔਰਤ ਨੇਤਾ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਰੈਡੀਕਲ ਨਾਰੀਵਾਦੀ ਸੁਵਰਨੀ ਪ੍ਰਿੰਗਗੋਡੀਗਡੋ (Suwarni Pringgadiado) ਅਤੇ ਕਾਨੂੰਨੀ ਸੁਧਾਰਕ ਮਾਰੀਆ ਉਲਫਾਹ ਸੈਂਟਸੋ (Maria Ullfah Santoso) ਪ੍ਰਮੁੱਖ ਸਨ।[117] ਇਸਲਾਮੀ ਮੀਟਿੰਗਾਂ ਵਿੱਚ ਲਿੰਗਕ ਭੇਦਭਾਵ ਦਾ ਵਿਰੋਧ ਕੀਤਾ ਅਤੇ ਉਦਾਰਵਾਦੀ ਧਰਮ ਨਿਰਪੱਖ ਰਾਸ਼ਟਰਵਾਦੀ ਡਾ. ਸ਼ਤੋਮੋ (Dr. Sutomo) ਨੇ ਛੇਤੀ ਵਿਆਹ ਵਿਰੁੱਧ ਮੁਹਿੰਮ ਚਲਾਈ।[118] 1930 ਵਿੱਚ ਸੁਵਰਨੀ ਪ੍ਰਿੰਗਗੋ-ਡੀਗਡੋ (Suwarni Pringgodigdo) ਨੇ 'ਇਸਤਰੀ ਸੈਦਾਰ' (Istri Sedar-Aware Women) ਨਾਂ ਦੇ ਸੰਗਠਨ ਦੀ ਅਗਵਾਈ ਕੀਤੀ, ਜਿਸਨੇ ਵਿਆਹ ਦੇ ਸੰਦਰਭ ਵਿੱਚ ਬਰਾਬਰਤਾ ਦੇ ਮੁੱਦੇ ਨੂੰ ਉਠਾਇਆ। 1950 ਦੇ ਦਹਾਕੇ ਵਿੱਚ ਸੁਈਤਿਨ ਕਰਤੋਵੀਉਨੋ (Suyatin Kartowinyono) ਦੀ ਅਗਵਾਈ ਵਿੱਚ 'ਪਰਵਾਰੀ-ਇੰਡੋਨੇਸ਼ੀਅਨ ਵੂਮੈਨਜ਼ ਐਸੋਸੀਏਸ਼ਨ' (Parwari-Indonesian Women's Association) ਨੇ ਔਰਤਾਂ ਦੀ ਆਧੁਨਿਕ ਸਿੱਖਿਆ ਲਈ ਮਹੱਤਵਪੂਰਨ ਕਾਰਜ ਕੀਤਾ।[119] 1960 ਤੋਂ 1990 ਦੇ

ਦਹਾਕਿਆਂ ਵਿੱਚ ਰਾਸ਼ਟਰਪਤੀ ਸੁਕਰਨੋ (Sukarno) ਅਤੇ ਸੁਹਾਰਤੋ (Suharto) ਦੇ ਸ਼ਾਸ਼ਨ ਦੌਰਾਨ ਨਾਰੀ ਦੀ ਸਥਿਤੀ ਵਿੱਚ ਕੁਝ ਸੁਧਾਰ ਆਇਆ। ਇਸ ਦੌਰਾਨ ਪਰਿਵਾਰ ਨਿਯੋਜਨ ਪ੍ਰੋਗਰਾਮ ਅਧੀਨ ਮੁਫ਼ਤ ਗਰਭ ਨਿਰੋਧ ਤੱਕ ਪਹੁੰਚ ਅਤੇ ਇਕ ਸਮਾਨ ਵਿਆਹ ਕਾਨੂੰਨ ਲਾਗੂ ਕਰਵਾਉਣ ਵਿੱਚ ਸਫਲਤਾ ਮਿਲੀ। 1999 ਵਿੱਚ ਪਹਿਲੀ ਔਰਤ ਰਾਸ਼ਟਰਪਤੀ ਮੇਗਾਵਤੀ ਸੁਕਰਨੋਪੁੱਤਰੀ (Megawati Sukarnoputri) ਬਣੀ ਪ੍ਰੰਤੂ ਉਸਨੇ ਔਰਤਾਂ ਦੇ ਮਾਮਲਿਆਂ ਵਿੱਚ ਕੋਈ ਦਿਲਚਸਪੀ ਨਹੀਂ ਲਈ।[120] 2004 ਵਿੱਚ ਨਾਰੀਵਾਦ ਨਰਸਾਹਬਨੀ ਕਾਟਜਸੁੰਗਕਾਨਾ (Nursyahbani Katjasugkana) ਜਿਹੜੀ ਕਿ ਸੰਸਦ ਮੈਂਬਰ ਨੇ ਘਰੇਲੂ ਹਿੰਸਾ ਵਿਰੁੱਧ ਕਾਨੂੰਨ ਪਾਸ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

1998 ਤੋਂ ਕਈ ਪ੍ਰਭਾਵਸ਼ਾਲੀ ਨਾਰੀਆਂ ਮਹੱਤਵਪੂਰਨ ਅਹੁਦਿਆਂ ਤੇ ਰਹੀਆਂ ਹਨ ਜਿਨ੍ਹਾਂ ਵਿੱਚ ਖੌਫ਼ਿਫਾ ਇੰਦਾਹ ਪਰਵਾਨਸਾ (Khofifah Indah Parawansa) ਸਾਬਕਾ ਮਹਿਲਾ ਸਸ਼ਕਤੀਕਰਣ ਮੰਤਰੀ ਸ੍ਰੀ ਮੁਲਾਨੀ ਇੰਦਰਾਵਤੀ (Sri Mulyani Indrawati) ਅਤੇ ਰਾਸ਼ਟਰੀ ਯੋਜਨਾ ਮੰਤਰੀ ਮਾਰੀ ਪਾਂਗੇਸਤੁ (Mari Pangestu) ਸ਼ਾਮਿਲ ਹਨ।

**ਫਿਲਪਾਈਨ** ਵਿੱਚ ਨਾਰੀ ਅਧਿਕਾਰਾਂ ਲਈ ਸੰਘਰਸ਼ ਉਸਦੇ ਬਸਤੀਵਾਦੀ ਦੌਰ ਵਿੱਚ ਹੀ ਸ਼ੁਰੂ ਹੋ ਗਿਆ ਸੀ। ਫਿਲਪਾਈਨ ਪਹਿਲਾਂ ਸਪੇਨ ਅਤੇ ਫਿਰ ਅਮਰੀਕਾ ਦੀ ਬਸਤੀ ਰਿਹਾ ਹੈ ਅਤੇ ਫਿਲਪੀਨੋ ਔਰਤਾਂ ਨੇ ਇਹਨਾਂ ਦੋਵਾਂ ਦੇਸ਼ਾਂ ਵਿਰੁੱਧ ਆਜ਼ਾਦੀ ਦੇ ਸੰਘਰਸ਼ ਵਿੱਚ ਹਿੱਸਾ ਲਿਆ। ਅਮਰੀਕਾ ਦੀ ਬਸਤੀ ਬਣਨ ਉਪਰੰਤ ਫਿਲਪਾਈਨ ਵਿੱਚ 1905 ਵਿੱਚ ਸਭ ਤੋਂ ਪਹਿਲਾਂ ਨਾਰੀ ਸੰਗਠਨ 'ਐਸੋਸੀਏਸ਼ਨ ਫੈਮਨਿਸਟਾ ਫਿਲਪੀਨ' (Association Feminista Filipina) ਬਣਿਆ, ਜਿਸਦਾ ਮੁੱਖ ਉਦੇਸ਼ ਜਲਦੀ ਵਿਆਹ ਦਾ ਵਿਰੋਧ ਕਰਨਾ, ਔਰਤਾਂ ਅਤੇ ਬੱਚਿਆਂ ਦਾ ਕਾਰਖ਼ਾਨਿਆਂ ਅਤੇ ਦੁਕਾਨਾਂ ਵਿੱਚ ਕੰਮ ਕਰਨ ਦੀਆਂ ਸਥਿਤੀਆਂ ਵਿੱਚ ਸੁਧਾਰ ਕਰਨਾ, ਉਹਨਾਂ ਲਈ ਘਰੇਲੂ ਸੇਵਾ ਦਾ ਪ੍ਰਬੰਧ ਕਰਨਾ, ਮਿਊਂਸੀਪਲ ਅਤੇ ਸਿੱਖਿਆ ਲਈ ਪ੍ਰਾਂਤਿਕ ਬੋਰਡਾਂ ਵਿੱਚ ਔਰਤਾਂ ਦੀ ਨਾਮਜ਼ਦਗੀ ਲਈ ਪੈਰਵਾਈ ਕਰਨਾ ਸੀ। 1921 ਵਿੱਚ 'ਨੈਸ਼ਨਲ ਫੈਡਰੇਸ਼ਨ ਆਫ਼ ਵੂਮੈਨਜ਼ ਕਲੱਬਜ਼' (National Federation of Women's Clubs) ਨੇ ਔਰਤਾਂ ਦੇ ਵੋਟ ਅਧਿਕਾਰ ਲਈ ਮੁਹਿੰਮ ਚਲਾਈ। 1922 ਵਿੱਚ ਪੁਰਾ ਵਿਲੇਨੁਏਵਾ ਕਲਾਵ (Pura Villanueva Kalav) ਨੇ 'ਐਸੋਸੀਏਸ਼ਨ ਫੈਮਨਿਸਟਾ ਇਲੋਂਗਾ' (Association Feminista Ilonga) ਦੀ ਸਥਾਪਨਾ ਕੀਤੀ।[121]

ਫਿਲਪਾਈਨ ਦੀ ਆਜ਼ਾਦੀ (1946) ਤੋਂ ਲੈ ਕੇ 1970 ਦੇ ਅੱਧ ਤੱਕ ਜ਼ਿਆਦਾਤਰ ਨਾਰੀ ਸੰਗਠਨ ਵਧੇਰੇ ਕਰਕੇ ਪੁਰਸ਼ ਨੇਤਾਵਾਂ ਦੀਆਂ ਪਤਨੀਆਂ ਅਤੇ ਉਹਨਾਂ ਦੀਆਂ ਔਰਤ ਰਿਸ਼ਤੇਦਾਰਾਂ ਦੁਆਰਾ ਚਲਾਏ ਗਏ ਜੋ ਕਿ ਆਮ ਤੌਰ 'ਤੇ ਪੁਰਸ਼ਾਂ ਦੀ ਸਹਾਇਤਾ ਸਮੂਹ ਦੇ ਰੂਪ ਵਿੱਚ ਕੰਮ ਕਰਦੇ ਸਨ। 1960 ਦੇ ਦਹਾਕੇ ਵਿੱਚ

ਵਿਦਿਆਰਥੀ ਕਿਰਿਆਸ਼ੀਲਤਾ ਨੇ ਔਰਤਾਂ ਦੀ ਲਹਿਰ ਨੂੰ ਭਰਵਾਂ ਹੁੰਗਾਰਾ ਦਿੱਤਾ। 1970 ਦੇ ਦਹਾਕੇ ਦੇ ਸ਼ੁਰੂ ਵਿੱਚ ਮਕੀਬਾਕਾ (Makibaka- Free Movement of new women's) ਨਾਂ ਦਾ ਸੰਗਠਨ ਸਥਾਪਿਤ ਕੀਤਾ ਗਿਆ ਜਿਸਨੇ ਸਮਾਜਿਕ ਅਨਿਆਂ, ਵੀਅਤਨਾਮ ਯੁੱਧ, ਘਰੇਲੂ ਮਾਮਲਿਆਂ ਵਿੱਚ ਸੰਯੁਕਤ ਰਾਜ ਅਮਰੀਕਾ ਦਾ ਪ੍ਰਭਾਵ, ਤੇਲ ਦੀਆਂ ਕੀਮਤਾਂ, ਮਹਿੰਗਾਈ, ਮਾਰਕੋਸ ਸਰਕਾਰ (Marcos Government) ਦਾ ਫਾਸੀਵਾਦੀ ਰੁਝਾਨ, ਅਮੀਰ ਅਤੇ ਗਰੀਬ ਵਿੱਚ ਵਿਆਪਕ ਅਸਮਾਨਤਾ ਦਾ ਵਿਰੋਧ ਕੀਤਾ। ਇਸ ਸੰਗਠਨ ਦੀ ਅਗਵਾਈ ਲੋਰੇਨਾ ਬੈਰੋਸ (Lorena Barros) ਨੇ ਕੀਤੀ ਜਿਸਨੇ ਨਾਰੀਵਾਦੀ ਚੇਤਨਾ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।[122] ਫਿਲਪੀਨਜ਼ ਵਿੱਚ ਕਮਿਊਨਿਸਟ ਪਾਰਟੀ ਵਿੱਚ ਔਰਤਾਂ ਨਾਲ ਲਿੰਗਕ ਭੇਦਭਾਵ ਦੇ ਸਾਂਝੇ ਅਨੁਭਵ ਦੇ ਕਾਰਨ ਕੁਝ ਔਰਤਾਂ ਇਕੱਠੀਆਂ ਹੋਈਆਂ ਜਿਹਨਾਂ ਨੇ 1983 ਵਿੱਚ ਕਲਿਆਣ (Kalayaan) ਸੰਗਠਨ ਬਣਾਇਆ। ਇਸ ਨੇ ਬਲਾਤਕਾਰ, ਘਰੇਲੂ ਹਿੰਸਾਂ, ਪੋਨਰੋਗ੍ਰਾਫੀ ਅਤੇ ਗਰਭਪਾਤ ਜਿਹੇ ਮੁੱਦਿਆਂ ਨਾਲ ਨਜਿੱਠਿਆ। 1981 ਵਿੱਚ ਇਸਨੇ ਇਕ ਹੋਰ ਸੰਗਠਨ ਪਿਲੀਪਿਨਾ (Pilipina) ਨਾਲ ਮਿਲ ਕੇ ਨਾਰੀਵਾਦੀ ਕਾਰਜਾਂ ਦੀ ਗਤੀ ਨੂੰ ਤੇਜ਼ ਕੀਤਾ।[123]

ਮਾਰਚ 1984 ਵਿੱਚ ਗਬਰੀਲਾ (Gabriela-General Assembly Binding Women for Reforms, Integrity, Equality, Leadership and Action) ਦਾ ਗਠਨ ਕੀਤਾ ਗਿਆ ਜਿਸਨੇ 1986 ਵਿੱਚ ਮਾਰਕੋਸ ਦੇ ਤਾਨਾਸ਼ਾਹੀ ਸ਼ਾਸ਼ਨ ਦੇ ਖ਼ਾਤਮੇ ਤੋਂ ਬਾਅਦ ਲਿੰਗਕ ਭੇਦਭਾਵ ਦੇ ਮੁੱਦਿਆਂ ਨਾਲ ਨਜਿੱਠਣ ਲਈ ਸਰਗਰਮ ਭੂਮਿਕਾ ਨਿਭਾਈ। 1986 ਤੋਂ 2006 ਤੱਕ ਔਰਤਾਂ ਅਜੇ ਵੀ ਰਾਜਨੀਤੀ ਵਿੱਚ ਹਾਸ਼ੀਏ 'ਤੇ ਹਨ। 1987 ਦੀਆਂ ਚੋਣਾਂ ਵਿੱਚ 'ਕਾਇਬਾ-ਵੂਮੈਨ ਫਾਰ ਮਦਰ ਕੰਟਰੀ' (Kaiba-Women for Mother Country) ਨੇ ਕਾਂਗਰਸ ਵਿੱਚ ਸਿਰਫ਼ ਇਕ ਸੀਟ ਜਿੱਤੀ। 1995 ਵਿੱਚ ਪਾਰਟੀ ਸੂਚੀ ਐਕਟ ਪਾਸ ਹੋਣ ਨਾਲ ਔਰਤ ਪਾਰਟੀਆਂ ਨੂੰ ਹਰ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਬਣਾਇਆ ਗਿਆ। ਇਸ ਕਾਨੂੰਨ ਨੇ ਇਹ ਸੁਨਿਸ਼ਚਿਤ ਕੀਤਾ ਕਿ ਪ੍ਰਤੀਨਿਧੀ ਸਭਾ 250 ਦੇ 20 ਪ੍ਰਤੀਸ਼ਤ ਮੈਂਬਰ ਮਜ਼ਦੂਰ, ਕਿਸਾਨੀ, ਸ਼ਹਿਰੀ, ਗਰੀਬ, ਸਵਦੇਸੀ ਲੋਕ, ਮੱਛੀ ਪਾਲਣ, ਬੁਜ਼ਰਗ ਔਰਤਾਂ ਅਤੇ ਹੋਰ ਹਾਸ਼ੀਆਗਤ ਖੇਤਰਾਂ ਦੇ ਪ੍ਰਤੀਨਿਧ ਹੋਣਗੇ। ਜੁਲਾਈ 2003 ਵਿੱਚ ਗਬਰੀਲਾ ਨੇ ਆਪਣੀ ਪਾਰਟੀ ਸ਼ੁਰੂ ਕੀਤੀ। ਲੀਜ਼ਾ ਮਾਜ਼ਾ (Liza Maza) ਨੇ 2004 ਦੀਆਂ ਚੋਣਾਂ ਵਿੱਚ ਇਕ ਸੀਟ ਜਿੱਤੀ ਅਤੇ ਉਹ ਕਾਂਗਰਸ ਵਿੱਚ ਦਾਖਲ ਹੋਣ ਵਾਲੀ ਗਬਰੀਲਾ ਮਹਿਲਾ ਔਰਤ ਪਾਰਟੀ ਦੀ ਪਹਿਲੀ ਮੈਂਬਰ ਸੀ। 2007 ਵਿੱਚ ਲੂਜ਼ ਇਲਗਨ (Luz Ilgan) ਦੂਸਰੀ ਮੈਂਬਰ ਬਣੀ ਜਿਸਨੇ ਫਿਲਪੀਨਜ਼ ਦੀ 14ਵੀਂ ਕਾਂਗਰਸ 2016 ਤੱਕ ਗਬਰੀਲਾ ਔਰਤ ਪਾਰਟੀ ਦੀ ਨੁਮਾਇੰਦਗੀ ਕੀਤੀ।[124]

ਪੂਰਬੀ ਪ੍ਰਸੰਗ ਵਿੱਚ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ ਸੰਬੰਧੀ ਚਰਚਾ ਕਰਦਿਆਂ **ਇਰਾਨ**, **ਅਫ਼ਗਾਨਿਸਤਾਨ** ਆਦਿ ਦੇਸ਼ਾਂ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ। ਇਹਨਾਂ ਦੋਵਾਂ ਦੇਸ਼ਾਂ ਵਿੱਚ ਇਸਲਾਮੀ

ਕਾਨੂੰਨ ਅਨੁਸਾਰ ਹੀ ਨਾਰੀ ਨੂੰ ਅਧਿਕਾਰ ਪ੍ਰਾਪਤ ਸਨ। ਇਰਾਨ ਵਿੱਚ ਨਾਰੀ ਦੁਆਰਾ ਆਪਣੀ ਸਥਿਤੀ ਨੂੰ ਸੁਧਾਰਨ ਦੇ ਯਤਨ ਵੀਹਵੀਂ ਸਦੀ ਦੇ ਮੁੱਢਲੇ ਸਾਲਾਂ ਤੋਂ ਸ਼ੁਰੂ ਹੋਏ। ਇਰਾਨ ਵਿੱਚ ਪਹਿਲਾ ਨਾਰੀ ਅੰਦੋਲਨ 1910 ਵਿੱਚ ਇਰਾਨੀ ਸੰਵਿਧਾਨਕ ਕ੍ਰਾਂਤੀ ਤੋਂ ਬਾਅਦ ਉੱਭਰਿਆ। ਇਹ ਅੰਦੋਲਨ 1933 ਤੱਕ ਚੱਲਿਆ ਜਿਸ ਵਿੱਚ ਰੇਜਾ ਸ਼ਾਹ ਪਹਿਲਵੀ ਦੀ ਸਰਕਾਰ ਦੁਆਰਾ ਅੰਤਿਮ ਮਹਿਲਾ ਸੰਘ ਨੂੰ ਭੰਗ ਕਰ ਦਿੱਤਾ ਗਿਆ ਸੀ। ਇਹ ਇਰਾਨੀ ਕ੍ਰਾਂਤੀ (1979) ਤੋਂ ਬਾਅਦ ਮੁੜ ਤੋਂ ਉੱਭਰਿਆ।[125] ਇਰਾਨੀ ਸੰਵਿਧਾਨਕ ਕ੍ਰਾਂਤੀ 1905-1911 ਤੱਕ ਹੋਈ। ਔਰਤਾਂ ਦੇ ਅਧਿਕਾਰਾਂ ਪ੍ਰਤੀ ਚੇਤਨਾ ਲਈ ਕਈ ਪੱਤਿਕ੍ਰਾਵਾਂ ਸ਼ੁਰੂ ਹੋਈਆ। ਔਰਤਾਂ ਦੀ ਸਿੱਖਿਆ ਉੱਤੇ ਜ਼ੋਰ ਦਿੱਤਾ ਗਿਆ। ਔਰਤ ਕਾਰਕੁੰਨਾਂ ਨੇ ਇਹ ਨਿਰਧਾਰਿਤ ਕੀਤਾ ਕਿ ਸਿੱਖਿਆ ਉਹਨਾਂ ਲਈ ਬਹੁਤ ਮਹੱਤਵਪੂਰਨ ਹੈ। ਸਦੀ ਦੇ ਸ਼ੁਰੂ ਵਿੱਚ ਵਿਦੇਸ਼ੀ ਮਿਸ਼ਨਰੀਆਂ ਨੇ ਲੜਕੀਆਂ ਲਈ ਪਹਿਲਾ ਸਕੂਲ ਸਥਾਪਿਤ ਕੀਤਾ ਜਿਸ ਵਿੱਚ ਜ਼ਿਆਦਾਤਰ ਧਾਰਮਿਕ ਘੱਟ ਗਿਣਤੀ ਸ਼ਾਮਿਲ ਸਨ। ਬਾਅਦ ਵਿੱਚ ਹਾਜ਼ੀ-ਮਿਰਜ਼ਾ ਹਸਨ ਰੋਸ਼ਦੀਹ ਅਤੇ ਬੀਬੀ ਖਾਨੁਮ ਅਸਟਾਰਬਾਦੀ ਨੇ ਲੜਕੀਆਂ ਲਈ ਸਕੂਲ ਸਥਾਪਿਤ ਕੀਤੇ, ਜੋ ਜਲਦੀ ਬੰਦ ਹੋ ਗਏ। ਅਖੀਰ 1918 ਵਿੱਚ, ਕਈ ਸਾਲਾਂ ਬਾਅਦ ਸਰਕਾਰ ਨੇ ਲੜਕੀਆਂ ਲਈ ਦਸ ਪ੍ਰਾਇਮਰੀ ਸਕੂਲ ਅਤੇ ਇੱਕ ਅਧਿਆਪਕ ਸਿਖਲਾਈ ਕਾਲਜ ਸਥਾਪਿਤ ਕਰਨ ਲਈ ਫੰਡ ਮੁਹੱਈਆ ਕਰਵਾਏ। 1906 ਵਿੱਚ ਔਰਤਾਂ ਨੇ ਸੰਸਦ ਦੁਆਰਾ ਉਹਨਾਂ ਦੀ ਬੇਨਤੀ ਅਸਵੀਕਾਰ ਕਰਨ ਦੇ ਬਾਵਜੂਦ ਕਈ ਨਾਰੀ ਸੰਗਠਨ ਸਥਾਪਿਤ ਕੀਤੇ ਜਿਨ੍ਹਾਂ ਵਿੱਚ 'ਸੋਸਾਇਟੀ ਫਾਰ ਵੂਮੈਨਜ਼ ਫਰੀਡਮ' (Society for Women's Freedom) ਸ਼ਾਮਿਲ ਸੀ। 1918 ਦੇ ਨੇੜੇ-ਤੇੜੇ 'ਜਮਾਇਤ ਏ ਨੇਸਪਾਨ ਏ ਵਤਨ-ਖਾਹ' ਦੇਸ਼ਭਗਤ ਮਹਿਲਾ ਲੀਗ ਦੀ ਸਥਾਪਨਾ ਕੀਤੀ ਗਈ। ਇਹਨਾਂ ਦਾ ਉਦੇਸ਼ ਇਸਲਾਮ ਦੇ ਕਾਨੂੰਨਾਂ ਅਤੇ ਰਿਵਾਜ਼ਾਂ ਉੱਤੇ ਨਿਰੰਤਰ ਬਲ ਦੇਣਾ, ਲੜਕੀਆਂ ਦੀ ਸਿੱਖਿਆ ਅਤੇ ਨੈਤਿਕ ਪਰਵਰਿਸ਼ ਨੂੰ ਉਤਸ਼ਾਹਿਤ ਕਰਨਾ, ਰਾਸ਼ਟਰੀ ਉਦਯੋਗਾਂ ਨੂੰ ਉਤਸ਼ਾਹਿਤ ਕਰਨਾ, ਗ਼ਰੀਬ ਔਰਤਾਂ ਦੇ ਲਈ ਹਸਪਤਾਲ, ਰਾਸ਼ਟਰੀ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਸਹਿਕਾਰੀ ਸਮਿਤੀਆਂ ਦਾ ਆਯੋਜਨ ਕਰਨਾ ਸ਼ਾਮਿਲ ਸੀ।[126] 1922 ਵਿੱਚ ਮੋਹਤਰਮ ਇਸਕੰਦਾਰੀ ਨੇ ਬਣਾਇਆ। ਇਕ ਹੋਰ ਨਾਰੀਵਾਦੀ ਕਾਰਕੁੰਨ ਜ਼ੰਦੋਖਤ ਸੀਰਾਜੀ ਨੇ 'ਵੂਮੈਨਜ਼ ਰੈਵੋਲਿਊਸ਼ਨਰੀ ਐਸੋਸੀਏਸ਼ਨ' (Women's Revolutionary Association) ਦੀ ਸਥਾਪਨਾ ਕੀਤੀ। 1928 ਵਿੱਚ ਔਰਤਾਂ ਨੂੰ ਵਿਦੇਸ਼ ਵਿੱਚ ਅਧਿਐਨ ਕਰਨ ਲਈ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਗਈ। 1935 ਵਿੱਚ ਉਹਨਾਂ ਨੂੰ ਤੇਹਰਾਨ ਯੂਨੀਵਰਸਿਟੀ ਵਿੱਚ ਦਾਖ਼ਲਾ ਮਿਲਿਆ ਅਤੇ 1944 ਵਿੱਚ ਸਿੱਖਿਆ ਲਾਜ਼ਮੀ ਹੋ ਗਈ। 1932 ਵਿੱਚ ਤੇਹਰਾਨ ਵਿੱਚ 'ਸੈਕੰਡ ਕਾਂਗਰਸ ਆਫ਼ ਵੂਮੈਨ ਆਫ਼ ਈਸਟ' ਦਾ ਆਯੋਜਨ ਕੀਤਾ ਗਿਆ ਅਤੇ ਇਰਾਨੀ ਨਾਰੀ ਕਾਰਕੁੰਨਾਂ ਨੇ ਲਿਬਨਾਨ, ਮਿਸਰ, ਭਾਰਤ ਅਤੇ ਇਰਾਕ ਦੀਆਂ ਕਾਰਕੁੰਨਾਂ ਨਾਲ ਮੁਲਾਕਾਤ ਕੀਤੀ। 1936 ਵਿੱਚ ਰੇਜਾ ਸ਼ਾਹ

ਪਹਿਲਵੀ ਨੇ ਕਸ਼ਫ-ਏ- ਹਿਜ਼ਾਬ ਵਜੋਂ ਜਾਣੀ ਜਾਣ ਵਾਲੀ ਔਰਤਾਂ ਲਈ ਲਾਜ਼ਮੀ ਤੌਰ 'ਤੇ ਅਤਿ ਵਿਵਾਦਪੂਰਨ ਨੀਤੀ ਨਿਰਧਾਰਿਤ ਕੀਤੀ।[127] 1940 ਦੇ ਦਹਾਕੇ ਵਿੱਚ ਔਰਤਾਂ ਦੀ ਭੂਮਿਕਾ ਬਾਰੇ ਚੇਤਨਾ ਵਧੀ। 1950 ਦੇ ਦਹਾਕੇ ਵਿੱਚ 'ਰਾਹ ਏ ਨਿਊ' ਦੀ ਸਥਾਪਨਾ ਕੀਤੀ ਗਈ ਅਤੇ 1956 ਵਿੱਚ ਸਫ਼ੀਰ ਫ਼ਿਰੋਜ਼ ਦੁਆਰਾ 'ਵੂਮੈਨਜ਼ ਲੀਗ ਆਫ਼ ਸਪੋਰਟਸ ਆਫ਼ ਦ ਡੇਕਲਾਰੇਸ਼ਨ ਆਫ਼ ਹਿਊਮਨ ਰਾਈਟਸ (Women's League of Supporters of the Declaration of Human Rights) ਦੀ ਸਥਾਪਨਾ ਕੀਤੀ ਗਈ। 1959 ਵਿੱਚ ਇਹਨਾਂ ਸੰਗਠਨਾਂ ਨੇ ਇਰਾਨ ਵਿੱਚ ਔਰਤ ਸੰਗਠਨਾਂ ਦੀ 'ਉੱਚ ਕੌਂਸਲ' ਦੇ ਨਾਮ ਦਾ ਇਕ ਮਹਾਂਸੰਘ ਬਣਾਇਆ। ਉੱਚ ਕੌਂਸਲ ਨੇ ਨਾਰੀ ਲਈ ਵੋਟ ਅਧਿਕਾਰ ਦੀ ਮੁਹਿੰਮ ਚਲਾਈ। ਮੌਲਵੀਆਂ ਦੁਆਰਾ ਬਹੁਤ ਵਿਰੋਧ ਕਰਨ ਦੇ ਬਾਵਜੂਦ 1963 ਵਿੱਚ ਨਾਰੀ ਨੂੰ ਵੋਟ ਅਧਿਕਾਰ ਮਿਲਿਆ, ਜਿਸਨੂੰ 'ਚਿੱਟੀ ਕ੍ਰਾਂਤੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। 1960 ਦੇ ਦਹਾਕੇ ਦੇ ਅੰਤ ਵਿੱਚ ਔਰਤਾਂ ਰਾਜਨੀਤਕ ਦੂਤਵਰਗ, ਨਿਆਂਪਾਲਿਕਾ ਅਤੇ ਪੁਲਿਸ ਫੋਰਸ, ਸਿੱਖਿਆ, ਸਿਹਤ ਅਤੇ ਵਿਕਾਸ ਆਦਿ ਖੇਤਰਾਂ ਵਿੱਚ ਦਾਖ਼ਲ ਹੋਈਆਂ। 1968 ਵਿੱਚ ਫਾਰਰੋਖਰੋ ਪਾਰਸਾ (Farrokhroo Parsa) ਸਿੱਖਿਆ ਮੰਤਰੀ ਬਣੀ। ਉਹ ਕੈਬਨਿਟ ਵਿੱਚ ਅਹੁਦਾ ਹਾਸਿਲ ਕਰਨ ਵਾਲੀ ਪਹਿਲੀ ਔਰਤ ਸੀ। 1969 ਵਿੱਚ ਔਰਤਾਂ ਲਈ ਨਿਆਂਪਾਲਿਕਾ ਖੋਲੀ ਗਈ ਅਤੇ ਪੰਜ ਔਰਤ ਜੱਜਾਂ ਨੂੰ ਨਿਯੁਕਤ ਕੀਤਾ ਗਿਆ ਜਿਨ੍ਹਾਂ ਵਿੱਚੋਂ ਸ਼ਿਰੀਨ ਏਬਾਦੀ (Shirin Ebadi) ਨੇ ਨੋਬਲ ਪੁਰਸਕਾਰ ਜਿੱਤਿਆ ਸੀ। 1966 ਵਿੱਚ 'ਵੂਮੈਨਜ਼ ਔਰਗਨਾਈਜੇਸ਼ਨ ਆਫ਼ ਇਰਾਨ' (Women's Organization of Iran) ਸੰਗਠਨ ਬਣਿਆ। ਇਸਦਾ ਉਦੇਸ਼ ਨਾਰੀ ਸਿੱਖਿਆ ਦੇ ਮਾਧਿਅਮ ਰਾਹੀਂ ਬਦਲਾਵ ਨੂੰ ਉਤਸ਼ਾਹਿਤ ਕਰਨਾ, ਨਾਰੀ ਦੀ ਆਰਥਿਕ ਸੁਤੰਤਰਤਾ ਦੀ ਦਿਸ਼ਾ ਵਿੱਚ ਕੰਮ ਕਰਨਾ, ਔਰਤਾਂ ਨੂੰ ਵਿਆਹ ਅਤੇ ਤਲਾਕ ਦੇ ਸਮਾਨ ਅਧਿਕਾਰ ਦਿਵਾਉਣਾ ਸੀ। ਇਰਾਨ ਦੇ ਮੰਤਰੀ ਮੰਡਲ ਵਿੱਚ ਸੇਵਾ ਨਿਭਾਉਣ ਵਾਲੀ ਪਹਿਲੀ ਔਰਤ ਫਾਰਰੋਖਰੋ ਪਾਰਸਾ ਨੂੰ ਫਾਂਸੀ ਦੇ ਦਿੱਤੀ ਗਈ ਸੀ। 2006 ਵਿੱਚ ਇਰਾਨ ਵਿੱਚ ਔਰਤਾਂ ਦੇ ਖ਼ਿਲਾਫ਼ ਭੇਦਭਾਵਪੂਰਨ ਕਾਨੂੰਨਾਂ ਅਤੇ ਸੁਧਾਰਾਂ ਦੇ ਲਈ ਇਕ ਲੱਖ ਦਸਤਖ਼ਤ ਇਕੱਠੇ ਕਰਨ ਲਈ ਮੁਹਿੰਮ ਚਲਾਈ ਗਈ ਸੀ। ਇਰਾਨ ਵਿੱਚ ਨਾਰੀ ਅਧਿਕਾਰਾਂ ਅਤੇ ਉਹਨਾਂ ਦੀਆਂ ਸਮੱਸਿਆਵਾਂ ਉੱਤੇ ਧਿਆਨ ਕੇਂਦ੍ਰਿਤ ਕਰਨ ਵਾਲੀਆਂ ਕਈ ਮਾਸਿਕ ਪ੍ਰਤ੍ਰਿਕਾਵਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਜਿਨ੍ਹਾਂ ਵਿੱਚ ਜਨਾਨ (Zanan) ਪ੍ਰਮੁੱਖ ਸੀ ਜਿਸ ਉੱਪਰ 2008 ਵਿੱਚ ਰੋਕ ਲਗਾ ਦਿੱਤੀ ਗਈ ਸੀ। 2014 ਵਿੱਚ ਇਹ ਪਤ੍ਰਿਕਾ ਮੁੜ ਸ਼ੁਰੂ ਹੋਈ ਲੇਕਿਨ 2015 ਵਿੱਚ ਇਸ ਉੱਪਰ ਦੁਬਾਰਾ ਪਾਬੰਦੀ ਲਗਾ ਦਿੱਤੀ ਗਈ। ਇਰਾਨ ਦੀਆਂ ਪ੍ਰਮੁੱਖ ਸੁਧਾਰਕਾਂ ਅਤੇ ਨਾਰੀ ਚਿੰਤਕਾਂ ਵਿੱਚ ਆਜ਼ਮ ਤਲੇਘਾਨੀ, ਜ਼ਹਰਾ ਰਹਨਾਵਾਰਡ, ਫ਼ਤੇਮੇਹ ਕਰੂਰਬੀ, ਰੋਇਆ ਤੋਲੋਈ, ਪਰਵੀਨ ਅਰਦਲਨ, ਇਲਾਹ ਕਾਉਲੀ ਸ਼ਾਮਿਲ ਹਨ।

**ਅਫ਼ਗਾਨਿਸਤਾਨ** ਮਰਦ ਪ੍ਰਧਾਨਤਾ ਵਾਲਾ ਦੇਸ਼ ਹੈ। ਅਫ਼ਗਾਨਿਸਤਾਨ ਵਿੱਚ ਨਾਰੀ ਕਈ ਸਮੱਸਿਆਵਾਂ ਜਿਵੇਂ ਸਮਾਜਿਕ-ਆਰਥਿਕ ਅਸਮਾਨਤਾ, ਅਨਪੜ੍ਹਤਾ ਅਤੇ ਘਰੇਲੂ ਹਿੰਸਾ ਆਦਿ ਦੀ ਸ਼ਿਕਾਰ ਰਹੀ ਹੈ। ਅਫ਼ਗਾਨਿਸਤਾਨ ਦੇ ਸ਼ਾਸਕਾਂ ਨੇ ਲਗਾਤਾਰ ਔਰਤਾਂ ਦੀ ਸਥਿਤੀ ਸੁਧਾਰਨ ਅਤੇ ਉਹਨਾਂ ਦੀ ਸੁਤੰਤਰਤਾ ਲਈ ਬਹੁਤ ਸਾਰੇ ਯਤਨ ਕੀਤੇ ਪਰ ਅਫ਼ਗਾਨਿਸਤਾਨੀ ਨਾਰੀ ਦੀ ਸਥਿਤੀ ਵਿੱਚ ਮਹੱਤਵਪੂਰਨ ਬਦਲਾਅ ਨਹੀ ਆਇਆ। ਰਾਜਾ ਅਮਨੁਲਾਹ (King Amanullah) ਦੇ ਸ਼ਾਸ਼ਨ ਕਾਲ ਵਿੱਚ ਦੇਸ਼ ਨੂੰ ਆਧੁਨਿਕ ਬਣਾਉਣ ਦੇ ਨਾਲ ਔਰਤਾਂ ਦੀ ਸੁਤੰਤਰਤਾ ਲਈ ਉਹਨਾਂ ਦੀ ਸਿੱਖਿਆ ਉੱਤੇ ਜ਼ੋਰ ਦਿੱਤਾ। ਉਸਨੇ ਆਪਣੀਆਂ ਲੜਕੀਆਂ ਨੂੰ ਸਕੂਲ ਭੇਜਣ ਲਈ ਪਰਿਵਾਰ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਔਰਤਾਂ ਨੂੰ ਬੁਰਕਾ ਨਾ ਪਹਿਨਣ ਅਤੇ ਪੱਛਮੀ ਸ਼ੈਲੀ ਦਾ ਪਹਿਰਾਵਾ ਪਾਉਣ ਲਈ ਪ੍ਰੇਰਿਤ ਕੀਤਾ।[128] 1921 ਵਿੱਚ ਉਸਨੇ ਇਕ ਕਾਨੂੰਨ ਬਣਾਇਆ, ਜਿਸ ਵਿੱਚ ਜਬਰਨ ਵਿਆਹ, ਬਾਲ ਵਿਆਹ, ਦੁਲਹਨ ਦੀ ਕੀਮਤ ਨੂੰ ਸਮਾਪਤ ਕਰ ਦਿੱਤਾ ਅਤੇ ਬਹੁ-ਵਿਆਹ ਦੀ ਪ੍ਰਥਾ ਉੱਤੇ ਰੋਕ ਲਗਾ ਦਿੱਤੀ। ਲੇਕਿਨ ਸਮੇਂ ਦੇ ਨਾਲ ਇਹਨਾਂ ਰੋਕਾਂ ਨੂੰ ਲਾਗੂ ਕਰਨਾ ਲਗਭਗ ਅਸੰਭਵ ਹੋ ਗਿਆ। ਰਾਜਾ ਅਮਨੁਲਾਹ ਦੀ ਪਤਨੀ ਰਾਣੀ ਸੋਰਾਇਆ ਨੇ ਔਰਤਾਂ ਦੀ ਜ਼ਿੰਦਗੀ ਅਤੇ ਪਰਿਵਾਰ ਵਿੱਚ ਉਨ੍ਹਾਂ ਦੀ ਸਥਿਤੀ ਸੁਧਾਰਨ ਲਈ ਯਤਨ ਕੀਤੇ। ਅਮਨੁਲਾਹ ਦੀ ਭੈਣ ਕੋਬਾਰਾ ਨੇ 1920 ਵਿੱਚ ਔਰਤਾਂ ਦੀ ਸੁਰੱਖਿਆ ਦੀ ਸੰਸਥਾ ਦਾ ਗਠਨ ਕੀਤਾ।[129] ਬਾਅਦ ਵਿੱਚ ਮੁਹੰਮਦ ਨਾਦਿਰ ਸ਼ਾਹ ਅਤੇ ਮੁਹੰਮਦ ਜ਼ਹੀਰ ਸ਼ਾਹ ਦੇ ਸ਼ਾਸ਼ਨ ਕਾਲ ਦੌਰਾਨ ਔਰਤਾਂ ਦੇ ਅਧਿਕਾਰਾਂ ਦੀ ਗਤੀ ਮੱਧਮ ਰਹੀ। 1953 ਵਿੱਚ ਮੁਹੰਮਦ ਦਾਊਦ ਖਾਨ ਦੇ ਪ੍ਰਧਾਨ ਮੰਤਰੀ ਵਜੋਂ ਚੁਣੇ ਜਾਣ ਤੋਂ ਬਾਅਦ, ਔਰਤਾਂ ਦੀ ਜਨਤਕ ਖੇਤਰ ਵਿੱਚ ਦਾਖ਼ਲੇ ਲਈ ਸਮਾਜਿਕ ਸੁਧਾਰਾਂ ਨੂੰ ਬੜ੍ਹਾਵਾ ਦਿੱਤਾ ਗਿਆ। ਉਸ ਦਾ ਮੁੱਖ ਧਿਆਨ ਔਰਤਾਂ ਨੂੰ ਦੂਸਰੇ ਦਰਜੇ ਦੇ ਨਾਗਰਿਕ ਦੇ ਰੂਪ ਵਿੱਚ ਸਮਝਣ ਵਾਲੀ ਰੂੜ੍ਹੀਵਾਦੀ, ਇਸਲਾਮੀ ਪ੍ਰੰਪਰਾ ਤੋਂ ਮੁਕਤ ਕਰਨਾ ਸੀ।[130] ਅਫ਼ਗਾਨਿਸਤਾਨ ਵਿੱਚ 1964 ਵਿੱਚ ਸੰਵਿਧਾਨ ਰਾਹੀਂ ਔਰਤਾਂ ਨੂੰ ਸਮਾਨ ਅਧਿਕਾਰ ਅਤੇ ਵੋਟ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ। 1977 ਵਿੱਚ ਮੀਨਾ ਕੇਸ਼ਵਰ ਕਮਲ ਨੇ 'ਰੈਵੂਲਿਊਸ਼ਨਰੀ ਐਸੋਸੀਏਸ਼ਨ ਆਫ਼ ਦਾ ਵੂਮੈਨ ਆਫ਼ ਅਫ਼ਗਾਨਿਸਤਾਨ' (Revolutionary Association of the Women of Afghanistan) ਦੀ ਸਥਾਪਨਾ ਕੀਤੀ। 1987 ਵਿੱਚ ਉਸਦੀ ਹੱਤਿਆ ਕਰ ਦਿੱਤੀ ਗਈ ਸੀ।[131]

1978 ਵਿੱਚ ਨੂਰ ਮੁਹੰਮਦ ਤਰਾਕੀ ਦੀ ਸਰਕਾਰ ਨੇ ਔਰਤਾਂ ਨੂੰ ਸਮਾਨ ਅਧਿਕਾਰ ਦਿੱਤੇ। ਇਸ ਨਾਲ ਉਹਨਾਂ ਨੂੰ ਆਪਣਾ ਪਤੀ ਅਤੇ ਕੈਰੀਅਰ ਚੁਣਨ ਦੀ ਆਜ਼ਾਦੀ ਮਿਲੀ। ਅਫ਼ਗਾਨ ਵੂਮੈਨ ਕੌਂਸਲ ਨੇ ਅਫ਼ਗਾਨਿਸਤਾਨ ਵਿੱਚ ਔਰਤਾਂ ਦੀ ਸਿੱਖਿਆ ਲਈ ਮਹੱਤਵਪੂਰਨ ਯਤਨ ਕੀਤੇ। 1992 ਵਿੱਚ ਮੁਹੰਮਦ ਨਜੀਬੁੱਲਾ ਦੀ ਸਰਕਾਰ ਨੇ ਇਸਲਾਮਿਕ ਸਟੇਟ ਆਫ਼ ਅਫ਼ਗਾਨਿਸਤਾਨ ਵਿੱਚ ਪਰਿਵਰਤਨ ਕੀਤਾ। 1996

ਵਿੱਚ ਪ੍ਰਧਾਨ ਮੰਤਰੀ ਗੁਲਾਬੁੱਦੀਨ ਹਿਕਮਤਯਾਰ ਦੇ ਸ਼ਾਸ਼ਨ ਕਾਲ ਦੌਰਾਨ ਔਰਤਾਂ ਉੱਪਰ ਵਧੇਰੇ ਪਾਬੰਦੀਆਂ ਲਗਾਈਆਂ ਗਈਆਂ। ਇਸ ਦੌਰਾਨ ਤਾਲਿਬਾਨ ਨੇ ਕਾਬੁਲ ਉੱਤੇ ਕਬਜ਼ਾ ਕਰਨ ਲਈ ਆਪਣਾ ਰਾਹ ਬਣਾਇਆ।[132] ਤਾਲਿਬਾਨ ਨੇ ਇਹ ਘੋਸ਼ਣਾ ਕੀਤੀ ਔਰਤਾਂ ਉਦੋਂ ਤੱਕ ਘਰੋਂ ਬਾਹਰ ਨਹੀਂ ਜਾ ਸਕਦੀਆਂ ਜਦੋਂ ਤੱਕ ਕਿ ਉਹਨਾਂ ਦੇ ਪਰਿਵਾਰ ਦਾ ਇਕ ਮਰਦ ਮੈਂਬਰ ਉਹਨਾਂ ਦੇ ਨਾਲ ਨਹੀਂ ਹੁੰਦਾ। ਬਾਹਰ ਜਾਣ ਵੇਲੇ ਉਹਨਾਂ ਲਈ ਪੂਰਾ ਬੁਰਕਾ ਪਹਿਨਣਾ ਜ਼ਰੂਰੀ ਕਰ ਦਿੱਤਾ ਗਿਆ। ਇਹਨਾਂ ਰੋਕਾਂ ਦੇ ਤਹਿਤ ਔਰਤਾਂ ਨੂੰ ਰਸਮੀ ਸਿੱਖਿਆ ਤੋਂ ਵਾਂਝਾ ਕਰ ਦਿੱਤਾ ਗਿਆ ਅਤੇ ਉਹਨਾਂ ਨੂੰ ਘਰ ਵਿੱਚ ਰਹਿਣ ਲਈ ਮਜ਼ਬੂਰ ਕਰ ਦਿੱਤਾ ਗਿਆ। 2001 ਦੇ ਅੰਤ ਵਿੱਚ ਸੰਯੁਕਤ ਰਾਸ਼ਟਰ ਦੁਆਰਾ ਹਾਮਿਦ ਕਰਜ਼ਾਈ ਦੀ ਨਵੀਂ ਸਰਕਾਰ ਦਾ ਗਠਨ ਕੀਤਾ ਗਿਆ ਜਿਸ ਵਿੱਚ ਔਰਤਾਂ ਨੂੰ ਸ਼ਾਮਿਲ ਕੀਤਾ ਗਿਆ। 2004 ਦੇ ਨਵੇਂ ਸੰਵਿਧਾਨ ਤਹਿਤ 'ਹਾਊਸ ਆਫ਼ ਪੀਪਲ' ਵਿੱਚ 250 ਸੀਟਾਂ ਵਿੱਚੋਂ 27% ਔਰਤਾਂ ਲਈ ਰਾਖਵੀਆਂ ਰੱਖੀਆਂ ਗਈਆਂ। ਮਾਰਚ 2012 ਵਿੱਚ ਰਾਸ਼ਟਰਪਤੀ ਹਾਮਿਦ ਕਰਜ਼ਾਈ ਨੇ ਇਕ 'ਨਿਯਮ ਪ੍ਰਬੰਧ' ਦਾ ਸਮੱਰਥਨ ਕੀਤਾ ਜੋ ਉਲੇਮਾ ਕਾਊਂਸਿਲ ਦੁਆਰਾ ਜਾਰੀ ਕੀਤਾ ਗਿਆ ਸੀ। ਇਹਨਾਂ ਨਿਯਮਾਂ ਦੇ ਤਹਿਤ ਔਰਤਾਂ ਉੱਪਰ ਮੁੜ ਕਈ ਪਾਬੰਦੀਆਂ ਥੋਪ ਦਿੱਤੀਆਂ ਗਈਆਂ ਜਿਵੇਂ ਔਰਤਾਂ ਨੂੰ ਇਕ ਮਰਦ ਮੈਂਬਰ ਦੇ ਬਿਨਾਂ ਯਾਤਰਾ ਨਹੀਂ ਕਰਨੀ ਚਾਹੀਦੀ ਅਤੇ ਸਕੂਲਾਂ, ਬਾਜ਼ਾਰਾਂ ਅਤੇ ਕੰਮ ਕਰਨ ਵਾਲੀਆਂ ਥਾਵਾਂ ਉੱਤੇ ਅਜਨਬੀ ਮਰਦਾਂ ਨੂੰ ਮਿਲਣਾ-ਜੁਲਣਾ ਨਹੀਂ ਚਾਹੀਦਾ। ਅਫ਼ਗਾਨਿਸਤਾਨ ਵਿੱਚ ਔਰਤਾਂ ਖਿਲਾਫ਼ ਹਿੰਸਾ ਦੀਆ ਖ਼ਬਰਾਂ ਅੱਜ ਵੀ ਅਫ਼ਗਾਨੀ ਨਾਰੀ ਦੀ ਨੀਵੀਂ ਸਥਿਤੀ ਨੂੰ ਦਰਸਾਉਂਦੀਆਂ ਹਨ। 2015 ਵਿੱਚ ਕੱਟਰਪੰਥੀ ਮੁਸਲਮਾਨਾਂ ਦੀ ਭੀੜ ਦੁਆਰਾ ਇਕ 27 ਸਾਲਾਂ ਅਫ਼ਗਾਨੀ ਔਰਤ ਫ਼ਰਖੁੰਦਾ ਮਲਿਕਜ਼ਾਦਾ (Farkhunda Malikzada) ਨੂੰ ਕਾਬੁਲ ਵਿੱਚ ਕੁਰਾਨ ਦੀ ਬੇਅਦਬੀ ਦੇ ਝੂਠੇ ਆਰੋਪ ਵਿੱਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਨਾਰੀ ਦੀ ਤਰਸਯੋਗ ਸਥਿਤੀ ਨੂੰ ਸੁਧਾਰਨ ਲਈ ਅੱਜ ਵੀ ਬਹੁਤ ਸਾਰੇ ਨਾਰੀ ਸੰਗਠਨਾਂ ਦੁਆਰਾ ਯਤਨ ਜਾਰੀ ਹਨ ਜਿਨ੍ਹਾਂ ਵਿੱਚ 'ਵੂਮੈਨ ਫ਼ਾਰ ਅਫ਼ਗਾਨਿਸਤਾਨ' (Women for Afghanistan), 'ਰੈਵੂਲਿਉਸ਼ਨਰੀ ਐਸੋਸੀਏਸ਼ਨ ਆਫ਼ ਦ ਵੂਮੈਨ ਆਫ਼ ਅਫ਼ਗਾਨਿਸਤਾਨ' (Revolutionary Association of the Women of Afghanistan), 'ਅਫ਼ਗਾਨ ਵੂਮੈਨਜ਼ ਨੈੱਟਵਰਕ' (Afghan Women's Network), 'ਅਫ਼ਗਾਨ ਵੂਮੈਨਜ਼ ਕੌਂਸਿਲ' (Afghan Women's Council), 'ਅਫ਼ਗਾਨ ਵੂਮੈਨਜ਼ ਬਿਜ਼ਨੈਸ ਫ਼ੈਡਰੇਸ਼ਨ' (Afghan Women's Business Fedration) ਆਦਿ ਪ੍ਰਮੁੱਖ ਹਨ।

**II. ਭਾਰਤੀ ਸਮਾਜ ਵਿੱਚ ਨਾਰੀ ਚੇਤਨਾ ਦਾ ਉਦੈ**

ਭਾਰਤ ਵਿੱਚ ਔਰਤਾਂ ਦੀ ਸਥਿਤੀ ਇਤਿਹਾਸਕ ਰੂਪ ਵਿੱਚ ਸੰਤੋਖਜਨਕ ਨਹੀਂ ਰਹੀ ਹੈ। ਭਾਵੇਂ ਕਿ ਪ੍ਰਾਚੀਨ ਕਾਲ ਵਿੱਚ ਵੇਦਾਂ ਵਿੱਚ ਅਨੇਕ ਜਗ੍ਹਾਂ ਲੋਪਾਮੁਦਰਾ, ਰੋਮਸਾ, ਘੋਸ਼ਾ, ਸੂਰਯਾ, ਅਪਾਲਾ, ਵਿਲੋਮੀ,

ਸਾਵਿਤ੍ਰੀ, ਯਮੀ, ਵਿਸ਼ਵਭਰਾ, ਸ਼ਰਧਾ, ਦੇਵਯਾਨੀ ਆਦਿ ਨਾਮ ਮਿਲਦੇ ਹਨ। ਇਨ੍ਹਾਂ ਨੂੰ ਵਿਦਵਤਾ ਦੇ ਆਧਾਰ ਤੇ 'ਰਿਸ਼ੀਕਾ' ਅਤੇ 'ਬ੍ਰਾਹਮਣੀ' ਕਿਹਾ ਜਾਂਦਾ ਸੀ। ਇਨ੍ਹਾਂ ਪੜ੍ਹੀਆਂ-ਲਿਖੀਆਂ ਨਾਰੀਆਂ ਦੁਆਰਾ ਵਰ ਆਪ ਚੁਣਨ ਲਈ ਸ੍ਵਯੰਬਰ ਦੀ ਪ੍ਰਥਾ ਦਾ ਵੀ ਉਲੇਖ ਮਿਲਦਾ ਹੈ।[133] ਵੈਦਿਕ ਕਾਲ ਵਿੱਚ ਨਾਰੀਆਂ ਸੰਗੀਤ, ਨਾਚ ਤੇ ਹੋਰ ਕੋਮਲ ਕਲਾਵਾਂ ਵਿੱਚ ਹਿੱਸਾ ਲੈ ਸਕਦੀਆਂ ਸਨ। ਉਹ ਮਰਦ ਦੇ ਬਰਾਬਰ ਹਰ ਖੇਤਰ ਵਿੱਚ ਆਪਣੀ ਨਿਪੁੰਨਤਾ ਦਾ ਪ੍ਰਗਟਾਵਾ ਕਰ ਸਕਦੀਆਂ ਸਨ।[134] ਉਹ ਆਪਣੇ ਪਤੀ ਨਾਲ ਹਰ ਧਾਰਮਿਕ ਕਾਰਜ ਵਿੱਚ ਹਿੱਸਾ ਪਾਉਂਦੀਆਂ ਸਨ। ਇਸ ਕਾਰਨ ਉਹਨਾਂ ਨੂੰ ਧਾਰਮਿਕ ਵਿੱਦਿਆ ਦੇਣੀ ਲਾਜ਼ਮੀ ਸੀ।[135] ਵੇਦਾਂ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਬਾਲ-ਵਿਆਹ ਅਤੇ ਪਰਦਾ ਪ੍ਰਥਾ ਆਦਿ ਕੁਰੀਤੀਆਂ ਨਹੀਂ ਸਨ। ਉੱਤਰ-ਵੈਦਿਕ ਕਾਲ ਵਿੱਚ ਨਾਰੀ ਦੀ ਸਥਿਤੀ ਪਰਿਵਰਤਿਤ ਹੋਣੀ ਸ਼ੁਰੂ ਹੋ ਜਾਂਦੀ ਹੈ। ਬ੍ਰਾਹਮਣ ਗ੍ਰੰਥਾਂ ਤੋਂ ਗਿਆਨ ਹੁੰਦਾ ਹੈ ਕਿ ਉਸ ਸਮੇਂ ਬਹੁ-ਵਿਆਹ ਦਾ ਪ੍ਰਚਲਨ ਸੀ। ਇਕ ਮਰਦ ਕਈ ਵਿਆਹ ਕਰ ਸਕਦਾ ਸੀ, ਪਰੰਤੂ ਇਕ ਔਰਤ ਕਈ ਮਰਦਾਂ ਨਾਲ ਵਿਆਹ ਨਹੀਂ ਕਰ ਸਕਦੀ ਸੀ।[136] ਇਸ ਸਮੇਂ ਭਾਰਤੀ ਸਮਾਜ ਵਿੱਚ ਇਕ ਮਹੱਤਵਪੂਰਨ ਤਬਦੀਲੀ ਇਹ ਵਾਪਰੀ ਕਿ ਸਮੁੱਚੇ ਸਮਾਜ ਦੀ ਚਾਰ ਵਰਣਾਂ ਵਿੱਚ ਵੰਡ ਕਰ ਦਿੱਤੀ ਗਈ – ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਸ਼ੁਰੂ-ਸ਼ੁਰੂ ਵਿੱਚ ਆਰੀਆ ਨਾਰੀਆਂ (ਬ੍ਰਾਹਮਣ, ਕਸ਼ੱਤਰੀ ਤੇ ਵੈਸ਼) ਵੇਦਾਂ ਦਾ ਅਧਿਐਨ ਕਰ ਸਕਦੀਆਂ ਸਨ, ਜਿਸ ਨਾਲ ਉਹ ਧਾਰਮਿਕ ਖੇਤਰ ਵਿੱਚ ਖੁੱਲ੍ਹ ਕੇ ਹਿੱਸਾ ਪਾਉਂਦੀਆਂ ਪਰ ਹੌਲੀ-ਹੌਲੀ ਇਹ ਸਥਿਤੀ ਬਦਲ ਗਈ। ਨਾਰੀ ਦਾ ਕੰਮ ਵਿਆਹ ਕਰਵਾਉਣਾ ਤੇ ਪਰਿਵਾਰ ਦੀ ਦੇਖਭਾਲ ਕਰਨਾ ਰਹਿ ਗਿਆ। ਧੀਆਂ ਦੀ ਇੱਛਾ ਪੁੱਤਰਾਂ ਦੇ ਮੁਕਾਬਲਤਨ ਘੱਟ ਗਈ।[137] ਬ੍ਰਾਹਮਣ ਕਾਲ ਵਿੱਚ ਇਸਤਰੀ ਦੀ ਵਿੱਦਿਆ ਪ੍ਰਾਪਤੀ ਵਿੱਚ ਵੀ ਗਿਰਾਵਟ ਆ ਗਈ। ਲੜਕੀਆਂ ਨੂੰ ਅਧਿਆਪਕਾਂ ਕੋਲ ਤੇ ਸਕੂਲ ਵਿੱਚ ਭੇਜਣ ਨੂੰ ਵੀ ਬੁਰਾ ਸਮਝਿਆ ਜਾਣ ਲੱਗ ਪਿਆ। ਕੁਝ ਹੱਦ ਤੱਕ ਅਮੀਰ ਘਰਾਣਿਆਂ ਦੀਆਂ ਲੜਕੀਆਂ ਹੀ ਪੜ੍ਹ ਸਕਦੀਆਂ ਸਨ।[138] ਰਮਾਇਣ ਅਤੇ ਮਹਾਂਭਾਰਤ ਦੇ ਰਚਨਾ ਕਾਲ ਵਿੱਚ ਨਾਰੀ ਦੀ ਸਥਿਤੀ ਤਰਸਯੋਗ ਬਣਦੀ ਜਾ ਰਹੀ ਸੀ। ਇਸ ਕਾਲ ਵਿੱਚ ਨਾਰੀ ਦਾ ਵਰਣਨ ਵਿਦਵਾਨ ਰੂਪ ਵਿੱਚ ਘੱਟ ਅਤੇ ਤਪ, ਤਿਆਗ, ਨਿਮਰਤਾ, ਪਤੀ ਦੀ ਸੇਵਿਕਾ ਆਦਿ ਦੇ ਰੂਪ ਵਿੱਚ ਵੱਧ ਮਿਲਦਾ ਹੈ। ਪਤੀਵਰਤਾ ਧਰਮ ਹੀ ਸਭ ਤੋਂ ਉੱਚਾ ਧਰਮ ਅਤੇ ਸਵਰਗ ਪ੍ਰਾਪਤੀ ਦਾ ਸਾਧਨ ਮੰਨਿਆ ਜਾਣ ਲੱਗਾ। ਇਸ ਦਾ ਨਤੀਜਾ ਆਉਣ ਵਾਲੇ ਸਮੇਂ ਵਿੱਚ ਸਤੀ ਪ੍ਰਥਾ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ।[139] ਇਸ ਕਾਲ ਦੌਰਾਨ ਨਾਰੀ ਲਈ ਵਿਆਹ ਦੀ ਉਮਰ ਘੱਟ ਗਈ ਅਤੇ ਬਹੁ-ਪਤਨੀ ਪ੍ਰਥਾ ਵਿੱਚ ਵਾਧਾ ਹੋਇਆ। ਵਿਧਵਾ ਵਿਆਹ ਉੱਪਰ ਵੀ ਪ੍ਰਤੀਬੰਧ ਲੱਗਣੇ ਸ਼ੁਰੂ ਹੋ ਗਏ। ਰਾਜਨੀਤਕ, ਵਿੱਦਿਅਕ ਅਤੇ ਆਰਥਿਕ ਖੇਤਰਾਂ ਤੋਂ ਉਸਨੂੰ ਲਾਂਭੇ ਰੱਖਿਆ ਜਾਣਾ ਸ਼ੁਰੂ ਹੋਇਆ। ਇਸ ਕਾਲ ਵਿੱਚ ਭਾਵੇਂ ਕੁੰਤੀ, ਦ੍ਰੋਪਦੀ, ਗੰਧਾਰੀ ਅਤੇ ਦਮਯੰਤੀ ਆਪਣੇ ਗੁਣਾਂ ਤੇ ਵਿਚਾਰਾਂ ਕਰਕੇ ਵਿਸੇਸ਼ ਮਹੱਤਵ

ਦੀਆਂ ਧਾਰਨੀ ਬਣੀਆਂ ਪਰ ਇਸ ਤੱਥ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਨ੍ਹਾਂ ਨਾਰੀਆਂ ਪਿੱਛੇ ਰਾਜ ਘਰਾਣਿਆਂ ਦੀ ਰਾਜਸੱਤਾ ਦੀ ਸ਼ਕਤੀ ਸੀ। ਆਮ ਨਾਰੀ ਦੀ ਸਥਿਤੀ ਨਿੰਦਣੋਯਗ ਹੀ ਸੀ। ਸਿਮਰਤੀ ਕਾਲ ਵਿੱਚ ਨਾਰੀ ਨੂੰ ਉਸਦੇ ਹੱਕਾਂ ਤੋਂ ਵਾਂਝਾ ਕਰਕੇ ਸ਼ੂਦਰ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ। 'ਮਨੂੰਸਿਮਰਤੀ' ਦੀ ਰਚਨਾ ਨੇ ਇਸਤਰੀ ਦੀ ਸੁਤੰਤਰਤਾ ਉੱਤੇ ਪੂਰੀ ਤਰ੍ਹਾਂ ਅੰਕੁਸ਼ ਲਗਾ ਦਿੱਤਾ। ਉਸਦੇ ਕਰਤੱਵਾਂ ਦੀ ਲੰਮੀ ਸੂਚੀ ਤਿਆਰ ਕਰ ਦਿੱਤੀ ਗਈ।[140] ਉਸ ਨੂੰ ਧਰਮ, ਪਰਿਵਾਰ, ਪਿਤਾ, ਪਤੀ ਅਤੇ ਪੁੱਤਰ ਦੇ ਨਿਰੰਤਰ ਦਬਾਉ ਅਤੇ ਨਿਯੰਤਰਨ ਅਧੀਨ ਰਹਿਣ ਦੀ ਆਗਿਆ ਦਿੱਤੀ ਗਈ ਅਤੇ ਬਾਹਰੀ ਦੁਨੀਆਂ ਨਾਲੋਂ ਅਲੱਗ-ਥਲੱਗ ਕਰ ਦਿੱਤਾ ਗਿਆ। ਜੈਨ ਅਤੇ ਬੁੱਧ ਧਰਮ ਦੇ ਆਉਣ ਨਾਲ ਬ੍ਰਾਹਮਣਵਾਦ ਨੂੰ ਕੁਝ ਢਾਅ ਲੱਗਦੀ ਹੈ। ਬੁੱਧ ਧਰਮ ਨੇ ਜਿੱਥੇ ਜਾਤੀਗਤ, ਵਰਣਗਤ ਮੱਤਭੇਦਾਂ ਨੂੰ ਨਕਾਰਿਆ, ਉੱਥੇ ਨਾਰੀ ਨੂੰ ਪੁਰਸ਼ ਦੇ ਬਰਾਬਰ ਲਿਆਉਣ ਦਾ ਯਤਨ ਕੀਤਾ। ਆਰੰਭਿਕ ਸਮੇਂ ਗੌਤਮ ਬੁੱਧ ਵੀ ਨਾਰੀ ਨੂੰ ਸੰਘ ਵਿੱਚ ਸ਼ਾਮਿਲ ਕਰਨ ਦੇ ਹੱਕ ਵਿੱਚ ਨਹੀ ਸੀ ਪ੍ਰੰਤੂ ਬਾਅਦ ਵਿੱਚ ਨਾਰੀਆਂ ਨੂੰ ਸੰਘ ਵਿੱਚ ਸ਼ਾਮਿਲ ਕਰ ਲਿਆ ਗਿਆ। ਉਹਨਾਂ ਦਾ ਆਪਣਾ ਸੰਘ ਬਣਿਆ ਜਿਸ ਨੂੰ 'ਭਿਖਸ਼ੂਣੀ ਸੰਘ' ਕਿਹਾ ਗਿਆ। ਜੈਨ ਧਰਮ ਵਿੱਚ ਵੀ ਸੰਤੁਲਿਤ ਸਮਾਜ ਦੇ ਨਿਰਮਾਣ ਲਈ ਇਸਤਰੀ ਅਤੇ ਪੁਰਸ਼ ਨੂੰ ਸਮਾਨ ਮੰਨਿਆ ਗਿਆ ਪਰ ਬਾਵਜੂਦ ਇਸਦੇ ਜੈਨ ਧਰਮ ਵਿੱਚ ਵਾਸਨਾ ਦੀ ਕੇਂਦਰ ਨਾਰੀ ਨੂੰ ਮੰਨ ਕੇ ਇਸਨੂੰ ਤਿਆਗਣ ਦਾ ਉਪਦੇਸ਼ ਦਿੱਤਾ ਗਿਆ ਹੈ। ਜੈਨ ਸਾਧੂਆਂ ਨੂੰ ਆਤਮ-ਨਿਯੰਤਰਣ ਵਿੱਚ ਰੱਖਣ ਲਈ ਜੈਨ ਧਰਮ ਵਿੱਚ ਇਸਤਰੀਆਂ ਦੀ ਨਿੰਦਾ ਕੀਤੀ ਗਈ ਹੈ। ਫਿਰ ਵੀ ਬੁੱਧ ਅਤੇ ਜੈਨ ਦੋਨਾਂ ਧਰਮਾਂ ਨੇ ਨਾਰੀ ਨੂੰ ਸੁਤੰਤਰਤਾ ਪ੍ਰਦਾਨ ਕੀਤੀ।[141] ਮੱਧਕਾਲ ਵਿੱਚ ਨਾਰੀ ਦੀ ਸਥਿਤੀ ਵਧੇਰੇ ਬੱਦਤਰ ਹੁੰਦੀ ਗਈ। ਭਾਰਤ ਉੱਤੇ ਯੂਨਾਨੀਆਂ, ਹੂਣਾਂ, ਸ਼ੱਕਾਂ ਦੇ ਹਮਲਿਆਂ ਨਾਲ ਹੀ ਨਾਰੀ ਦੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਉਸ ਉੱਪਰ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਗਈਆਂ। ਨਾਰੀ ਸਿੱਖਿਆ ਤੋਂ ਪੂਰੀ ਤਰ੍ਹਾਂ ਵਾਂਝੀ ਹੋ ਗਈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਮੁਸਲਮਾਨ ਭਾਰਤ ਆਏ ਤਾਂ ਉਹ ਹਿੰਦੂ ਕੁੜੀਆਂ ਨਾਲ ਜਬਰੀ ਵਿਆਹ ਕਰਨ ਲੱਗੇ, ਇਸ ਤੋਂ ਬਚਣ ਲਈ ਭਾਰਤ ਵਿੱਚ ਬਾਲ-ਵਿਆਹ ਦਾ ਪ੍ਰਚਲਨ ਹੋਇਆ।[142] ਪਰਦਾ ਪ੍ਰਥਾ, ਕੰਨਿਆ ਹੱਤਿਆ, ਬਹੁ-ਵਿਆਹ ਪ੍ਰਥਾ, ਸਤੀ ਪ੍ਰਥਾ ਅਤੇ ਦੇਵਦਾਸੀ ਪ੍ਰਥਾ ਜਿਹੀਆਂ ਕੁਰੀਤੀਆਂ ਵਿੱਚ ਵਾਧਾ ਹੋਇਆ ਜਿਸ ਨਾਲ ਨਾਰੀ ਦੀ ਸਥਿਤੀ ਬੇਹੱਦ ਤਰਸਯੋਗ ਹੋ ਗਈ। ਅਜਿਹੇ ਸਮੇਂ ਵਿੱਚ ਇਸਤਰੀ ਹੱਕਾਂ ਲਈ ਸਭ ਤੋਂ ਪਹਿਲਾ ਪੁਰਸ਼ ਸਮਾਜ ਸੁਧਾਰਕਾਂ ਨੇ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਮੱਧਕਾਲ ਵਿੱਚ ਅਜਿਹੇ ਕ੍ਰਾਂਤੀਕਾਰੀ ਚਿੰਤਕ ਦੇ ਰੂਪ ਵਿੱਚ ਉੱਭਰਦੇ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਵਿੱਚ ਲਿਤਾੜੀ ਤੇ ਗ਼ੁਲਾਮੀ ਦੀ ਸਥਿਤੀ ਵਿੱਚ ਜੀਅ ਰਹੀ ਨਾਰੀ ਦੀ ਦਸ਼ਾ ਸੁਧਾਰਨ ਵੱਲ ਕਦਮ ਚੁੱਕਿਆ। ਉਹਨਾਂ ਨੇ ਆਪਣੀ ਬਾਣੀ ਰਾਹੀਂ ਨਾਰੀ ਵਿਰੋਧੀ ਦ੍ਰਿਸ਼ਟੀਕੋਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ। ਉਨ੍ਹਾਂ ਨੇ

ਇਸ ਪ੍ਰਸੰਗ ਵਿੱਚ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ'[143] ਸ਼ਬਦ ਉਚਾਰ ਕੇ ਨਾਰੀ ਨੂੰ ਮਾਨਵ ਜਾਤੀ ਦੀ ਜਨਨੀ ਆਖ ਕੇ ਉਸਨੂੰ ਉੱਚਾ ਦਰਜਾ ਦਿੱਤਾ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਕਰੜਾ ਵਿਰੋਧ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਚੰਡੀ ਦੀ ਵਾਰ' ਦੀ ਰਚਨਾ ਕਰਕੇ ਨਾਰੀ ਨੂੰ ਦੁਰਗਾ ਦੇ ਰੂਪ ਵਿੱਚ ਚਿਤਰ ਕੇ ਨਾਰੀ ਸ਼ਕਤੀ ਨੂੰ ਉਭਾਰਨ ਦਾ ਯਤਨ ਕੀਤਾ। ਅਠਾਰਵੀਂ ਸਦੀ ਵਿੱਚ ਭਾਰਤ ਪਰਿਵਰਤਨ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਇਹ ਅਜਿਹਾ ਸਮਾਂ ਸੀ ਜਦੋਂ ਪੁਰਾਣੀ ਮੁਗ਼ਲਕਾਲੀਨ ਸ਼ਾਸ਼ਨ ਵਿਵਸਥਾ ਅਤੇ ਛੋਟੇ-ਛੋਟੇ ਸੁਤੰਤਰ ਰਜਵਾੜੇ ਖਿੰਡ ਰਹੇ ਸਨ ਅਤੇ ਨਵੇਂ ਅੰਦੋਲਨਾਂ ਦੇ ਵਿਕਾਸ ਦੀ ਪਿੱਠਭੂਮੀ ਤਿਆਰ ਕਰ ਰਹੇ ਸਨ।[144] ਅਠਾਰਵੀਂ ਸਦੀ ਵਿੱਚ ਬੰਗਾਲ ਵਿੱਚ ਈਸਟ ਇੰਡੀਆ ਕੰਪਨੀ ਦੇ ਜਰੀਏ ਲੋਕਾਂ ਨੇ ਬਰਤਾਨੀਆ ਦੇ ਬਾਰੇ ਜਾਣਿਆ। ਵਪਾਰਕ ਰਿਸ਼ਤੇ ਵੱਧਦੇ-ਵੱਧਦੇ ਪ੍ਰਭੁਤੱਵ ਅਤੇ ਸ਼ਾਸ਼ਨ ਵਿੱਚ ਤਬਦੀਲ ਹੋ ਗਏ। ਹੌਲੀ-ਹੌਲੀ ਸੰਪੂਰਨ ਭਾਰਤ ਅੰਗਰੇਜ਼ੀ ਰਾਜ ਪ੍ਰਬੰਧ ਅਧੀਨ ਆ ਗਿਆ। ਅੰਗਰੇਜ਼ੀ ਸ਼ਾਸ਼ਨ ਪ੍ਰਬੰਧ ਸਥਾਪਿਤ ਹੋਣ ਨਾਲ ਪੱਛਮੀ ਗਿਆਨ, ਵਿਗਿਆਨ ਅਤੇ ਪੱਛਮੀ ਵਿੱਦਿਆ ਪ੍ਰਣਾਲੀ ਦਾ ਪ੍ਰਸਾਰ ਪੂਰੇ ਭਾਰਤ ਵਿੱਚ ਫੈਲਣ ਲੱਗਿਆ। ਅੰਗਰੇਜ਼ੀ ਸਿੱਖਿਆ ਪ੍ਰਾਪਤ ਨਵਯੁਵਕਾਂ ਅਤੇ ਵਿਦਵਾਨਾਂ ਨੇ ਭਾਰਤੀ ਸਮਾਜ ਵਿੱਚ ਮੌਜੂਦ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣੀ ਆਰੰਭ ਕੀਤੀ। ਦਹੇਜ ਪ੍ਰਥਾ, ਬਾਲ ਵਿਆਹ, ਸਤੀ ਪ੍ਰਥਾ, ਵਿਧਵਾਵਾਂ ਦੀ ਅਣਦੇਖੀ, ਦੇਵਦਾਸੀ ਪ੍ਰਥਾ ਆਦਿ ਦੇ ਵਿਰੁੱਧ ਸਭ ਤੋਂ ਪਹਿਲਾਂ ਪੁਰਸ਼ ਸਮਾਜ ਸੁਧਾਰਕਾਂ ਨੇ ਆਵਾਜ਼ ਉਠਾਈ। ਉਹਨਾਂ ਦੇ ਸੁਧਾਰਵਾਦੀ ਕੰਮਾਂ ਵਿੱਚ ਹੌਲੀ-ਹੌਲੀ ਇਸਤਰੀਆਂ ਨੇ ਵੀ ਸਾਥ ਦੇਣਾ ਸ਼ੁਰੂ ਕੀਤਾ। ਇਸਤਰੀਆਂ ਦੇ ਸ਼ਾਮਿਲ ਹੋਣ ਨਾਲ ਅੰਦੋਲਨ ਨੂੰ ਨਵਾਂ ਰੂਪ ਅਤੇ ਵੇਗ ਮਿਲਿਆ। ਇਸਤਰੀਆਂ ਨੂੰ ਸਿੱਖਿਅਤ ਕਰਨ ਦੇ ਮਹੱਤਵ ਉੱਤੇ ਸਭ ਤੋਂ ਪਹਿਲੀ ਸਰਵਜਨਕ ਬਹਿਸ ਰਾਜਾ ਰਾਮਮੋਹਨ ਰਾਏ ਦੁਆਰਾ 1815 ਵਿੱਚ ਸਥਾਪਿਤ 'ਆਤਮੀਯ ਸਭਾ' ਦੁਆਰਾ ਬੰਗਾਲ ਵਿੱਚ ਛੇੜੀ ਗਈ। ਉਸੇ ਸਾਲ ਉਹਨਾਂ ਨੇ ਬੰਗਲੀ ਭਾਸ਼ਾ ਵਿੱਚ ਸਤੀ ਪ੍ਰਥਾ ਵਿਰੁੱਧ ਲੇਖ ਲਿਖਿਆ।[145] ਰਾਜਾ ਰਾਮਮੋਹਨ ਰਾਇ ਨੇ ਅਗਸਤ 1828 ਨੂੰ 'ਬ੍ਰਹਮੋ ਸਮਾਜ' ਦੀ ਸਥਾਪਨਾ ਕੀਤੀ। ਬ੍ਰਹਮੋ ਸਮਾਜ ਦੇ ਉਦੇਸ਼ਾਂ ਵਿੱਚ ਨਾਰੀ ਸਮਾਜ ਵਿੱਚ ਸਿੱਖਿਆ ਦਾ ਪ੍ਰਸਾਰ ਕਰਕੇ ਉਹਨਾਂ ਨੂੰ ਜਾਗਰੂਕ ਕਰਨਾ ਸ਼ਾਮਿਲ ਸੀ ਤਾਂ ਜੋ ਉਹ ਆਪਣੇ ਅਧਿਕਾਰਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰ ਸਕਣ। ਉਹ ਅੰਧਵਿਸ਼ਵਾਸਾਂ, ਧਾਰਮਿਕ ਆਡੰਬਰਾਂ ਅਤੇ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰ ਸਕਣ। ਇਸ ਸੰਸਥਾ ਦੁਆਰਾ ਵਿਧਵਾ ਪੁਨਰ ਵਿਆਹ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਬਾਲ-ਵਿਆਹ ਦੀ ਨਿਖੇਧੀ ਕੀਤੀ ਗਈ।[146] 1818 ਵਿੱਚ ਬੰਗਾਲ ਦੇ ਤੱਤਕਾਲੀਨ ਪ੍ਰਾਂਤਿਕ ਗਵਰਨਰ ਵਿਲੀਅਮ ਬੈਂਟਿਕ ਨੇ ਪ੍ਰਾਂਤ ਵਿੱਚ ਸਤੀ ਪ੍ਰਥਾ ਉੱਤੇ ਰੋਕ ਲਗਾ ਦਿੱਤੀ। 1829 ਵਿੱਚ ਜਦੋਂ ਉਹ ਭਾਰਤ ਦਾ ਗਵਰਨਰ ਜਨਰਲ ਬਣਿਆ ਤਾਂ ਉਹਨਾਂ ਨੇ ਸਤੀ ਖ਼ਾਤਮਾ ਐਕਟ ਪਾਸ ਕੀਤਾ। 1810 ਵਿੱਚ ਅੰਗਰੇਜ਼ ਅਤੇ ਇਸਾਈ ਮਿਸ਼ਨਰੀਆਂ ਦੁਆਰਾ ਲੜਕੀਆਂ

ਲਈ ਸਕੂਲ ਖੋਲ੍ਹੇ ਗਏ। 1827 ਤੱਕ ਮਿਸ਼ਨਰੀਆਂ ਦੁਆਰਾ ਹੁਗਲੀ ਜ਼ਿਲ੍ਹੇ ਵਿੱਚ 12 ਕੰਨਿਆਂ ਪਾਠਸ਼ਾਲਾਵਾਂ ਚਲਾਈਆਂ ਜਾਣ ਲੱਗੀਆਂ। ਸੁਤੰਤਰ ਭਾਰਤ ਵਿੱਚ 1955 ਵਿੱਚ ਹਿੰਦੂ ਵਿਆਹ ਕਾਨੂੰਨ ਪਾਸ ਕੀਤਾ ਗਿਆ ਜਿਸ ਵਿੱਚ ਇਸਤਰੀਆਂ ਨੂੰ ਪੁਰਸ਼ਾਂ ਦੇ ਸਮਾਨ ਅਧਿਕਾਰ ਦਿੱਤੇ ਗਏ। ਉੱਨੀਵੀਂ ਸਦੀ ਦੇ ਅੱਧ ਤਕ ਬੰਗਾਲ, ਖਾਸ ਤੌਰ 'ਤੇ ਕਲਕੱਤਾ ਵਿੱਚ ਇਸਤਰੀਆਂ ਦੀ ਸਿੱਖਿਆ ਦਾ ਮੁੱਦਾ ਉਦਾਰ ਹਿੰਦੂਆਂ, ਬ੍ਰਾਹਮਣਾਂ ਅਤੇ ਪ੍ਰਗਤੀਸ਼ੀਲ ਵਿਦਿਆਰਥੀਆਂ ਦੇ ਲਈ ਅੰਦੋਲਨ ਦਾ ਵਿਸ਼ਾ ਬਣ ਗਿਆ। ਮਿਸ਼ਨਰੀ ਸਕੂਲਾਂ ਦੁਆਰਾ ਇਸਾਈਅਤ ਫੈਲਾਉਣ ਦੇ ਖਤਰੇ ਤੋਂ ਡਰ ਕੇ ਬੰਗਾਲ ਵਿੱਚ ਹਿੰਦੂ ਅਤੇ ਬ੍ਰਾਹਮਣ ਕੰਨਿਆਂ ਪਾਠਸ਼ਾਲਾਵਾਂ ਖੋਲੀਆਂ ਗਈਆਂ।[147] ਉੱਨੀਵੀਂ ਸਦੀ ਦੀ ਸ਼ੁਰੂਆਤ ਵਿੱਚ ਜਿੱਥੇ ਮਿਸ਼ਨਰੀ ਸਕੂਲਾਂ ਵਿੱਚ ਜ਼ਿਆਦਾਤਰ ਲੜਕੀਆਂ ਦਲਿਤ ਪਰਿਵਾਰਾਂ ਦੀਆਂ ਸਨ ਉੱਥੇ ਇਹਨਾਂ ਨਵੇਂ ਖੁੱਲ੍ਹੇ ਸਕੂਲਾਂ ਵਿੱਚ ਉੱਚ ਜਾਤੀਆਂ ਦੀਆਂ ਲੜਕੀਆਂ ਪੜ੍ਹਨ ਗਈਆਂ। ਉੱਨੀਵੀਂ ਸਦੀ ਦੇ ਅੱਧ ਵਿੱਚ ਬੰਬਈ ਵਿੱਚ ਸੁਧਾਰ ਅੰਦੋਲਨ ਉੱਭਰੇ ਜਿਹਨਾਂ ਨੇ ਬ੍ਰਾਹਮਣਵਾਦ ਦੀਆਂ ਰੂੜੀਵਾਦੀ ਪ੍ਰੰਪਰਾਵਾਂ ਅਤੇ ਜਾਤੀਪ੍ਰਥਾ ਦੀ ਵਿਰੋਧਤਾ ਕੀਤੀ। 1848 ਵਿੱਚ ਜੋਤਿਬਾ ਫੂਲੇ ਨੇ ਪੂਨੇ ਵਿੱਚ ਲੜਕੀਆਂ ਲਈ ਪਹਿਲਾ ਸਕੂਲ ਖੋਲਿਆ। 1850 ਵਿੱਚ ਈਸ਼ਵਰ ਚੰਦਰ ਵਿੱਦਿਆਸਾਗਰ ਨੇ ਵਿਧਵਾ ਪੁਨਰ ਵਿਆਹ ਉੱਤੇ ਲੱਗੇ ਪ੍ਰਤੀਬੰਧ ਨੂੰ ਸਮਾਪਤ ਕਰਨ ਦੇ ਲਈ ਅੰਦੋਲਨ ਚਲਾਇਆ ਅਤੇ ਬੰਗਾਲੀ ਵਿੱਚ ਇਕ ਪੁਸਤਕ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਵਿਧਵਾ ਪੁਨਰ ਵਿਆਹ ਨੂੰ ਸ਼ਾਸਤਰ ਅਨੁਸਾਰ ਜਾਇਜ਼ ਠਹਿਰਾਇਆ ਗਿਆ।[148] ਉਸ ਨੇ 1855 ਵਿੱਚ ਭਾਰਤ ਦੇ ਗਵਰਨਰ-ਜਨਰਲ ਨੂੰ ਵਿਧਵਾ ਪੁਨਰ ਵਿਆਹ ਦੇ ਲਈ ਕਾਨੂੰਨ ਬਣਾਉਣ ਦੇ ਲਈ ਇਕ ਪਟੀਸ਼ਨ ਦਿੱਤੀ। 1856 ਵਿੱਚ ਇਹ ਕਾਨੂੰਨ ਲਾਗੂ ਕਰ ਦਿੱਤਾ ਗਿਆ ਪ੍ਰੰਤੂ ਇਸਦੇ ਪਰਿਣਾਮਸਰੂਪ ਬਹੁਤ ਹੀ ਘੱਟ ਪੁਨਰ ਵਿਆਹ ਹੋਏ। ਸੁਆਮੀ ਦਇਆਨੰਦ ਸਰਸਵਤੀ ਨੇ ਨਾਰੀ ਦੀ ਦਸ਼ਾ ਸੁਧਾਰਨ ਲਈ ਨਾਰੀ ਸਿੱਖਿਆ ਦੇ ਮਹੱਤਵ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨੇ 10 ਅਪ੍ਰੈਲ 1875 ਨੂੰ 'ਆਰੀਆ ਸਮਾਜ' ਦੀ ਸਥਾਪਨਾ ਕੀਤੀ। ਆਰੀਆ ਸਮਾਜ ਨੇ ਇਸਤਰੀਆਂ ਨੂੰ ਸਮਾਨ ਅਧਿਕਾਰ ਦਿਵਾਉਣ ਲਈ ਅੰਦੋਲਨ ਆਰੰਭ ਕੀਤਾ। ਦਇਆਨੰਦ ਸਰਸਵਤੀ ਅਨੁਸਾਰ ਆਰੀਆ ਭਾਰਤ ਵਿੱਚ ਬਹੁਪਤਨੀ, ਬਾਲ-ਵਿਆਹ ਅਤੇ ਇਸਤਰੀ ਬਹਿਸ਼ਕਾਰ ਜਿਹੀ ਕੋਈ ਪ੍ਰਥਾ ਵਿਦਮਾਨ ਨਹੀਂ ਸੀ।[149] ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' ਵਿੱਚ ਉਨ੍ਹਾਂ ਨੇ ਕਿਹਾ ਕਿ ਵੈਦਿਕ ਭਾਰਤ ਵਿੱਚ ਸਿੱਖਿਅਤ ਇਸਤਰੀ ਅਤੇ ਪੁਰਸ਼ ਇਕ ਸਮਾਨ ਹਨ। ਸਵਾਮੀ ਵਿਵੇਕਾਨੰਦ ਨੇ ਮਈ 1897 ਵਿੱਚ 'ਰਾਮਕ੍ਰਿਸ਼ਨ ਮਿਸ਼ਨ' ਦੀ ਸਥਾਪਨਾ ਕੀਤੀ। ਵਿਵੇਕਾਨੰਦ ਇਸਤਰੀ-ਪੁਰਸ਼ ਵਿੱਚ ਲਿੰਗਭੇਦ ਨੂੰ ਅਸਵੀਕਾਰ ਕਰਦੇ ਹਨ। ਉਹ ਉਹਨਾਂ ਸ਼ਾਸਤਰਾਂ ਦੀ ਆਲੋਚਨਾ ਕਰਦੇ ਹਨ ਜੋ ਇਸਤਰੀਆਂ ਨੂੰ ਗਿਆਨ-ਭਗਤੀ ਦੀ ਅਧਿਕਾਰੀ ਨਹੀਂ ਮੰਨਦੇ। ਵਿਵੇਕਾਨੰਦ ਦਾ ਸਪੱਸ਼ਟ ਮੱਤ ਸੀ ਕਿ ਭਾਰਤੀ ਨਾਰੀ ਨੂੰ ਯੋਗ, ਸਮਰੱਥ ਅਤੇ ਕੰਮਕਾਜੀ ਬਣਾਉਣਾ ਲਾਜ਼ਮੀ ਹੈ। ਪੱਛਮੀ ਦੇਸ਼

ਜੇਕਰ ਆਰਥਿਕ ਵਿਕਾਸ ਵਿੱਚ ਸਾਡੇ ਦੇਸ਼ ਤੋਂ ਅੱਗੇ ਹਨ ਤਾਂ ਨਿਸ਼ਚਿਤ ਹੀ ਇਸਦਾ ਕਾਰਣ ਉਥੋਂ ਦੀਆਂ ਕੰਮਕਾਜੀ ਔਰਤਾਂ ਵੀ ਹਨ।[150] ਮਹਾਂਦੇਵ ਗੋਵਿੰਦ ਰਾਨਾਡੇ ਉਹਨਾਂ ਸਮਾਜ ਸੁਧਾਰਕਾਂ ਵਿੱਚੋਂ ਇੱਕ ਹਨ ਜਿਹਨਾਂ ਨੇ ਨਾਰੀ ਸਿੱਖਿਆ ਅਤੇ ਵਿਧਵਾ ਪੁਨਰ ਵਿਆਹ ਲਈ ਮਹੱਤਵਪੂਰਨ ਯੋਗਦਾਨ ਦਿੱਤਾ। 1867 ਵਿੱਚ ਕੇਸ਼ਵਚੰਦਰ ਸੇਨ ਨੇ 'ਪ੍ਰਾਰਥਨਾ ਸਮਾਜ' ਦੀ ਸਥਾਪਨਾ ਕੀਤੀ ਅਤੇ ਰਾਨਾਡੇ ਇਸਦੇ ਮੈਂਬਰ ਬਣੇ। ਰਾਨਾਡੇ ਦੀ ਅਗਵਾਈ ਵਿੱਚ ਪ੍ਰਾਰਥਨਾ ਸਮਾਜ ਨੂੰ ਵੱਧ ਸਫ਼ਲਤਾ ਮਿਲੀ। ਪ੍ਰਾਰਥਨਾ ਸਮਾਜ ਦੇ ਨਾਰੀ ਸੰਬੰਧੀ ਮੁੱਖ ਉਦੇਸ਼ ਸਨ - ਬਾਲ ਵਿਆਹ ਉੱਤੇ ਪ੍ਰਤੀਬੰਧ ਲਾਉਣਾ, ਇਸਤਰੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ, ਵਿਧਵਾ ਪੁਨਰ ਵਿਆਹ ਦਾ ਸਮੱਰਥਨ ਕਰਨਾ, ਨਾਰੀ ਦੇ ਸਮਾਜਿਕ ਅਧਿਕਾਰਾਂ ਲਈ ਸੰਘਰਸ਼ ਕਰਨਾ। ਅੰਤਰਜਾਤੀ ਵਿਆਹ ਨੂੰ ਪ੍ਰੋਤਸਾਹਿਤ ਕਰਨਾ, ਵਿਆਹ ਸੰਬੰਧੀ ਸਮੱਸਿਆਵਾਂ ਦਾ ਨਿਪਟਾਰਾ ਕਰਨਾ, ਅੰਧਵਿਸ਼ਵਾਸੀ ਅਤੇ ਰੂੜ੍ਹੀਵਾਦੀ ਪ੍ਰੰਪਰਾਵਾਂ ਨੂੰ ਸਮਾਪਤ ਕਰਨ ਦਾ ਯਤਨ ਕਰਨਾ।[151] ਸਮਾਜ ਸੁਧਾਰਕ ਜੋਤਿਬਾ ਫੂਲੇ ਨੇ ਨਾਰੀ ਸੁਧਾਰ ਦੇ ਅਨੇਕਾਂ ਕੰਮ ਕੀਤੇ ਹਨ। ਉਹਨਾਂ ਵਿਸ਼ੇਸ਼ ਤੌਰ 'ਤੇ ਅਨੁਸੂਚਿਤ ਜਾਤੀ, ਦਲਿਤ ਜਾਤੀ ਦੀਆਂ ਔਰਤਾਂ ਨੂੰ ਸਿੱਖਿਅਤ ਕਰਨ ਦਾ ਸੰਕਲਪ ਕੀਤਾ ਸੀ। ਕਈ ਸਾਲ ਉਹ ਉੱਚ ਜਾਤੀਆਂ ਦਾ ਵਿਰੋਧ ਝੱਲਦੇ ਰਹੇ ਪਰ ਆਪਣੇ ਯਤਨਾਂ ਨੂੰ ਜਾਰੀ ਰੱਖਿਆ। ਜੋਤਿਬਾ ਫੂਲੇ ਨੇ 3 ਜੁਲਾਈ 1851 ਨੂੰ ਸ਼ੂਦਰ ਅਤੇ ਅਛੂਤ ਲੜਕੀਆਂ ਲਈ ਇਕ ਵਿਦਿਆਲੇ ਦੀ ਸਥਾਪਨਾ ਕੀਤੀ। ਜੋਤਿਬਾ ਦਾ ਵਿਆਹ 14 ਸਾਲ ਦੀ ਉਮਰ ਵਿੱਚ ਸਾਵਿਤ੍ਰੀ ਬਾਈ ਨਾਲ ਹੋਇਆ। ਉਹਨਾਂ ਨੇ ਆਪਣੀ ਪਤਨੀ ਨੂੰ ਘਰ ਵਿੱਚ ਹੀ ਪੜਾਇਆ। ਸਾਵਿਤ੍ਰੀ ਬਾਈ ਪਹਿਲੀ ਔਰਤ ਸਿੱਖਿਅਕ ਹੈ ਜਿਸਨੇ ਇਸਤਰੀ ਸਿੱਖਿਆ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕੀਤਾ।[152] ਪੰਡਿਤਾ ਰਮਾਬਾਈ ਨੇ ਜਦੋਂ ਪੂਨੇ ਵਿੱਚ ਆਰੀਆ ਮਹਿਲਾ ਸਭਾ ਦੀ ਸਥਾਪਨਾ ਕੀਤੀ ਤਾਂ ਪੂਨੇ ਦੇ ਅਨੇਕ ਸਮਾਜ ਸੁਧਾਰਕਾਂ ਨੇ ਉਸਦੀ ਸਹਾਇਤਾ ਕੀਤੀ। 1882 ਵਿੱਚ ਭਾਰਤ ਸਰਕਾਰ ਨੇ ਭਾਰਤੀ ਸਿੱਖਿਆ ਦੀ ਸਥਿਤੀ ਦਾ ਅਧਿਐਨ ਕਰਨ ਦੇ ਲਈ ਇਕ ਆਯੋਗ ਗਠਨ ਕੀਤਾ ਤਾਂ ਰਮਾਬਾਈ ਉਸਦੇ ਸਨਮੁੱਖ ਪੇਸ਼ ਹੋਈ। 10 ਅਪ੍ਰੈਲ 1889 ਨੂੰ ਬੰਬਈ ਵਿੱਚ ਉਸਨੇ ਇਕ ਗ੍ਰਹਿ-ਸਹਿ ਵਿਦਿਆਲਿਆ ਸ਼ੁਰੂ ਕੀਤਾ ਅਤੇ ਉਸਦਾ ਨਾਮ ਸ਼ਾਰਦਾ ਸਦਨ ਰੱਖਿਆ। ਮਹਾਰਾਸ਼ਟਰ ਵਿੱਚ ਇਹ ਪਹਿਲਾ ਵਿਧਵਾ ਗ੍ਰਹਿ ਸੀ। ਸੰਨ 1880 ਦੇ ਅੱਧ ਵਿੱਚ ਆਰੀਆ ਸਮਾਜ ਨੇ ਇਸਤਰੀ ਸਿੱਖਿਆ ਅੰਦੋਲਨ ਵਿੱਚ ਅਹਿਮ ਭੂਮਿਕਾ ਨਿਭਾਈ। 1880 ਦੇ ਉੱਤਰਅੱਧ ਵਿੱਚ ਕੁਲੀਨ ਵਰਗੀ ਆਰੀਆ ਸਮਾਜੀਆਂ ਨੇ ਕੰਨਿਆ ਪਾਠਸ਼ਾਲਾਵਾਂ ਖੋਲਣੀਆਂ ਸ਼ੁਰੂ ਕੀਤੀਆਂ। ਸਨ 1890 ਵਿੱਚ ਜਲੰਧਰ ਦੇ ਆਰੀਆ ਸਮਾਜ ਨੇ ਕਈ ਕੰਨਿਆ ਪਾਠਸ਼ਾਲਾਵਾਂ ਖੋਲੀਆਂ ਅਤੇ ਇਕ ਸਾਲ ਬਾਅਦ ਹੀ ਸਮਾਜ ਨੇ ਪਾਠਸ਼ਾਲਾ ਵਿੱਚ ਅਵਿਵਾਹਿਤ ਲੜਕੀਆਂ ਦੇ ਨਾਲ ਹੀ ਵਿਧਵਾਵਾਂ ਨੂੰ ਵੀ ਪ੍ਰਵੇਸ਼ ਦੇਣ ਦਾ ਫੈਸਲਾ ਕੀਤਾ। ਇਸਦੇ ਇਕ ਸਾਲ ਬਾਅਦ ਜਲੰਧਰ ਵਿੱਚ ਲੜਕੀਆਂ ਦੀ ਉੱਚ ਸਿੱਖਿਆ ਦੇ ਲਈ ਕੰਨਿਆਂ

ਮਹਾਂਵਿਦਿਆਲਿਆ ਖੋਲਣ ਦੀ ਘੋਸ਼ਣਾ ਕੀਤੀ। ਲੁਧਿਆਣਾ ਦੇ ਨਵਗਠਿਤ ਆਰੀਆ ਸਮਾਜ ਨੇ ਵੀ, ਜੋ ਕਿ ਲੁਧਿਆਣਾ ਵਿੱਚ ਕੰਨਿਆ ਵੈਦਿਕ ਸਕੂਲ ਅਤੇ ਵਿਧਵਾਵਾਂ ਦੇ ਲਈ ਆਸ਼ਰਮ ਵੀ ਚਲਾਉਂਦਾ ਹੈ, ਨੇ ਇਸ ਪ੍ਰਸਤਾਵ ਦਾ ਸਮੱਰਥਨ ਕੀਤਾ। ਉੱਚ ਸਿੱਖਿਆ ਦੇ ਵਿਰੋਧੀਆਂ ਵਿੱਚ ਲਾਜਪਤਰਾਏ ਅਤੇ ਲਾਲਚੰਦ ਪ੍ਰਮੁੱਖ ਸੀ। ਦੋਨਾਂ ਨੇ ਹੀ ਇਸਤਰੀਆਂ ਦੀ ਪ੍ਰਾਥਮਿਕ ਸਿੱਖਿਆ ਨੂੰ ਸਵੀਕਾਰ ਕੀਤਾ ਪ੍ਰੰਤੂ ਉੱਚ ਸਿੱਖਿਆ ਦਾ ਵਿਰੋਧ ਕੀਤਾ।[153] 1885 ਵਿੱਚ ਕਾਂਗਰਸ ਦੀ ਸਥਾਪਨਾ ਹੋਣ ਨਾਲ ਨਾਰੀ ਨੂੰ ਸਮਾਜਿਕ ਅਤੇ ਰਾਜਨੀਤਕ ਖੇਤਰ ਵਿੱਚ ਮਰਦ ਦੇ ਬਰਾਬਰ ਲਿਆਉਣ ਦੇ ਯਤਨਾਂ ਵਿੱਚ ਤੇਜ਼ੀ ਆਈ। ਮਹਾਤਮਾ ਗਾਂਧੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਜ਼ਾਦੀ ਦੀ ਲੜਾਈ ਵਿੱਚ ਵੱਡੀ ਗਿਣਤੀ ਵਿੱਚ ਨਾਰੀ ਵਰਗ ਸ਼ਾਮਿਲ ਹੋਵੇ। 'ਭਾਰਤੀ' ਪੱਤ੍ਰਿਕਾ ਦੀ ਸਥਾਪਨਾ ਕਰਨ ਵਾਲੀ ਸਵਰਨ ਕੁਮਾਰੀ ਦੇਵੀ ਉਹਨਾਂ ਔਰਤਾਂ ਵਿੱਚੋਂ ਇੱਕ ਸੀ ਜਿਹੜੀ ਸਵਦੇਸ਼ੀ ਲਹਿਰ ਵਿੱਚ ਸ਼ਾਮਿਲ ਹੋਈਆਂ। ਉਸ ਨੇ 1886 ਵਿੱਚ 'ਸਾਖੀ ਸਮਿਤੀ' ਨਾਮਕ ਇਕ ਮਹਿਲਾ ਸੰਗਠਨ ਸ਼ੁਰੂ ਕੀਤਾ ਜਿਸਦਾ ਉਦੇਸ਼ ਵਿਧਵਾਵਾਂ ਨੂੰ ਪੜ੍ਹਾਉਣ ਲਈ ਸਿਖਲਾਈ ਦੇਣਾ ਸੀ ਤਾਂਕਿ ਉਹ ਆਤਮ ਨਿਰਭਰ ਹੋ ਕੇ ਸਿੱਖਿਆ ਦੇ ਪ੍ਰਸਾਰ ਲਈ ਸਹਾਇਤਾ ਕਰ ਸਕਣ। ਸਵਰਣ ਕੁਮਾਰੀ ਦੇਵੀ ਉਹਨਾਂ ਪਹਿਲੀਆਂ ਦੋ ਔਰਤਾਂ ਵਿੱਚੋਂ ਇਕ ਸੀ ਜਿਸਨੂੰ 1890 ਦੇ ਕਾਂਗਰਸ ਸੰਮੇਲਨ ਵਿੱਚ ਬੰਗਾਲ ਰਾਜ ਦੀ ਅਗਵਾਈ ਕਰਨ ਦੇ ਲਈ ਪ੍ਰਤੀਨਿਧੀ ਦੇ ਰੂਪ ਵਿੱਚ ਚੁਣਿਆ ਗਿਆ ਸੀ।[154] ਉਸਦੀ ਪੁੱਤਰੀ ਸਰਲਾ ਦੇਵੀ ਨੇ ਵੀ ਨਾਰੀ ਜਾਗ੍ਰਿਤੀ ਲਈ ਮਹੱਤਵਪੂਰਨ ਕੰਮ ਕੀਤੇ। ਸਰਲਾ ਦੇਵੀ 1897 ਤੋਂ ਲੈ ਕੇ 1899 ਤਕ 'ਭਾਰਤੀ' ਦੀ ਸੰਪਾਦਿਕਾ ਰਹੀ ਹੈ। ਇਸ ਪਤ੍ਰਿਕਾ ਦੇ ਮਾਧਿਆਮ ਨਾਲ ਨਾ ਕੇਵਲ ਦੇਸ਼ਭਗਤੀ ਦੀ ਭਾਵਨਾ ਨੂੰ ਪ੍ਰੇਰਿਤ ਕੀਤਾ ਬਲਕਿ ਹਿੰਦੂ-ਮੁਸਲਿਮ ਏਕਤਾ ਨੂੰ ਸਥਾਪਿਤ ਕਰਨ ਦਾ ਹਰ ਸੰਭਵ ਯਤਨ ਕੀਤਾ। ਉਸਨੇ 'ਭਾਰਤ ਇਸਤਰੀ ਮਹਾਂਮੰਡਲ' ਦੀ ਸਥਾਪਨਾ ਕੀਤੀ। ਇਸ ਮੰਡਲ ਦਾ ਉਦੇਸ਼ ਵਿਭਿੰਨ ਜਾਤੀਆਂ ਦੀਆਂ ਇਸਤਰੀਆਂ ਨੂੰ ਇਕਜੁੱਟ ਕਰਨਾ ਅਤੇ ਭੇਦਭਾਵ ਨੂੰ ਸਮਾਪਤ ਕਰਨਾ ਸੀ।[155] ਸੰਨ 1905-08 ਦੇ ਦੌਰਾਨ ਬੰਗਾਲ ਵਿੱਚ ਚੱਲੇ ਸਵਦੇਸ਼ੀ ਅੰਦੋਲਨ ਵਿੱਚ ਵੱਡੇ ਪੱਧਰ ਉੱਤੇ ਰਾਸ਼ਟਰੀ ਗਤੀਵਿਧੀਆਂ ਵਿੱਚ ਇਸਤਰੀਆਂ ਨੇ ਭੂਮਿਕਾ ਨਿਭਾਈ। ਸੁਸ਼ੀਲਾ ਦੇਵੀ ਨੇ ਸਿਆਲਕੋਟ ਵਿੱਚ ਇਸਤਰੀਆਂ ਨੂੰ ਸਵਦੇਸ਼ੀ ਅੰਦੋਲਨ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ। ਹਿਸਾਰ ਆਰੀਆ ਸਮਾਜ ਦੀ ਮਹਿਲਾ ਮੈਂਬਰ ਪੂਰਨੀ ਦੇਵੀ ਨੇ ਪੰਜਾਬ ਦੇ ਅਨੇਕਾਂ ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਇਸਤਰੀਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਵਿੱਚ ਜਾਣ ਦੀ ਬਜਾਇ ਉਹਨਾਂ ਨੂੰ ਆਪਣਾ ਨਿੱਜੀ ਕਿੱਤਾ ਸ਼ੁਰੂ ਕਰਨ ਦੀ ਪ੍ਰੇਰਣਾ ਦਿੱਤੀ। ਸੰਨ 1893 ਵਿੱਚ ਸ੍ਰੀਮਤੀ ਐਨੀ ਬੈਸੰਟ ਜੋ ਕਿ ਬ੍ਰਿਟਿਸ਼ ਬਸਤੀਵਾਦ ਦੀ ਆਲੋਚਕ ਸੀ, ਨੇ ਵੀ ਭਾਰਤੀ ਨਾਰੀ ਦੇ ਅਧਿਕਾਰਾਂ ਲਈ ਵਿਸ਼ੇਸ਼ ਯਤਨ ਕੀਤਾ। ਸੰਨ 1914 ਵਿੱਚ ਉਹ ਕਾਂਗਰਸ ਵਿੱਚ ਸ਼ਾਮਿਲ ਹੋ ਗਈ ਅਤੇ ਸੰਨ 1916 ਵਿੱਚ ਉਹ ਹੋਮਰੂਲ ਲੀਗ ਦੇ ਸੰਸਥਾਪਕਾਂ

ਵਿੱਚ ਪ੍ਰਮੁੱਖ ਸੀ। ਦਸੰਬਰ 1917 ਵਿੱਚ ਉਹ ਮਾਰਗ੍ਰੇਟ ਕੂਜਿੰਸ, ਸਰੋਜਿਨੀ ਨਾਇਡੂ ਅਤੇ ਅੱਠ ਹੋਰ ਭਾਰਤੀ ਇਸਤਰੀਆਂ ਦੇ ਨਾਲ ਸ੍ਰੀ ਮੌਨਟੇਗ ਨੂੰ ਮਿਲਣ ਗਈ ਅਤੇ ਉਸਨੂੰ ਇਸਤਰੀਆਂ ਨੂੰ ਵੋਟ ਦੇਣ ਦਾ ਅਧਿਕਾਰ ਦੇਣ ਦੀ ਮੰਗ ਕੀਤੀ। ਇਸ ਦੌਰ ਦੀਆਂ ਕੁਝ ਸੁਧਾਰਵਾਦੀ ਅਤੇ ਕ੍ਰਾਂਤੀਕਾਰੀ ਲੇਖਿਕਾਵਾਂ ਵਿੱਚ ਨਾਗੇਂਦਰ ਕਲਾ ਮੁਸਤਫਾ, ਮਨੂ ਕੁਮਾਰੀ ਬਾਸੂ ਅਤੇ ਕੁਮੁਦਿਨੀ ਰਾਇ ਸ਼ਾਮਿਲ ਸਨ ਜਿਹਨਾਂ ਨੇ ਇਸਤਰੀ ਦੀ ਨੈਤਿਕਤਾ ਅਤੇ ਕਰਤੱਵ, ਇਸਤਰੀ ਸਿੱਖਿਆ ਆਦਿ ਵਿਸ਼ਿਆਂ ਉੱਤੇ ਬੰਗਲਾਂ ਵਿੱਚ ਕਵਿਤਾਵਾਂ, ਕਹਾਣੀਆਂ, ਨਾਟਕ ਅਤੇ ਨਿਬੰਧ ਲਿਖੇ।[156] ਉੱਤਰ ਵਿੱਚ ਰਾਮੇਸ਼ਵਰੀ ਨਹਿਰੂ ਨੇ ਸੰਨ 1909 ਵਿੱਚ 'ਇਸਤਰੀ ਦਰਪਣ' ਨਾਮਕ ਮਾਸਿਕ ਪਤ੍ਰਿਕਾ ਦਾ ਸੰਪਾਦਨ ਕੀਤਾ। ਇਸਤਰੀ ਸਿੱਖਿਆ ਦੀ ਸਮੱਰਥਕ ਮੈਡਮ ਕਾਮਾ ਦਾ ਵਿਚਾਰ ਸੀ ਕਿ ਔਰਤਾਂ ਦੇ ਸਮੱਰਥਨ ਦੇ ਬਿਨਾਂ ਭਾਰਤੀ ਸੁਤੰਤਰਤਾ ਅੰਦੋਲਨ ਸਫਲ ਨਹੀਂ ਹੋਵੇਗਾ, ਅੰਤ ਰਾਸ਼ਟਰਵਾਦੀਆਂ ਨੇ ਸਾਰੇ ਭਾਰਤ ਵਿੱਚ ਮੈਡਮ ਕਾਮਾ ਦੇ ਇਸ ਉਦੇਸ਼ ਨਾਲ ਸੰਬੰਧਿਤ ਬਿਆਨ ਜਾਰੀ ਕੀਤਾ। ਸੰਨ 1910-1920 ਦਾ ਅਜਿਹਾ ਦਹਾਕਾ ਸੀ ਜਿਸ ਵਿੱਚ ਅਖਿਲ ਭਾਰਤੀ ਮਹਿਲਾ ਸੰਗਠਨਾਂ ਦੇ ਗਠਨ ਦੇ ਯਤਨ ਕੀਤੇ ਗਏ। ਉੱਨੀਵੀਂ ਸਦੀ ਦੇ ਆਖ਼ਰੀ ਅਤੇ ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਬੰਗਾਲ ਵਿੱਚ 'ਬੰਗ ਮਹਿਲਾ ਸਮਾਜ' ਅਤੇ 'ਅਘੋਰੀਕਾਮਿਨੀ ਨਾਰੀ ਸਮਿਤੀ', ਮਹਾਰਾਸ਼ਟਰ ਵਿੱਚ 'ਸਤਾਰਾ ਅਬਲੋਂਨਤੀ ਸਭਾ', ਬੰਗਲੌਰ ਵਿੱਚ 'ਮਹਿਲਾ ਸਮਾਜ ਸੇਵਾ', ਬਨਾਰਸ ਵਿੱਚ 'ਭਾਰਤ ਮਹਿਲਾ ਪਰਿਸ਼ਦ' ਅਤੇ ਇਲਾਹਾਬਾਦ ਵਿੱਚ 'ਪ੍ਰਯਾਗ ਮਹਿਲਾ ਸਮਿਤੀ' ਜਿਹੇ ਸਥਾਨਕ ਅਤੇ ਖੇਤਰੀ ਸੰਗਠਨਾਂ ਨੇ ਅਖਿਲ ਭਾਰਤੀ ਸੰਗਠਨਾਂ ਦਾ ਸਮਰਥਨ ਕੀਤਾ।[157] 1908 ਵਿੱਚ ਵੱਡੇ ਪੈਮਾਨੇ 'ਤੇ ਇਸਤਰੀਆਂ ਨੂੰ ਇਕੱਠੇ ਕਰਨ ਦਾ ਯਤਨ ਕੀਤਾ ਗਿਆ। ਸੰਨ 1917 ਵਿੱਚ ਐਨੀ ਬੇਸੰਟ, ਡੋਰਥੀ ਜਿਨ ਰਾਜ ਦਾਸ, ਮਾਲਤੀ ਪਟਵਰਧਨ, ਅਮੂ ਸਵਾਮੀਨਾਥਨ, ਸ਼੍ਰੀਮਤੀ ਦਾਦਾਭਾਈ ਅਤੇ ਸ਼੍ਰੀਮਤੀ ਅੰਬੂਜਾਮਲ ਨੇ ਮਿਲ ਕੇ 'ਵੀਮੈਨਜ਼ ਇੰਡੀਅਨ ਐਸੋਸੀਏਸ਼ਨ' ਦੀ ਸਥਾਪਨਾ ਕੀਤੀ।[158] ਇਸ ਐਸੋਸੀਏਸ਼ਨ ਦੇ ਬਾਰੇ ਟਿੱਪਣੀ ਕਰਦੇ ਹੋਏ ਰਾਜਕੁਮਾਰੀ ਅੰਮ੍ਰਿਤ ਕੌਰ ਨੇ ਇਸ ਨੂੰ 'ਭਾਰਤ ਵਿੱਚ ਉੱਭਰਨ ਵਾਲੇ ਪਹਿਲੇ ਸ਼ੁੱਧ ਨਾਰੀਵਾਦੀ ਸੰਗਠਨ' ਦਾ ਨਾਮ ਦਿੱਤਾ। ਸੰਨ 1917 ਵਿੱਚ ਸਰੋਜਿਨੀ ਨਾਇਡੂ ਨੇ ਇਸਤਰੀ ਦੀ ਦਸ਼ਾ ਸੁਧਾਰਨ ਦੇ ਲਈ ਮਾਂਟੇਗਿਊ ਵਿੱਚ ਹੋਣ ਵਾਲੇ ਪ੍ਰਤੀਨਿਧੀਮੰਡਲ ਦੀ ਅਗਵਾਈ ਕੀਤੀ। ਸੰਨ 1918 ਵਿੱਚ ਉਹ ਕਾਂਗਰਸ ਦੇ ਬੰਬਈ ਵਿੱਚ ਸੰਪੰਨ ਹੋਏ ਵਿਸ਼ੇਸ਼ ਸੰਮੇਲਨ ਵਿੱਚ ਇਸਤਰੀਆਂ ਨੂੰ ਵੋਟ ਦੇਣ ਦੇ ਅਧਿਕਾਰ ਸੰਬੰਧੀ ਪ੍ਰਸਤਾਵ ਪਾਸ ਕਰਾਉਣ ਵਿੱਚ ਕਿਰਿਆਸ਼ੀਲ ਰਹੀ। ਸੰਨ 1925 ਵਿੱਚ ਉਹ ਭਾਰਤੀ ਰਾਸ਼ਟਰੀ ਕਾਂਗਰਸ ਦੀ ਪਹਿਲੀ ਭਾਰਤੀ ਪ੍ਰਧਾਨ ਚੁਣੀ ਗਈ।[159] ਸੰਨ 1925 ਦੇ ਅੰਤ ਜਾਂ ਸੰਨ 1926 ਦੇ ਆਰੰਭ ਵਿੱਚ 'ਵੀਮੈਨਜ਼ ਇੰਡੀਆ ਐਸੋਸੀਏਸ਼ਨ' ਦੀ ਸੰਸਥਾਪਕ ਸਚਿਵ ਅਤੇ 'ਇਸਤਰੀ ਧਰਮ' ਨਾਮਕ ਪੱਤ੍ਰਿਕਾ ਦੀ ਸੰਪਾਦਕ ਸੁਸ਼੍ਰੀ ਮਾਰਗ੍ਰੇਟ ਕੁੰਜਿਸ ਨੇ ਇਕ ਪੱਤਰ ਲਿਖਿਆ ਜਿਸਨੂੰ

ਅਨੇਕ ਨਾਰੀ ਸੰਗਠਨਾਂ ਸਹਿਤ ਪ੍ਰਮੁੱਖ ਵਿਅਕਤੀਆਂ ਨੂੰ ਭੇਜਿਆ ਗਿਆ। ਉਸਨੇ ਪੱਤਰ ਵਿੱਚ ਸਾਰੇ ਦੇਸ਼ ਦੀਆਂ ਨਾਰੀਆਂ ਨੂੰ ਨਾਰੀ ਸਿੱਖਿਆ ਦੇ ਵਿਸ਼ੇ ਉੱਤੇ ਚਰਚਾ ਕਰਨ ਲਈ ਬੁਲਾਇਆ। ਇਹ ਸੰਮੇਲਨ ਸਫਲ ਰਿਹਾ। ਇਸ ਵਿੱਚ 2000 ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਚੌਥੇ ਸੰਮੇਲਨ ਵਿੱਚ ਇਸਤਰੀਆਂ ਦੇ ਵਿਰਾਸਤ ਕਾਨੂੰਨ ਵਿੱਚ ਸੁਧਾਰ ਦੇ ਲਈ ਮੁਹਿੰਮ ਚਲਾਉਣ ਦੀ ਚਰਚਾ ਹੋਈ ਜਿਸਦੇ ਪਰਿਣਾਮਸਰੂਪ ਵਿਰਾਸਤ ਅਧਿਕਾਰਾਂ ਵਿੱਚ ਸੰਵਧਾਨਿਕ ਪਰਿਵਰਤਨ ਦੀ ਹਮਾਇਤ ਕਰਨ ਦੇ ਲਈ ਸਾਰੇ ਦੇਸ਼ ਵਿੱਚ ਬੈਠਕਾਂ ਆਯੋਜਿਤ ਕੀਤੀਆਂ ਗਈਆਂ। ਚੌਥੇ ਸੰਮੇਲਨ ਵਿੱਚ ਹੀ ਇਕ ਮਾਰਚ ਨੂੰ ਮਹਿਲਾ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਲਿਆ ਗਿਆ ਅਤੇ ਸੰਨ 1931 ਵਿੱਚ ਲਾਹੌਰ ਵਿੱਚ ਪਹਿਲੀ ਵਾਰ ਮਹਿਲਾ ਦਿਵਸ ਮਨਾਇਆ ਗਿਆ।[160] ਸੰਨ 1928 ਵਿੱਚ ਸੰਮੇਲਨ ਨੇ ਦਿੱਲੀ ਵਿੱਚ ਲੇਡੀ ਇਰਵਿਨ ਗ੍ਰਹਿ ਵਿਗਿਆਨ ਕਾਲਜ ਖੋਲ੍ਹਣ ਲਈ ਫੰਡ ਇਕੱਠਾ ਕੀਤਾ ਗਿਆ ਅਤੇ ਸੰਨ 1932 ਵਿੱਚ ਕਾਲਜ ਦੀ ਸਥਾਪਨਾ ਕੀਤੀ ਗਈ। ਸੰਨ 1933-34 ਵਿੱਚ ਅਖਿਲ ਭਾਰਤੀ ਮਹਿਲਾ ਸੰਮੇਲਨ, ਇੰਡਿਅਨ ਵੀਮੈਨਜ਼ ਐਸੋਸੀਏਸ਼ਨ ਅਤੇ ਨੈਸ਼ਨਲ ਕਾਊਂਸਿਲ ਆਫ਼ ਵੂਮੈਨ ਦੀਆਂ ਤਿੰਨ ਪ੍ਰਮੁੱਖ ਇਸਤਰੀਆਂ ਨੂੰ ਵੋਟ ਦਾ ਅਧਿਕਾਰ ਦਿੱਤੇ ਜਾਣ ਦੇ ਸੰਬੰਧ ਵਿੱਚ ਸੰਯੁਕਤ ਸੰਸਦੀ ਸਮਿਤੀ ਦੇ ਸਨਮੁੱਖ ਗਵਾਹੀ ਦੇਣ ਦੇ ਲਈ ਲੰਦਨ ਬੁਲਾਇਆ ਗਿਆ। 'ਵੀਮੈਨਜ਼ ਇੰਡਿਅਨ ਐਸੋਸੀਏਸ਼ਨ' ਪਹਿਲਾ ਅਜਿਹਾ ਨਾਰੀ ਸੰਗਠਨ ਸੀ ਜਿਸਨੇ ਔਰਤ ਮਜ਼ਦੂਰਾਂ ਦੀਆਂ ਮੰਗਾਂ ਨੂੰ ਉਠਾਇਆ ਅਤੇ ਉਸ ਨਾਲ ਜੁੜੇ ਰਾਸ਼ਟਰਵਾਦੀਆਂ ਨੇ ਪਹਿਲੀ ਵਾਰ ਔਰਤ ਮਜ਼ਦੂਰਾਂ ਨੂੰ ਜਣੇਪਾ ਛੁੱਟੀ ਅਤੇ ਲਾਭ ਦਿੱਤੇ ਜਾਣ ਦੀ ਮੰਗ ਉਠਾਈ। ਸੰਨ 1928 ਵਿੱਚ ਆਰ.ਐਸ.ਅਸਾਵਲੇ ਨੇ ਬੰਬਈ ਵਿੱਚ ਜਣੇਪਾ ਲਾਭ ਸੰਬੰਧੀ ਨਿੱਜੀ ਬਿੱਲ ਪੇਸ਼ ਕੀਤਾ ਅਤੇ ਸੰਨ 1929 ਵਿੱਚ 'ਬੰਬਈ ਜਣੇਪਾ ਲਾਭ ਕਾਨੂੰਨ' ਪਾਸ ਕੀਤਾ ਗਿਆ। ਬੰਬਈ ਕਾਨੂੰਨ ਨੂੰ ਮੰਨਦੇ ਹੋਏ ਮੱਧ ਪ੍ਰਦੇਸ਼ ਵਿੱਚ ਸੰਨ 1930 ਵਿੱਚ, ਅਜਮੇਰ ਮੇਵਾੜ ਵਿੱਚ 1933 ਵਿੱਚ, ਮਦਰਾਸ ਵਿੱਚ ਸੰਨ 1935 ਵਿੱਚ ਅਤੇ ਦਿੱਲੀ, ਬੰਗਾਲ ਅਤੇ ਯੂ.ਪੀ. ਵਿੱਚ ਕ੍ਰਮਵਾਰ ਸੰਨ 1936, 37 ਅਤੇ 38 ਵਿੱਚ ਕਾਨੂੰਨ ਪਾਸ ਕੀਤਾ ਗਿਆ। ਸੁਤੰਤਰਤਾ ਸੰਗਰਾਮ ਵਿੱਚ ਔਰਤਾਂ ਦੀ ਸ਼ਮੂਲੀਅਤ ਇੰਨੀ ਵੱਧ ਗਈ ਕਿ ਭਾਰਤੀ ਵਿਦਿਆਰਥੀ ਮਹਾਂਸੰਘ ਨੂੰ ਇਕ ਅਲੱਗ ਮਹਿਲਾ ਵਿਦਿਆਰਥੀ ਸਮਿਤੀ ਬਣਾਉਣੀ ਪਈ ਜਿਸਨੇ ਲਖਨਊ ਵਿੱਚ ਸੰਨ 1940 ਵਿੱਚ ਹੋਏ ਪਹਿਲੇ ਮਹਿਲਾ ਵਿਦਿਆਰਥੀ ਸੰਮੇਲਨ ਵਿੱਚ ਭਾਗ ਲਿਆ। 1940 ਦੇ ਦਹਾਕੇ ਵਿੱਚ ਨਾਰੀ ਅੰਦੋਲਨ ਪੂਰੀ ਤਰ੍ਹਾਂ ਨਾਲ ਸੁਤੰਤਰਤਾ ਸੰਗਰਾਮ ਵਿੱਚ ਤਬਦੀਲ ਹੋ ਗਿਆ ਅਤੇ ਨਾਰੀ ਮੁਕਤੀ ਦੇ ਮੁੱਦੇ ਨੂੰ ਭਾਰਤ ਦੀ ਆਜ਼ਾਦੀ ਨਾਲ ਜੋੜ ਕੇ ਦੇਖਿਆ ਜਾਣ ਲੱਗਿਆ। ਇਹ ਮੰਨਿਆ ਜਾਣ ਲੱਗਿਆ ਕਿ ਪੁਰਸ਼ ਅਤੇ ਨਾਰੀ ਵਿਚਕਾਰ ਮੌਜੂਦਾ ਅਸਮਾਨਤਾਵਾਂ ਦੂਰ ਹੋ ਜਾਣਗੀਆਂ ਅਤੇ ਸੁਤੰਤਰ ਭਾਰਤ ਵਿੱਚ ਸਭ ਕੁਝ ਠੀਕ ਹੋ ਜਾਵੇਗਾ। ਰਾਸ਼ਟਰਵਾਦੀ ਨਾਰੀਵਾਦੀ ਨਾਰੀ ਨੂੰ ਨਾਰੀ ਮੁਕਤੀ ਦੇ ਪ੍ਰਤੀਕ ਦੇ ਰੂਪ ਵਿੱਚ ਦੇਖਿਆ

ਜਾਣ ਲੱਗਿਆ। ਸੁਤੰਤਰਤਾ ਤੋਂ ਬਾਅਦ ਕਾਂਗਰਸ ਨੇ ਔਰਤਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੇ ਅਨੇਕ ਯਤਨ ਕੀਤੇ ਗਏ। ਇਹਨਾਂ ਕੋਸ਼ਿਸ਼ਾਂ ਤਹਿਤ ਸਭ ਤੋਂ ਪਹਿਲਾਂ ਸੰਵਿਧਾਨ ਵਿੱਚ ਇਸਤਰੀਆਂ ਨੂੰ ਸਮਾਨ ਅਧਿਕਾਰ ਦਿੱਤੇ ਜਾਣ ਦੀ ਘੋਸ਼ਣਾ ਕੀਤੀ ਗਈ। ਇਸਦੇ ਨਾਲ ਹੀ ਔਰਤਾਂ ਨੂੰ ਵਿਕਾਸ ਦੇ ਮੌਕੇ ਉਪਲੱਬਧ ਕਰਾਉਣ ਦੇ ਉਦੇਸ਼ ਦੇ ਉਪਾਅ ਸੁਝਾਉਣ ਵਾਲੀਆਂ ਅਨੇਕਾਂ ਪ੍ਰਸ਼ਾਸਨਿਕ ਇਕਾਈਆਂ ਦਾ ਗਠਨ ਕੀਤਾ ਗਿਆ। ਹਾਲਾਂਕਿ ਇਹ ਕੋਸ਼ਿਸ਼ਾਂ ਸਰਕਾਰੀ ਪੱਖ ਦੀ ਨੇਕਨੀਤੀ ਦਾ ਨਮੂਨਾ ਸਨ ਪਰ ਫਿਰ ਵੀ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਨਾਰੀਵਾਦੀ ਸੰਤੁਸ਼ਟ ਨਾ ਹੋ ਸਕੇ। ਸੱਤਰ ਅਤੇ ਅੱਸੀ ਦੇ ਦਹਾਕਿਆਂ ਵਿੱਚ ਫਿਰ ਨਾਰੀਵਾਦੀ ਅੰਦੋਲਨ ਵੱਡੇ ਪੈਮਾਨੇ ਤੇ ਸ਼ੁਰੂ ਹੋਏ। ਸੱਠ ਦੇ ਦਹਾਕੇ ਦੇ ਪੂਰਵ ਅੱਧ ਵਿੱਚ ਔਰਤਾਂ ਦਾ ਸ਼ਰਾਬ ਵਿਰੋਧੀ ਅੰਦੋਲਨ ਸ਼ੁਰੂ ਹੋਇਆ। 1972-73 ਵਿੱਚ ਇਹ ਅਜਿਹਾ ਅੰਦੋਲਨ ਬਣ ਕੇ ਉੱਭਰਿਆ ਜਿਸ ਵਿੱਚ ਹਜ਼ਾਰਾਂ ਔਰਤਾਂ ਨੇ ਭਾਗ ਲਿਆ। ਇਹ ਅੰਦੋਲਨ ਨਾਰੀ ਵਰਗ ਅੰਦਰ ਆਪਣੀ ਸਥਿਤੀ ਪ੍ਰਤੀ ਚੇਤਨਾ ਨੂੰ ਦਰਸਾਉਂਦਾ ਹੈ। ਘਰੇਲੂ ਸਮਾਜ ਸੁਧਾਰ ਦੇ ਨਾਮ ਤੇ ਸ਼ੁਰੂ ਹੋਏ ਇਸ ਅੰਦੋਲਨ ਵਿੱਚ ਔਰਤਾਂ ਨੇ ਲਿੰਗ ਆਧਾਰਿਤ ਮੁੱਦਿਆਂ ਨੂੰ ਉਠਾਇਆ। ਮੀਰਾ ਸਵਰਾ ਅਤੇ ਸੁਜਾਤਾ ਘੋਟੋਸਕਰ ਦੇ ਅਨੁਸਾਰ ਪਤਨੀ-ਉਤਪੀੜਨ ਦੇ ਪਿੱਛੇ ਪਤੀਆਂ ਦੀ ਨਸ਼ਾਖ਼ੋਰੀ ਮੁੱਖ ਕਾਰਣ ਸੀ ਜਿਸਦੇ ਪਰਿਣਾਮਸਰੂਪ ਸ਼ਰਾਬ ਵਿਰੋਧੀ ਅੰਦੋਲਨ ਸ਼ੁਰੂ ਹੋਇਆ। ਸੰਨ 1972 ਦੇ ਅੰਤ ਵਿੱਚ ਸ਼ੁਰੂ ਹੋਇਆ ਸ਼ਰਾਬ ਵਿਰੋਧੀ ਅੰਦੋਲਨ ਸੰਨ 1973 ਵਿੱਚ ਵੀ ਜਾਰੀ ਰਿਹਾ। ਇਸਤਰੀਆਂ ਜੱਥੇ ਬਣਾ ਕੇ ਇਕ ਪਿੰਡ ਤੋਂ ਦੂਸਰੇ ਪਿੰਡ ਜਾਕੇ ਉਥੇ ਚੱਲ ਰਹੀਆਂ ਸ਼ਰਾਬ ਦੀਆਂ ਭੱਠੀਆਂ ਤੋੜ ਆਉਂਦੀਆਂ। ਜੋ ਮੁੱਦਾ ਹੁਣ ਤੱਕ ਨਿੱਜੀ ਮੰਨਿਆ ਜਾਂਦਾ ਸੀ, ਜਿਸਨੂੰ ਪਤੀ-ਪਤਨੀ ਦਾ ਘਰੇਲੂ ਮਾਮਲਾ ਮੰਨ ਕੇ ਟਾਲ ਦਿੱਤਾ ਜਾਂਦਾ ਸੀ, ਇਸਤਰੀਆਂ ਦੇ ਅੰਦੋਲਨ ਦੇ ਪਰਿਣਾਮ-ਸਰੂਪ ਹੁਣ ਸਰਵਜਨਕ ਬਣ ਗਿਆ।[161] ਸੰਨ 1972 ਵਿੱਚ ਇਲਾ ਭੱਟ ਨੇ 'ਸੈਲਫ਼ ਇੰਮਪੋਲਾਇਡ ਵੂਮੈਨਜ਼ ਐਸੋਸੀਏਸ਼ਨ' (Self Employed Women Association) ਦੀ ਸਥਾਪਨਾ ਕੀਤੀ। ਇਹ ਇਕ ਅਜਿਹਾ ਸੰਗਠਨ ਸੀ ਜੋ ਅਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੀਆਂ ਇਸਤਰੀਆਂ ਲਈ ਬਣਾਇਆ ਗਿਆ ਸੀ।[162] 1974 ਵਿੱਚ ਹੈਦਰਾਬਾਦ ਵਿੱਚ ਸਮਕਾਲੀਨ ਨਾਰੀਵਾਦੀ ਅੰਦੋਲਨ ਦਾ ਪਹਿਲਾ ਨਾਰੀ ਸੰਗਠਨ 'ਪ੍ਰੋਗ੍ਰੈਸਿਵ ਅਰਗਨਾਈਜੈਸ਼ਨ ਆਫ਼ ਵੀਮੈਨ' (Progressive Organization of Women's) ਸਥਾਪਿਤ ਕੀਤਾ ਗਿਆ। ਪ੍ਰਗਤੀਸ਼ੀਲ ਨਾਰੀ ਸੰਗਠਨ ਅਨੁਸਾਰ, ਇਸਤਰੀਆਂ ਦੇ ਸ਼ੋਸ਼ਣ ਦੇ ਦੋ ਬੁਨਿਆਦੀ ਢਾਂਚੇ ਹਨ - ਲਿੰਗਕ ਆਧਾਰ ਉੱਤੇ ਕੰਮ ਦੀ ਵੰਡ ਅਤੇ ਸੰਸਕ੍ਰਿਤੀ ਜਿਸਨੇ ਇਸਨੂੰ ਪੈਦਾ ਕੀਤਾ। ਕਿਰਤ ਵੰਡ ਦੇ ਭੇਦਭਾਵ ਦੇ ਪਿੱਛੇ ਮਨਸ਼ਾ ਇਹ ਸੀ ਕਿ ਇਸਤਰੀਆਂ ਨੂੰ ਆਰਥਿਕ ਰੂਪ ਵਿੱਚ ਪੁਰਸ਼ਾਂ ਉੱਤੇ ਨਿਰਭਰ ਰੱਖਿਆ ਜਾਵੇ। ਇਸਤਰੀਆਂ ਦੇ ਸ਼ੋਸ਼ਣ ਦਾ ਦੂਸਰਾ ਕਾਰਣ ਸੀ ਉਹ ਸਮਾਜਿਕ ਬਣਤਰ, ਜੋ ਇਸਤਰੀਆਂ ਨੂੰ ਪੁਰਸ਼ ਤੋਂ ਨੀਵਾਂ ਪ੍ਰਮਾਣਿਤ ਕਰਨ ਲਈ ਸਿਧਾਂਤ ਘੜ ਲੈਂਦੀ ਸੀ

ਜਿਸਦੇ ਤਹਿਤ ਕਿਹਾ ਜਾਂਦਾ ਸੀ ਕਿ ਇਸਤਰੀਆਂ ਅਤੇ ਪੁਰਸ਼ਾਂ ਦੀ ਜੈਵਿਕ ਰਚਨਾ ਇਸ ਪ੍ਰਕਾਰ ਹੈ ਕਿ ਇਸਤਰੀਆਂ ਪ੍ਰਾਕ੍ਰਿਤਕ ਰੂਪ ਵਿੱਚ ਪੁਰਸ਼ਾਂ ਤੋਂ ਕਮਜ਼ੋਰ ਹਨ। ਪ੍ਰਗਤੀਸ਼ੀਲ ਮਹਿਲਾ ਸੰਗਠਨ ਤੋਂ ਪ੍ਰਭਾਵਿਤ ਹੋ ਕੇ ਮਾਓਵਾਦੀ ਇਸਤਰੀਆਂ ਨੇ ਪੂਨੇ ਵਿੱਚ 'ਪੁਰੋਗਾਮੀ ਇਸਤਰੀ ਸੰਗਠਨ' ਅਤੇ ਬੰਬਈ ਵਿੱਚ 'ਇਸਤਰੀ ਮੁਕਤੀ ਸੰਗਠਨ' ਦਾ ਗਠਨ ਕੀਤਾ। ਭਾਰਤ ਵਿੱਚ 8 ਮਾਰਚ 2014 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਰੂਪ ਵਿੱਚ ਪਹਿਲੀ ਵਾਰ ਮਨਾਇਆ ਗਿਆ। 'ਜਨਵੇਦਨਾ' ਨਾਮਕ ਦਲਿਤ ਮਰਾਠੀ ਅਖ਼ਬਾਰ ਨੇ ਇਸਤਰੀਆਂ ਉੱਤੇ ਇਕ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਜਿਸਦਾ ਸਿਰਲੇਖ ਸੀ 'ਤੀਸਰੀ ਦੁਨੀਆਂ ਵਿੱਚ ਇਸਤਰੀਆਂ ਦਾ ਅੱਧੇ ਆਸਮਾਨ ਉੱਤ ਅਧਿਕਾਰ'। ਕੁਝ ਦਿਨਾਂ ਬਾਅਦ ਦਲਿਤ ਇਸਤਰੀਆਂ ਦੁਆਰਾ ਇਕ ਨਵਾਂ ਸੰਗਠਨ ਤਿਆਰ ਕੀਤਾ ਗਿਆ ਜਿਸਦਾ ਨਾਮ ਰੱਖਿਆ ਗਿਆ 'ਮਹਿਲਾ ਸਮਤਾ ਸੈਨਿਕ ਦਲ'। ਇਸ ਸੰਗਠਨ ਨੇ ਜੁਝਾਰੂ ਨਾਰੀਆਂ ਦੀ ਤਸਵੀਰ ਵਿਕਸਿਤ ਕਰਨ ਉੱਤੇ ਜ਼ੋਰ ਦਿੱਤਾ।[163] 'ਪ੍ਰਗਤੀਸ਼ੀਲ ਮਹਿਲਾ ਸੰਗਠਨ' ਅਤੇ 'ਮਹਿਲਾ ਸਮਤਾ ਸੈਨਿਕ ਦਲ' ਦੁਆਰਾ ਇਸਤਰੀਆਂ ਦੇ ਜਿਨਸੀ ਸ਼ੋਸ਼ਣ ਲਈ ਚਿੰਤਾ ਜਤਾਈ। ਹੈਦਰਾਬਾਦ ਵਿੱਚ ਸੰਨ 1975 ਵਿੱਚ 'ਪ੍ਰਗਤੀਸ਼ੀਲ ਮਹਿਲਾ ਸੰਗਠਨ' ਦੁਆਰਾ ਦਹੇਜ ਪ੍ਰਥਾ ਦੇ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਦੋ ਸਾਲਾਂ ਬਾਅਦ ਦਹੇਜ ਪ੍ਰਥਾ ਦੇ ਵਿਰੁੱਧ ਨਵਾਂ ਅੰਦੋਲਨ ਦਿੱਲੀ ਵਿੱਚ ਸ਼ੁਰੂ ਹੋਇਆ। ਇਹ ਅੰਦੋਲਨ ਦਹੇਜ ਸ਼ੋਸ਼ਣ ਉੱਤੇ ਕੇਂਦ੍ਰਿਤ ਸੀ, ਖਾਸ ਤੌਰ ਤੇ ਹੱਤਿਆ ਅਤੇ ਆਤਮਹੱਤਿਆ ਦੇ ਲਈ ਮਜ਼ਬੂਰ ਕਰਨ ਵਿਰੁੱਧ ਸੀ। ਉਸ ਸਮੇਂ ਹੀ ਪੰਜਾਬ, ਮਹਾਰਾਸ਼ਟਰ, ਕਰਨਾਟਕ, ਗੁਜਰਾਤ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਸਮੇਤ ਭਾਰਤ ਦੇ ਅਨੇਕਾਂ ਭਾਗਾਂ ਵਿੱਚ ਦਹੇਜ ਸ਼ੋਸ਼ਣ ਅਤੇ ਹੱਤਿਆ ਦੇ ਵਿਰੁੱਧ ਅੰਦੋਲਨ ਚੱਲ ਰਹੇ ਸਨ। ਦਸੰਬਰ 1983 ਵਿੱਚ ਅਪਰਾਧ ਕਾਨੂੰਨ ਪਾਸ ਕੀਤਾ ਗਿਆ। ਇਸ ਤਹਿਤ ਭਾਰਤੀ ਦੰਡ ਸੰਹਿਤਾ ਵਿੱਚ ਨਵੀਂ ਧਾਰਾ 498-ਏ ਜੋੜੀ ਗਈ। ਇਸ ਧਾਰਾ ਦੇ ਅੰਤਰਗਤ ਪਤਨੀ ਦੇ ਵਿਰੁੱਧ ਅੱਤਿਆਚਾਰ ਨੂੰ ਗ਼ੈਰ-ਜਮਾਨਤੀ ਸੰਗੀਨ ਅਪਰਾਧ ਮੰਨਿਆ ਗਿਆ ਜਿਸ ਤਹਿਤ ਜੁਰਮਾਨਾ ਅਤੇ ਤਿੰਨ ਸਾਲ ਤੱਕ ਦੇ ਕੈਦ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ। ਸੰਨ 1979 ਵਿੱਚ ਪੁਲਿਸ ਅਤੇ ਜਿਮੀਂਦਾਰ/ਮਾਲਿਕ ਬਲਾਤਕਾਰ ਦੇ ਵਿਰੁੱਧ ਔਰਤਾਂ ਨੇ ਸੰਗਮੇਨਰ, ਪਟਿਆਲਾ ਅਤੇ ਕਰਨਾਟਕ ਦੇ ਮਾਲੂਰ ਪਿੰਡ ਵਿੱਚ ਪ੍ਰਦਰਸ਼ਨ ਕੀਤਾ ਅਤੇ ਕਾਮਰੂਪ ਵਿੱਚ ਔਰਤਾਂ ਦੇ ਬਲਾਤਕਾਰ ਵਿਰੁੱਧ ਗੁਹਾਟੀ ਵਿੱਚ ਰੈਲੀਆਂ ਕੀਤੀਆਂ ਗਈਆਂ। 1990 ਦੇ ਦਹਾਕੇ ਵਿੱਚ ਜੋ ਅੰਦੋਲਨ ਸਭ ਤੋਂ ਜ਼ਿਆਦਾ ਪ੍ਰਭਾਵੀ ਰਹੇ ਉਹਨਾਂ ਵਿੱਚ ਨਾਰੀ ਰਾਖਵਾਂਕਰਨ ਦਾ ਨਾਮ ਆਉਂਦਾ ਹੈ। ਲਗਭਗ ਸਾਰੀਆਂ ਪਾਰਟੀਆਂ ਦੇ ਨਾਰੀ ਸੰਗਠਨਾਂ ਨੇ ਇਸਦਾ ਸਮੱਰਥਨ ਕੀਤਾ। 81 ਵਾਂ ਸ਼ੰਸ਼ੋਧਨ ਜੋ ਕਿ 1996 ਵਿੱਚ ਆਇਆ, ਉਸਦੇ ਬਾਅਦ ਲਗਾਤਾਰ ਨਾਰੀ ਰਾਖਵੇਂਕਰਨ ਦੇ ਮੁੱਦੇ ਉੱਤੇ ਤਿੱਖੀ ਬਹਿਸ ਅਤੇ ਅੰਦੋਲਨ ਚੱਲ ਰਿਹਾ ਹੈ। 1980 ਦੇ ਦਹਾਕੇ ਤੋਂ ਕੰਮ ਕਰਨ ਦੇ ਸਥਾਨ ਉੱਤੇ ਜਿਨਸੀ ਸ਼ੋਸ਼ਣ ਦਾ ਮੁੱਦਾ ਨਾਰੀ ਅੰਦੋਲਨਾਂ ਦਾ

ਕੇਂਦਰ ਬਣਿਆ। 30 ਸਾਲ ਦੇ ਲੰਬੇ ਸੰਘਰਸ਼ ਤੋਂ ਬਾਅਦ ਇਸ ਅਪਰਾਧ ਵਿਰੁੱਧ 2013 ਦਾ ਐਕਟ ਪਾਸ ਕਰਵਾਇਆ ਜਾ ਸਕਿਆ। ਦਸੰਬਰ 2012 ਵਿੱਚ ਰਾਜਧਾਨੀ ਦਿੱਲੀ ਵਿੱਚ ਚੱਲਦੀ ਬੱਸ ਵਿੱਚ ਇਕ ਲੜਕੀ ਨਾਲ ਹੋਏ ਸਮੂਹਿਕ ਬਲਾਤਕਾਰ ਦੀ ਘਟਨਾ ਤੋਂ ਬਾਅਦ ਪੂਰੇ ਦੇਸ਼ ਵਿੱਚ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਵੱਡੇ ਪੱਧਰ 'ਤੇ ਅੰਦੋਲਨ ਚਲਾਏ ਗਏ। ਦਸੰਬਰ 2012 ਵਿੱਚ ਹੋਈ ਇਸ ਵਾਰਦਾਤ ਦੇ ਬਾਅਦ ਜੋ ਅੰਦੋਲਨ ਹੋਇਆ ਉਹ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਕ੍ਰਾਂਤੀਕਾਰੀ ਅੰਦੋਲਨ ਸੀ। ਨਵੰਬਰ 2015 ਵਿੱਚ ਚਰਚਾ ਵਿੱਚ ਰਹੀ ਤ੍ਰਿਪਤੀ ਦੇਸਾਈ ਨੇ ਦੇਸ਼ ਦੇ ਮੰਦਰਾਂ ਅਤੇ ਹਾਜੀ ਅਲੀ ਦਰਗਾਹ ਵਿੱਚ ਪ੍ਰਵੇਸ਼ ਦੇ ਲਈ ਅੰਦੋਲਨ ਚਲਾਇਆ ਅਤੇ ਉਸ ਵਿੱਚ ਸਫਲਤਾ ਵੀ ਹਾਸਿਲ ਕੀਤੀ। ਅੱਜ ਇੱਕਵੀਂ ਸਦੀ ਵਿੱਚ ਵੀ ਭਾਰਤੀ ਨਾਰੀ ਦੇ ਸਨਮੁੱਖ ਬਹੁਤ ਸਾਰੀਆਂ ਚੁਣੌਤੀਆਂ ਹਨ ਜਿਹਨਾਂ ਨਾਲ ਜੂਝਦੀ ਹੋਈ ਉਹ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜ੍ਹ ਰਹੀ ਹੈ ਅਤੇ ਆਪਣੇ ਅੰਦਰ ਵਿਕਸਤ ਹੋਈ ਨਾਰੀ ਚੇਤਨਤਾ ਦਾ ਪ੍ਰਮਾਣ ਪੇਸ਼ ਕਰ ਰਹੀ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਭਾਰਤ ਵਿੱਚ ਔਰਤਾਂ ਦੇ ਮੁੱਦੇ ਸ਼ੁਰੂ-ਸ਼ੁਰੂ ਵਿੱਚ ਸਮਾਜ ਸੁਧਾਰ ਅੰਦੋਲਨਾਂ ਦੇ ਅੰਤਰਗਤ ਪੁਰਸ਼ਾਂ ਦੁਆਰਾ ਉਠਾਏ ਗਏ ਅਤੇ ਅੱਗੇ ਚੱਲ ਕੇ ਰਾਸ਼ਟਰਵਾਦੀ ਅੰਦੋਲਨ ਵਿੱਚ ਸ਼ਾਮਿਲ ਨਾਰੀਆਂ ਦੁਆਰਾ ਖ਼ੁਦ ਉਠਾਏ ਗਏ। ਆਜ਼ਾਦੀ ਤੋਂ ਪਹਿਲਾਂ ਬ੍ਰਹਮੋ ਸਮਾਜ, ਆਰੀਆ ਸਮਾਜ, ਰਾਮਕ੍ਰਿਸ਼ਨ ਮਿਸ਼ਨ, ਥਿਊਸੀਫਿਕਲ ਸੁਸਾਇਟੀ, ਇਸਾਈ ਮਿਸ਼ਨਰੀਆਂ ਨੇ ਜਿੱਥੇ ਸਮਾਜ ਵਿਚਲੀਆਂ ਬਾਲ ਵਿਆਹ, ਕੰਨਿਆ ਹੱਤਿਆ, ਸਤੀ ਪ੍ਰਥਾ, ਦਹੇਜ ਪ੍ਰਥਾ ਆਦਿ ਕੁਰੀਤੀਆਂ ਵਿਰੁੱਧ ਆਵਾਜ਼ ਉਠਾਈ, ਅੰਦੋਲਨ ਚਲਾਏ, ਉੱਥੇ ਨਾਰੀ ਅੰਦਰ ਜਾਗਰੂਕਤਾ ਪੈਦਾ ਕਰਨ ਲਈ ਨਾਰੀ ਸਿੱਖਿਆ ਉੱਤੇ ਜ਼ੋਰ ਦਿੱਤਾ। ਸੁਤੰਤਰਤਾ ਉਪਰੰਤ ਵੀ ਬਹੁਤ ਸਾਰੀਆਂ ਚੇਤਨਸ਼ੀਲ ਨਾਰੀਆਂ ਦੁਆਰਾ ਨਾਰੀ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ ਅਤੇ ਨਾਰੀ ਨੂੰ ਪੁਰਸ਼ ਦੇ ਸਮਾਨ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਆਦਿ ਖੇਤਰਾਂ ਵਿੱਚ ਬਰਾਬਰ ਅਤੇ ਸਮਾਨ ਅਧਿਕਾਰ ਲਈ ਅੰਦੋਲਨ ਚਲਾਏ ਗਏ। ਅੱਜ ਦੀ ਪੜ੍ਹੀ-ਲਿਖੀ ਨਾਰੀ ਪਿੱਤਰਸੱਤਾਤਮਕ ਸੰਸਥਾਵਾਂ, ਮੁੱਲਾਂ ਅਤੇ ਪ੍ਰੰਪਰਾਵਾਂ ਨੂੰ ਪ੍ਰਸ਼ਨ ਚਿੰਨ੍ਹਤ ਕਰਦੀ ਹੋਈ ਆਪਣੀ ਅਸਤਿਤਵੀ ਪਛਾਣ ਦੀ ਸਥਾਪਤੀ ਲਈ ਸਿਸਟਮ ਨਾਲ ਟਕਰਾਉਂਦੀ ਹੋਈ ਨਿਰੰਤਰ ਸੰਘਰਸ਼ ਕਰ ਰਹੀ ਹੈ।

ਨਾਰੀਵਾਦ ਦੇ ਪੱਛਮੀ ਅਤੇ ਪੂਰਬੀ ਪ੍ਰਸੰਗ ਦਾ ਅਧਿਐਨ ਕਰਨ ਉਪਰੰਤ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਨਾਰੀਵਾਦ ਨਾਰੀ ਮੁਕਤੀ ਅੰਦੋਲਨ ਅਤੇ ਲਹਿਰ ਦੇ ਰੂਪ ਵਿੱਚ ਉਨੀਵੀਂ-ਵੀਹਵੀਂ ਸਦੀ ਵਿੱਚ ਪੱਛਮੀ ਦੇਸ਼ਾਂ ਵਿੱਚ ਵਿਕਸਿਤ ਹੋਇਆ ਅਤੇ ਫਿਰ ਨਾਰੀ ਦੀ ਦੁਜੈਲੀ ਅਤੇ ਦਮਿਤ ਸਥਿਤੀ ਨੂੰ ਲੈ ਕੇ ਪੂਰਬੀ ਏਸ਼ਿਆਈ ਦੇਸ਼ਾਂ ਵਿੱਚ ਸਮੇਂ-ਸਮੇਂ 'ਤੇ ਨਾਰੀ ਅੰਦੋਲਨ ਅਤੇ ਲਹਿਰਾਂ ਚੱਲੀਆਂ। ਵੱਖ-ਵੱਖ ਦੇਸ਼ਾਂ ਅਤੇ ਸਮਾਜਾਂ ਵਿੱਚ ਨਾਰੀ ਦੀ ਸਥਿਤੀ ਅਤੇ ਸਮੱਸਿਆਵਾਂ ਕਦੀ ਵੀ ਇੱਕ ਸਮਾਨ ਨਹੀਂ ਰਹੀਆਂ ਇਸ ਲਈ ਨਾਰੀ ਮੁਕਤੀ

ਅੰਦੋਲਨਾਂ ਅਤੇ ਲਹਿਰਾਂ ਦਾ ਸਰੂਪ ਵੀ ਵੱਖਰਤਾ ਰੱਖਦਾ ਹੈ। ਨਾਰੀਵਾਦ ਸਿਧਾਂਤਕ ਰੂਪ ਵਿੱਚ ਪੂਰਬੀ ਚਿੰਤਨ ਦਾ ਹਿੱਸਾ ਉਵੇਂ ਨਹੀਂ ਬਣਦਾ ਜਿਵੇਂ ਇਹ ਪੱਛਮੀ ਚਿੰਤਨ ਵਿੱਚ ਮੌਜੂਦ ਹੈ। ਜਿਸ ਨਾਰੀਵਾਦ ਨੂੰ ਇੱਕ ਸਿਧਾਂਤ ਅਤੇ ਵਿਚਾਰਧਾਰਾਈ ਦ੍ਰਿਸ਼ਟੀਕੋਣ ਵਜੋਂ ਵਿਸ਼ਵ ਪੱਧਰ ਦੇ ਆਲੋਚਕ, ਚਿੰਤਕ, ਦਾਰਸ਼ਨਿਕ ਅਤੇ ਖੋਜੀ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦੇ ਹਨ ਉਹ ਪੱਛਮੀ ਨਾਰੀਵਾਦ ਸਿਧਾਂਤ ਹੈ। ਪੱਛਮ ਵਿੱਚ ਵੱਖ-ਵੱਖ ਵਿਸ਼ਿਆਂ ਦੇ ਖੇਤਰਾਂ ਨਾਲ ਸੰਬੰਧਿਤ ਚਿੰਤਕਾਂ, ਵਿਦਵਾਨਾਂ, ਦਾਰਸ਼ਨਿਕਾਂ ਅਤੇ ਖੋਜੀਆਂ ਨੇ ਨਾਰੀਵਾਦ ਦਾ ਸਿਧਾਂਤਕ ਚੌਖਟਾ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਪੱਛਮ ਵਿੱਚ ਨਾਰੀਵਾਦੀ ਚਿੰਤਨਧਾਰਾ ਨਾਲ ਸੰਬੰਧਿਤ ਕਈ ਮਾਡਲ ਵਿਕਸਿਤ ਹੋਏ ਜਿਨ੍ਹਾਂ ਨੇ ਨਾਰੀ ਦੀ ਹਾਸ਼ੀਆਕ੍ਰਿਤ ਸਥਿਤੀ, ਹੋਂਦਮੂਲਕ ਸਮੱਸਿਆਵਾਂ, ਮਨੋ-ਸਮਾਜਿਕ ਬਣਤਰ, ਸੁਤੰਤਰ ਅਸਤਿਤਵੀ ਪਛਾਣ, ਨਾਰੀ ਭਾਸ਼ਾ, ਨਾਰੀ ਸਿਰਜਣਾਤਮਕਾ ਅਤੇ ਨਾਰੀ ਪਾਠ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਵਿਸ਼ਵ ਪੱਧਰ 'ਤੇ ਬਹਿਸ ਦਾ ਹਿੱਸਾ ਬਣਾਇਆ, ਉੱਥੇ ਨਵੀਨ ਅੰਤਰ-ਦ੍ਰਿਸ਼ਟੀਆਂ ਵੀ ਪ੍ਰਦਾਨ ਕੀਤੀਆਂ। ਪੂਰਬੀ ਨਾਰੀਵਾਦੀ ਚਿੰਤਕ ਪੱਛਮੀ ਨਾਰੀਵਾਦੀ ਚਿੰਤਕਾਂ ਵੱਲੋਂ ਪੇਸ਼ ਗਿਆਨ-ਦ੍ਰਿਸ਼ਟੀਆਂ ਤੋਂ ਪ੍ਰਭਾਵਿਤ ਅਤੇ ਦਿਸ਼ਾ ਨਿਰਦੇਸ਼ਿਤ ਹੁੰਦੇ ਹੋਏ ਪੱਛਮੀ ਨਾਰੀਵਾਦ ਨਾਲੋਂ ਵੱਖਰਤਾ ਦਾ ਐਲਾਨ ਕਰਦੇ ਹਨ। ਭਿੰਨਤਾਵਾਂ ਦੇ ਬਾਵਜੂਦ ਪੱਛਮੀ ਅਤੇ ਪੂਰਬੀ ਨਾਰੀਵਾਦ ਦਾ ਅੰਤਿਮ ਉਦੇਸ਼ ਪਿੱਤਰਕੀ ਵਿਚਾਰਧਾਰਾ ਨੂੰ ਸਮਝਣਾ, ਲਿੰਗਕ ਪੱਖਪਾਤ ਰਹਿਤ ਸਮਾਜ ਦੀ ਸਿਰਜਣਾ ਕਰਨਾ, ਨਾਰੀ ਦੀ ਸੁਤੰਤਰ ਮਾਨਵੀ ਹੋਂਦ ਸਵੀਕਾਰਨ ਉੱਤੇ ਜ਼ੋਰ ਦੇਣਾ, ਨਾਰੀ ਨੂੰ ਆਪਣੀ ਹੋਂਦ ਦੀ ਪਛਾਣ ਅਤੇ ਅਧਿਕਾਰਾਂ ਬਾਰੇ ਚੇਤੰਨਤਾ ਪ੍ਰਦਾਨ ਕਰਨਾ ਹੈ।

### 3. ਪੰਜਾਬੀ ਸਾਹਿਤ ਅਤੇ ਨਾਰੀ ਚੇਤਨਾ

ਸਾਹਿਤਕ ਰਚਨਾ ਸੰਚਾਰ ਅਤੇ ਸਭਿਆਚਾਰਕ ਪ੍ਰਕਿਰਿਆ ਦਾ ਹੀ ਇੱਕ ਭਾਗ ਹੈ। ਸਾਹਿਤ ਸਮਾਜ ਅਤੇ ਕੁਦਰਤ ਨੂੰ ਆਪਣੇ ਢੰਗ ਨਾਲ ਰੂਪਾਂਤਰਣ ਕਰਨ ਦੀ ਕਲਾ ਹੈ। ਸਾਹਿਤ ਪ੍ਰਤੀਬਿੰਬ ਨਹੀਂ ਬਲਕਿ ਇੱਕ ਸਿਰਜਣ ਪ੍ਰਕਿਰਿਆ ਹੈ। ਇਹ ਮੂਲ ਰੂਪ ਵਿੱਚ ਇੱਕ ਕ੍ਰਾਂਤੀਕਾਰੀ ਕਦਮ ਹੈ ਜੋ ਮਨੁੱਖੀ ਜੀਵਨ ਨੂੰ ਬਦਲਣ ਵੱਲ ਰੁਚਿਤ ਹੁੰਦਾ ਹੈ। ਸਾਹਿਤ ਰਚਨਾ ਸਿਰਫ਼ ਸਮਝਣ-ਸਮਝਾਉਣ ਲਈ ਹੀ ਨਹੀਂ ਬਲਕਿ ਉਸਦਾ ਅਧਿਐਨ ਸਾਡੀ ਸਭਿਆਚਾਰਕ ਲੋੜ ਹੈ। ਸਾਹਿਤਕ ਕਿਰਤ ਆਪਣੇ ਆਪ ਵਿੱਚ ਵਿਲੱਖਣ ਹੈ ਅਤੇ ਇਸਦਾ ਅਧਿਐਨ ਸਮਕਾਲੀ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਸਾਹਿਤ ਸਮਾਜ ਵਿੱਚੋਂ ਪ੍ਰਾਪਤ ਵਸਤਾਂ ਅਤੇ ਕਦਰਾਂ-ਕੀਮਤਾਂ ਵਿੱਚੋਂ ਕੁਝ ਕੁ ਨੂੰ ਕਬੂਲਦਾ, ਰੱਦਦਾ ਅਤੇ ਕੁਝ ਨਵਾਂ ਸਿਰਜਣ ਵੱਲ ਤੁਰਦਾ ਹੈ। ਇਹ ਸਮਾਜ ਦੀਆਂ ਉਹਨਾਂ ਕਦਰਾਂ-ਕੀਮਤਾਂ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ ਜੋ ਮਨੁੱਖ ਨੂੰ ਸਥਾਪਤੀ ਦੀਆਂ ਗ਼ੁਲਾਮ ਨੀਤੀਆਂ ਤਹਿਤ

ਜਿਊਣ ਲਈ ਮਜ਼ਬੂਰ ਕਰਦੀਆਂ ਹਨ। ਇਹ ਮਾਨਵਪੱਖੀ ਉਸਾਰੂ ਕੀਮਤਾਂ ਨੂੰ ਉਭਾਰਦਾ ਹੈ। ਸਾਹਿਤ ਸਮਾਜ ਵਿੱਚੋਂ ਪੈਦਾ ਹੁੰਦਾ ਹੈ ਅਤੇ ਮੁੜ ਸਮਾਜ ਨੂੰ ਹੀ ਪ੍ਰਭਾਵਿਤ ਕਰਦਾ ਹੈ, ਇਸ ਕਰਕੇ ਇਹ ਦੋਹਰੀ ਪ੍ਰਕ੍ਰਿਤੀ ਵਾਲਾ ਹੈ। ਨਾਰੀਵਾਦੀ ਸਾਹਿਤ ਔਰਤ ਪੱਖੀ ਹੈ। ਇਸ ਦਾ ਪ੍ਰਯੋਜਨ ਔਰਤ ਦੀ ਆਰਥਿਕ, ਸਮਾਜਿਕ ਰਾਜਨੀਤਕ ਅਤੇ ਸਭਿਆਚਾਰਕ ਹਾਸ਼ੀਆਕ੍ਰਿਤ ਸਥਿਤੀ ਨੂੰ ਅਗਰਭੂਮਿਤ ਕਰਕੇ ਔਰਤ ਨੂੰ ਇੱਕ ਸੰਪੂਰਨ ਲਿੰਗ ਵਜੋਂ ਸਥਾਪਿਤ ਕਰਨਾ ਹੈ। ਨਾਰੀਵਾਦੀ ਅਧਿਐਨ ਦਾ ਮੰਤਵ ਸਾਹਿਤ ਵਿੱਚ ਲਿੰਗਕ ਨਾ-ਬਰਾਬਰੀ ਦੀ ਪ੍ਰਾਕ੍ਰਿਤੀ ਅਤੇ ਕਾਰਨਾਂ ਨੂੰ ਸਮਝਣਾ ਅਤੇ ਇਸਦੇ ਫਲਸਰੂਪ ਹੋਣ ਵਾਲੇ ਭੇਦਭਾਵ ਦੀ ਰਾਜਨੀਤੀ ਨੂੰ ਨੰਗਿਆਂ ਕਰਕੇ ਇਕ ਸੰਤੁਲਿਤ ਅਤੇ ਬਰਾਬਰੀ ਵਾਲਾ ਸਮਾਜ ਤੇ ਵਾਤਾਵਰਣ ਦੀ ਸਿਰਜਣਾ ਕਰਨਾ ਹੈ। ਪਿੱਤਰਸੱਤਾ ਦੀ ਰਾਜਨੀਤੀ ਮਰਦ ਨੂੰ ਅਹਿਮ ਅਤੇ ਕੇਂਦਰ ਵਿੱਚ ਰੱਖਦੀ ਹੈ। ਨਾਰੀਵਾਦੀ ਅਧਿਐਨ ਦਾ ਕਾਰਜ ਸਾਹਿਤ ਵਿੱਚ ਪੇਸ਼ ਪਿੱਤਰਸੱਤਾ ਅਤੇ ਲਿੰਗਕ ਵਖਰੇਵੇਂ ਨੂੰ ਜਾਹਿਰ ਕਰਨਾ ਹੈ। ਨਾਰੀਵਾਦੀ ਚਿੰਤਨ ਸਾਹਿਤ ਵਿੱਚ ਪੇਸ਼ ਹੋਈ ਔਰਤ ਦੀ ਹੋਂਦ-ਹਸਤੀ, ਉਸਦੀ ਸਮਾਜ-ਸਭਿਆਚਾਰਕ ਸਥਿਤੀ, ਸੰਵੇਦਨਾ, ਉਸਦੀ ਸਵੈ-ਪਛਾਣ ਅਤੇ ਉਸ ਨਾਲ ਸੰਬੰਧਿਤ ਸਰੋਕਾਰਾਂ ਨੂੰ ਵਿਚਾਰਦਾ ਹੈ। ਨਾਰੀਵਾਦੀ ਚਿੰਤਨਧਾਰਾ ਨੇ ਪੰਜਾਬੀ ਸਾਹਿਤਕਾਰਾਂ ਅਤੇ ਸਾਹਿਤ ਆਲੋਚਕਾਂ ਨੂੰ ਵੀ ਸੁਚੇਤ ਅਤੇ ਅਚੇਤ ਰੂਪ ਵਿੱਚ ਪ੍ਰਭਾਵਿਤ ਕੀਤਾ ਹੈ। ਪੰਜਾਬੀ ਸਾਹਿਤ ਵਿੱਚ ਆਰੰਭਲੇ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬੀ ਸਾਹਿਤਕਾਰਾਂ ਨੇ ਨਾਰੀ ਚਰਿੱਤਰ ਦੇ ਪਾਸਾਰਾਂ, ਨਾਰੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ, ਨਾਰੀ ਦੀ ਸਮਾਜ-ਸਭਿਆਚਾਰਕ ਸਥਿਤੀ ਅਤੇ ਨਾਰੀ ਹੋਂਦ ਨਾਲ ਜੁੜੇ ਸਰੋਕਾਰਾਂ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇੱਥੇ ਅਸੀਂ ਸੰਖੇਪ ਵਿੱਚ ਪੰਜਾਬੀ ਸਾਹਿਤ ਵਿੱਚ ਪੇਸ਼ ਨਾਰੀ ਦੀ ਹੋਂਦ-ਹਸਤੀ, ਉਸਦੀ ਸਥਿਤੀ ਅਤੇ ਸਮੱਸਿਆਵਾਂ, ਨਾਰੀ ਚੇਤਨਾ ਅਤੇ ਵਿਭਿੰਨ ਨਾਰੀ ਸਰੋਕਾਰਾਂ ਨੂੰ ਨਾਰੀਵਾਦੀ ਚਿੰਤਨ ਦੇ ਪ੍ਰਸੰਗ ਵਿੱਚ ਰੱਖ ਕੇ ਵਿਚਾਰਨ ਦਾ ਯਤਨ ਕੀਤਾ ਹੈ।

ਪੰਜਾਬੀ ਸਾਹਿਤ ਦਾ ਮੁੱਢ ਅੱਠਵੀਂ-ਨੌਵੀਂ ਸਦੀ ਵਿੱਚ ਨਾਥ ਜੋਗੀਆਂ ਦੇ ਸਾਹਿਤ ਨਾਲ ਬੱਝਦਾ ਹੈ। ਇਸ ਕਾਲ ਦੀ ਸਾਹਿਤਕ ਪਰੰਪਰਾ ਅਧਿਆਤਮਕ ਲੀਹਾਂ ਤੱਕ ਹੀ ਸੀਮਤ ਰਹੀ ਹੈ। ਸਾਹਿਤ ਸਿਰਜਣਾ ਦੇ ਨਾਰੀ ਪੱਖ ਤੋਂ ਦੇਖਿਆ ਸਾਨੂੰ ਇਸ ਕਾਲ ਵਿੱਚ ਕੋਈ ਵੀ ਔਰਤ ਲੇਖਕ ਨਜ਼ਰ ਨਹੀਂ ਆਉਂਦੀ। ਨਾਥ ਸਾਹਿਤ ਵਿੱਚ ਉਸ ਸਮਾਜ ਵਿੱਚ ਔਰਤ ਦੀ ਹਾਸ਼ੀਆਗਤ, ਸਮਾਜਿਕ ਬੇਦਖ਼ਲੀ ਵਾਲੀ ਅਤੇ ਤ੍ਰਿਸਕਾਰੀ ਹੋਂਦ ਦੇ ਪ੍ਰਮਾਣਿਕ ਉਦਾਹਰਣ ਮਿਲ ਜਾਂਦੇ ਹਨ। ਨਾਥ ਜੋਗੀਆਂ ਵੱਲੋਂ ਨਾਰੀ ਨੂੰ ਨਾਗਿਨ, ਬਾਘਨਿ, ਮਾਇਆ ਆਦਿ ਕਹਿ ਕੇ ਭੰਡਿਆ ਗਿਆ ਹੈ। ਉਹਨਾਂ ਨੇ ਆਤਮਕ ਸ਼ੁੱਧੀ ਅਤੇ ਅਧਿਆਤਮਕ ਅਨੁਭਵ ਦੀ ਪ੍ਰਾਪਤੀ ਦੇ ਮਾਰਗ ਵਿੱਚ ਨਾਰੀ ਨੂੰ ਰੁਕਾਵਟ ਮੰਨ ਕੇ ਉਸ ਤੋਂ ਦੂਰ ਰਹਿਣ ਦੀ ਕਰੜੀ ਤਾੜਨਾ ਕੀਤੀ ਹੈ। ਨਾਰੀ ਜਾਤੀ ਪ੍ਰਤੀ ਇਸੇ ਵਿਰੋਧੀ ਦ੍ਰਿਸ਼ਟੀਕੋਣ ਤਹਿਤ ਗੋਰਖ ਨਾਥ ਨਾਰੀ ਨੂੰ ਬਾਘਨਿ (ਬਘਿਆੜੀ) ਕਹਿ ਕੇ ਉਸਦੀ ਆਲੋਚਨਾ ਕਰਦਾ ਹੈ ਜਿਵੇ :

"ਦਾਮਿ ਕਾਢਿ ਬਾਘਣਿ ਲੈ ਆਇਆ,
ਮਾਉ ਕਹੈ ਮੇਰਾ ਪੂਤ ਬਿਹਾਇਆ,
ਗੀਲੀ ਲਕੜੀ ਕੋ ਘੁਣ ਲਾਇਆ,
ਤਿੰਨ ਡਾਲ ਮੂਲ ਸਣ ਖਾਇਆ।"[164]

ਇਸ ਪ੍ਰਕਾਰ ਨਾਥ ਜੋਗੀ ਸਾਹਿਤ ਮਰਦ ਲੇਖਕਾਂ ਦੁਆਰਾ ਰਚਿਤ ਮਰਦ ਕੇਂਦਰਤ ਸਾਹਿਤ ਹੈ ਜਿਸ ਵਿੱਚ ਨਾਰੀ ਪ੍ਰਤੀ ਨਾਂਹ-ਮੁਖੀ ਵਤੀਰਾ ਪ੍ਰਗਟ ਹੋਇਆ ਮਿਲਦਾ ਹੈ।

ਨਾਥ ਜੋਗੀਆਂ ਦੇ ਸਾਹਿਤ ਤੋਂ ਬਾਅਦ ਪੰਜਾਬੀ ਸਾਹਿਤ ਵਿੱਚ ਸੂਫ਼ੀ ਕਾਵਿ-ਧਾਰਾ ਦਾ ਆਰੰਭ ਹੁੰਦਾ ਹੈ। ਇਸ ਮੱਧਕਾਲੀ ਕਾਵਿਧਾਰਾ ਦੇ ਲੋਕਪ੍ਰਿਯ ਹੋਣ ਨਾਲ ਜਿੱਥੇ ਜਨਜੀਵਨ ਦੇ ਹੋਰ ਅਨੇਕਾਂ ਪਹਿਲੂ ਪ੍ਰਭਾਵਿਤ ਹੋਏ, ਉੱਥੇ ਨਾਰੀ ਦੀ ਸਥਿਤੀ ਤੇ ਇਸਦੇ ਸਾਹਿਤਕ ਚਿਤਰਨ ਵਿੱਚ ਵੀ ਅੰਤਰ ਆਇਆ। ਸੂਫ਼ੀ ਕਵੀਆਂ ਨੇ ਆਪਣੇ ਆਪ ਨੂੰ ਪਤਨੀ ਅਤੇ ਪ੍ਰਮਾਤਮਾ ਨੂੰ ਪਤੀ ਦੇ ਪ੍ਰਤੀਕ ਵਜੋਂ ਚਿਤਵ ਕੇ ਆਪਣੇ ਇਲਾਹੀ ਇਸ਼ਕ ਨੂੰ ਪ੍ਰਗਟਾਇਆ। ਸੂਫ਼ੀ ਕਵੀਆਂ ਵਿੱਚ ਸਭ ਤੋਂ ਪਹਿਲਾਂ ਬਾਬਾ ਫਰੀਦ ਨੇ ਜੀਵਾਤਮਾ ਲਈ ਨਾਰੀ ਅਤੇ ਪ੍ਰਮਾਤਮਾ ਲਈ ਪੁਰਸ਼ ਪ੍ਰਤੀਕ ਵਰਤਿਆ। ਉਹਨਾਂ ਦੀ ਕਵਿਤਾ ਵਿਚਲਾ ਇਹ ਪ੍ਰੇਮ ਸੰਬੰਧ ਬਰਾਬਰੀ ਦੀ ਭਾਵਨਾ ਵਾਲਾ ਨਹੀਂ ਬਲਕਿ ਪ੍ਰਭੁਤੱਵ/ਅਧੀਨਗੀ ਵਾਲਾ ਹੈ। ਸੂਫ਼ੀ ਕਵੀਆਂ ਨੇ ਕਿੱਸਿਆਂ ਤੇ ਪ੍ਰੇਮ ਕਥਾਵਾਂ ਦੀਆਂ ਨਾਇਕਾਵਾਂ ਨੂੰ ਗਹਿਰੀ ਮੁਹੱਬਤ ਕਰਨ ਵਾਲੀਆਂ ਘਰੇਲੂ ਸੁਆਣੀਆਂ ਵਜੋਂ ਚਿਤਵਿਆ ਹੈ। ਹੀਰ, ਸੱਸੀ, ਸੋਹਣੀ, ਜੁਲੇਖ਼ਾ ਆਦਿ ਪ੍ਰੇਮ ਨਾਇਕਾਵਾਂ ਸੂਫ਼ੀ ਕਵਿਤਾ ਵਿੱਚ ਪ੍ਰੇਮ ਤੋਂ ਨਿਛਾਵਰ ਹੋਣ ਵਾਲੀਆਂ ਸਿਦਕੀ ਔਰਤਾਂ ਵਜੋਂ ਪੇਸ਼ ਹੋਈਆਂ ਹਨ ਜੋ ਆਪਣੇ ਪ੍ਰੀਤਮ ਲਈ ਖ਼ੁਦ ਕੁਰਬਾਨ ਹੁੰਦੀਆਂ ਹਨ। ਇਸਦੇ ਨਾਲ ਹੀ ਪੰਜਾਬੀ ਸੂਫ਼ੀ ਕਾਵਿ ਵਿੱਚ ਪੇਕੇ ਅਤੇ ਸਹੁਰੇ ਘਰ ਦੇ ਦ੍ਰਿਸ਼ਟਾਂਤ ਰਾਹੀਂ ਔਰਤ ਨੂੰ ਸਭਿਆਚਾਰਕ ਸੰਜਮ ਵਿੱਚ ਰਹਿ ਕੇ ਪਤੀ ਅਤੇ ਪਰਿਵਾਰ ਦੀ ਅਧੀਨਗੀ ਨੂੰ ਹੀ ਸਵੀਕਾਰਨ ਦੀ ਸਿੱਖਿਆ ਦਿੱਤੀ ਗਈ ਹੈ। ਪ੍ਰਮਾਣ ਵਜੋਂ ਬੁਲ੍ਹੇ ਸ਼ਾਹ ਦੀ ਇਹ ਕਾਫ਼ੀ ਦੇਖੀ ਜਾ ਸਕਦੀ ਹੈ ਜਿਸ ਵਿੱਚ ਸਹੁਰੇ ਤੁਰਦੀ ਵਿਹਾਂਦੜ ਨੂੰ ਪਤੀ ਦੀ ਅਧੀਨਗੀ ਵਿੱਚ ਉਸ ਦੀ ਮੁਕਤੀ ਦਾ ਅਹਿਸਾਸ ਕਰਵਾਇਆ ਗਿਆ ਹੈ :

ਸੱਭੇ ਰਲ ਕੇ ਟੋਰਨ ਆਈਆਂ, ਮਾਸੀਆਂ ਫੁੱਫੀਆਂ ਚਾਚੀਆਂ ਤਾਈਆਂ,
ਸੱਭੇ ਤੇ ਰੋਈਆਂ ਜਾਰੋ ਜਾਰੀ, ਮੇਰੇ ਟੁਰਨੇ ਦੀ ਹੋਈ ਤਿਆਰੀ
ਸੱਭੇ ਆਖਣ ਇਹ ਗੱਲ ਜਾਣੀ, ਹਰਦਮ ਹੋ ਕੇ ਰਹੀ ਨਿਮਾਣੀ
ਤਾਹੀਂ ਲੱਗੇਗੀਂ ਉਥੇ ਪਿਆਰੀ, ਮੇਰੇ ਤੁਰਨੇ ਦੀ ਹੋਈ ਤਿਆਰੀ।[165]

ਮੱਧ ਕਾਲ ਦੀ ਪ੍ਰਮੁੱਖ ਕਾਵਿ ਧਾਰਾ ਗੁਰਮਿਤ ਕਾਵਿ ਧਾਰਾ ਹੈ। ਗੁਰਮਤਿ ਕਾਵਿ ਪਰੰਪਰਾ ਨੇ ਮੱਧਕਾਲੀ ਨਾਰੀ ਦੀ ਸਥਿਤੀ ਅਤੇ ਦਸ਼ਾ ਨੂੰ ਸੁਧਾਰਨ ਅਤੇ ਸਮਝਣ ਵਿੱਚ ਬਹੁਤ ਮੱਦਦ ਕੀਤੀ ਹੈ। ਗੁਰੂ

ਸਾਹਿਬਾਨਾਂ ਨੇ ਜਿੱਥੇ ਉਸ ਸਮੇਂ ਦੀਆਂ ਪ੍ਰਚਲਿਤ ਸਮਾਜਿਕ ਕੁਰੀਤੀਆਂ ਦਾ ਜਬਰਦਸਤ ਖੰਡਨ ਕੀਤਾ, ਉੱਥੇ ਨਾਰੀ ਨੂੰ ਨਿੰਦਣ ਦੀ ਥਾਂ ਜਨਨੀ ਦਾ ਦਰਜਾ ਦੇਂਦਿਆ ਵਡਿਆਇਆ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ।
ਭੰਡਹੁ ਹੋਵੈ ਦੋਸਤੀ, ਭੰਡਹੁ ਚਲਹਿ ਰਾਹੁ।
ਭੰਡ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨੁ।[166]

ਗੁਰਮਤਿ ਸਾਹਿਤ ਵਿੱਚ ਪਤੀ, ਖਸਮ (ਪ੍ਰਮਾਤਮਾ) ਅਤੇ ਨਾਰੀ (ਜੀਵਾਤਮਾ) ਰੂਪਕ ਵਜੋਂ ਵਰਤੇ ਹਨ। ਗੁਰੂ ਕਵੀਆਂ ਨੇ ਪ੍ਰਮਾਤਮਾ ਨੂੰ ਪਾਉਣ ਲਈ ਆਪਣੇ ਆਪ ਨੂੰ ਨਾਰੀ ਰੂਪ ਵਿੱਚ ਪੇਸ਼ ਕੀਤਾ। ਭਾਈ ਗੁਰਦਾਸ ਜੀ ਨੇ ਔਰਤ ਨੂੰ ਮਰਦ ਦੀ ਅਰਧ-ਅੰਗੀ ਆਖ ਕੇ ਔਰਤ ਨੂੰ ਸਤਿਕਾਰ ਅਤੇ ਬਰਾਬਰਤਾ ਦਾ ਹੱਕ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਨਾਰੀ ਨੂੰ ਚੰਡੀ ਦੇ ਰੂਪ ਵਿੱਚ ਉਸਨੂੰ ਇਕੱਲਿਆਂ ਜਬਰ-ਜ਼ੁਲਮ ਵਿਰੁੱਧ ਡੱਟ ਕੇ ਮੁਕਾਬਲਾ ਕਰਨ ਦੇ ਪ੍ਰਤੀਕ ਵਜੋਂ ਸਿਰਜ ਕੇ ਨਾਰੀ ਦੀ ਅੰਤਰੀਵੀ ਸ਼ਕਤੀ ਨੂੰ ਉਭਾਰਿਆ।

ਮੱਧਕਾਲੀ ਸਾਹਿਤ ਦੀ ਤੀਜੀ ਧਾਰਾ ਕਿੱਸਾ ਕਾਵਿ ਹੈ। ਕਿੱਸਾ ਕਾਵਿ-ਧਾਰਾ ਦਾ ਕੇਂਦਰ ਬਿੰਦੂ ਰੱਬੀ ਪ੍ਰੀਤ ਦੀ ਜਗ੍ਹਾਂ ਮਾਨਵੀ ਪ੍ਰੀਤ ਹੈ। ਕਿੱਸਾ ਕਾਵਿ ਦਾ ਮੁੱਖ ਵਿਸ਼ਾ ਇਸ਼ਕ ਸੀ ਜੋ ਸਮਕਾਲੀ ਸਥਾਪਿਤ ਕਦਰਾਂ-ਕੀਮਤਾਂ ਦੇ ਖਿਲਾਫ਼ ਬਗਾਵਤ ਦੇ ਰੂਪ ਵਜੋਂ ਪ੍ਰਗਟ ਹੁੰਦਾ ਹੈ। ਇਹਨਾਂ ਕਿੱਸਿਆਂ ਵਿੱਚ ਉਸ ਸਮੇਂ ਦੇ ਕੱਟੜ ਜਾਗੀਰਦਾਰੀ, ਸਾਮੰਤੀ ਸਮਾਜਿਕ ਜਾਂ ਨੈਤਿਕ ਮੁੱਲ ਪ੍ਰਬੰਧ ਨਾਲ ਸਿੱਧੀ ਟੱਕਰ ਕੇਵਲ ਮਰਦ ਹੀ ਨਹੀਂ ਲੈਂਦਾ ਬਲਕਿ ਨਾਰੀ ਵੀ ਉਸਦੇ ਬਰਾਬਰ ਖੜ੍ਹਦੀ ਹੈ। ਪੰਜਾਬੀ ਸਾਹਿਤ ਵਿੱਚ ਦਮੋਦਰ ਅਤੇ ਵਾਰਿਸ ਦੀ ਹੀਰ, ਪੀਲੂ ਦਾ ਮਿਰਜ਼ਾ ਸਾਹਿਬਾ, ਹਾਸ਼ਮ ਦਾ ਸੱਸੀ ਪੁੰਨੂੰ, ਫਜ਼ਲ ਸ਼ਾਹ ਦਾ ਸੋਹਣੀ ਮਾਹੀਵਾਲ, ਹਾਫ਼ਿਜ਼ ਬਰਖ਼ੁਰਦਾਰ ਦਾ ਯੁਸਫ਼ ਜੁਲੇਖ਼ਾ, ਕਾਦਰਯਾਰ ਦਾ ਪੂਰਨ ਭਗਤ, ਸੋਹਣੀ ਮਾਹੀਵਾਲ ਆਦਿ ਬਹੁਤ ਪ੍ਰਸਿੱਧ ਕਿੱਸੇ ਹਨ। ਇਹਨਾਂ ਕਿੱਸਿਆਂ ਵਿੱਚ ਜਿੱਥੇ ਨਾਇਕਾਵਾਂ ਦੀ ਸੁੰਦਰਤਾ ਦੀ ਬਹੁਤ ਪ੍ਰਸੰਸਾ ਕੀਤੀ ਗਈ ਹੈ, ਉੱਥੇ ਨਾਲ ਹੀ ਉਹਨਾਂ ਦੀ ਬਹਾਦਰੀ ਨੂੰ ਵੀ ਸਲਾਹਿਆ ਗਿਆ ਹੈ। ਕਿੱਸਿਆਂ ਵਿੱਚ ਨਾਇਕਾਵਾਂ ਦਾ ਸਥਾਪਤੀ ਵਿਰੁੱਧ ਸੰਘਰਸ਼ ਔਰਤ ਦੀ ਨਾਰੀ ਚੇਤਨਾ ਨੂੰ ਪ੍ਰਗਟਾਉਂਦਾ ਹੈ। ਪਰ ਇਸਦੇ ਬਾਵਜੂਦ ਕਿੱਸਾ ਕਵੀਆਂ ਦਾ ਔਰਤ ਜਾਤੀ ਪ੍ਰਤੀ ਨਿੰਦਕ ਅਤੇ ਘ੍ਰਿਣਤ ਰਵੱਈਆ ਵੀ ਉਹਨਾਂ ਦੀ ਪੈਤਰਿਕ ਸੋਚ ਨੂੰ ਵੀ ਦ੍ਰਿਸ਼ਟੀਗੋਚਰ ਕਰਦਾ ਹੈ, ਜਿਵੇਂ :

ਵਾਰਿਸ ਰੰਨ, ਫ਼ਕੀਰ, ਤਲਵਾਰ, ਘੋੜਾ
ਚਾਰੇ ਥੋਕ ਕਿਸੇ ਦੇ ਯਾਰ ਨਹੀ[167] (ਵਾਰਿਸ)

ਭਠ ਰੰਨਾਂ ਦੀ ਦੋਸਤੀ, ਖੁਰੀ ਜਿੰਨਾਂ ਦੀ ਮੱਤ

ਹੱਸ ਹੱਸ ਲਾਉਂਦੀਆਂ ਯਾਰੀਆਂ ਰੋ ਰੋ ਦਿੰਦੀਆਂ ਦੱਸ।[168] (ਪੀਲੂ)

ਕਿੱਸਾ ਕਵੀਆਂ ਨੇ ਬੇਸ਼ੱਕ ਪ੍ਰੇਮਿਕਾ ਦੇ ਰੂਪ ਵਿੱਚ ਔਰਤ ਨੂੰ ਨਿੰਦਿਆ ਹੈ ਪਰ ਫਿਰ ਵੀ ਕਿੱਸਾ ਸਾਹਿਤ ਦਾ ਆਂਤਰਿਕ ਵਿਵੇਕ ਔਰਤ-ਮਰਦ ਦੇ ਰਿਸ਼ਤੇ ਦੀ ਬਰਾਬਰੀ ਵੱਲ ਜਾਂਦਾ ਹੈ।

ਆਦਿ ਕਾਲ ਅਤੇ ਮੱਧਕਾਲੀ ਪੰਜਾਬੀ ਸਾਹਿਤ ਬਾਰੇ ਉਪਰੋਕਤ ਵਿਵਰਣ ਤੋਂ ਬਾਅਦ ਇਹ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸਮੇਂ ਤੱਕ ਸਿਰਫ਼ ਪੁਰਸ਼ਾਂ ਲੇਖਕਾਂ ਦੁਆਰਾ ਰਚਿਤ ਸਾਹਿਤ ਵਿੱਚੋਂ ਹੀ ਸਾਨੂੰ ਔਰਤ ਦੀ ਸਥਿਤੀ ਬਾਰੇ ਅਨੁਮਾਨ ਲੱਗਦਾ ਹੈ। ਔਰਤ ਲੇਖਕਾਂ ਦੁਆਰਾ ਔਰਤ ਕੇਂਦਰ ਸਾਹਿਤ ਦੀ ਗੈਰਮੌਜੂਦਗੀ ਉਸ ਸਮੇਂ ਦੇ ਕੱਟੜ ਧਾਰਮਿਕ, ਸਾਮੰਤੀ ਅਤੇ ਜਾਗੀਰਦਾਰੀ ਪ੍ਰਬੰਧ ਵਿੱਚ ਜਕੜੀ ਔਰਤ ਦੀ ਸਥਿਤੀ ਨੂੰ ਦਰਸਾਉਂਦੀ ਹੈ। ਉੱਨੀਵੀਂ ਸਦੀ ਦੇ ਪਹਿਲੇ ਅੱਧ ਤੱਕ ਪੰਜਾਬੀ ਵਿੱਚ ਕਿਸੇ ਵੀ ਔਰਤ ਰਚਨਾਕਾਰ ਦੀ ਪਛਾਣਯੋਗ ਲਿਖਤ ਨਹੀਂ ਮਿਲਦੀ। ਡਾ. ਸੁਖਦੇਵ ਸਿੰਘ ਲਿਖਦੇ ਹਨ, ਜੇ ਪੰਜਾਬੀ ਸਾਹਿਤ ਸਿਰਜਨ ਦੀ ਪਰੰਪਰਾ 'ਤੇ ਸਰਸਰੀ ਝਾਤ ਮਾਰੀਏ ਤਾਂ ਮੱਧਕਾਲ ਦਾ ਸਮਾਂ ਨਾਰੀ ਸਿਰਜਨਾਤਮਿਕਤਾ ਪੱਖੋਂ ਪੂਰੀ ਤਰ੍ਹਾਂ ਅੰਧਕਾਰ ਦਾ ਸਮਾਂ ਹੈ। ਨਾਰੀ ਪ੍ਰਤੀ ਸੂਫ਼ੀਆਂ, ਸੰਤਾਂ-ਭਗਤਾਂ ਅਤੇ ਗੁਰੂ ਸਾਹਿਬਾਨ ਦੀ ਉਦਾਰਵਾਦੀ ਦ੍ਰਿਸ਼ਟੀ ਦੇ ਬਾਵਜੂਦ ਆਦਿ ਗ੍ਰੰਥ ਵਿੱਚ ਇਕ ਵੀ ਨਾਰੀ ਭਗਤ ਦੀ ਬਾਣੀ ਸ਼ਾਮਿਲ ਨਹੀਂ। ਪਿੱਤਰੀ ਸੱਤਾ ਕੇਂਦਰਤ ਸੰਸਥਾਵਾਂ ਦੀ ਜਕੜ ਅਤੇ ਸਾਮੰਤੀ ਨੈਤਿਕਤਾ ਦੇ ਦਮ-ਘੋਟੂ ਮਾਹੌਲ ਕਰਕੇ ਮੱਧਕਾਲੀ ਦੌਰ ਵਿੱਚ, ਜਿਹੜੀ ਇਕ-ਅੱਧ ਨਾਰੀ ਰਚਨਾਕਾਰ ਦਾ ਕਲਾਮ ਮਿਲਦਾ ਵੀ ਹੈ, ਉਹ ਵੀ ਮਰਿਆਦਾ ਦੀ ਰਾਮਕਾਰ ਵਿੱਚ ਹੀ ਰਿਹਾ ਹੈ। ਮਰਦਾਵੇਂ ਦਾਬੇ ਅਤੇ ਕਠੋਰ ਮਰਿਆਦਾ ਦੇ ਕਾਲ ਵਿੱਚ ਨਾਰੀ ਅੰਤਰਕਰਣ ਦਾ ਸਹਿਜ ਪ੍ਰਗਟਾਵਾ ਹੀ ਸੰਭਵ ਨਹੀਂ ਸੀ, ਪ੍ਰਤੀਰੋਧ ਜਾਂ ਨਾਬਰੀ ਤਾਂ ਬਹੁਤ ਦੂਰ ਦੀ ਗੱਲ ਹੈ।[169]

19ਵੀਂ ਸਦੀ ਵਿੱਚ ਪੀਰੋ ਪ੍ਰੇਮਣ ਨਾਂ ਦੀ ਨਾਰੀ ਨੂੰ ਪਹਿਲੀ ਸੂਫ਼ੀ ਕਵਿੱਤਰੀ ਮੰਨਿਆਂ ਜਾਂਦਾ ਹੈ। ਗੁਲਾਬਦਾਸੀ ਪ੍ਰਥਾ ਦੀ ਸਭ ਤੋਂ ਬੇਬਾਕ ਸੁਰ ਵਾਲੀ ਸ਼ਾਇਰਾ ਪੀਰੋ ਪਿੱਤਰ-ਸੱਤਾ ਕੇਂਦਰਤ ਸੰਸਥਾਵਾਂ ਅਤੇ ਸਥਾਪਿਤ ਨੈਤਿਕਤਾ ਨੂੰ ਰੱਦ ਕਰਦੀ ਹੈ। ਉਹ ਪੁਰਸ਼, ਪਰਿਵਾਰ, ਵਿਆਹ, ਧਰਮ ਅਤੇ ਸਾਮੰਤੀ ਮਰਿਆਦਾ ਦੁਆਰਾ ਦਿੱਤੀ ਹਰ ਪਛਾਣ ਨੂੰ ਨਕਾਰਦੀ ਹੈ ਅਤੇ ਔਰਤ ਦੇ ਨਾਰੀਤਵ ਜਾਂ ਪ੍ਰਕਿਰਤੀ ਦੁਆਰਾ ਦਿੱਤੀ ਵੱਖਰੀ ਪਛਾਣ ਨੂੰ ਕੇਂਦਰ ਵਿੱਚ ਲੈ ਆਉਂਦੀ ਹੈ। ਡਾ. ਸੁਖਦੇਵ ਸਿੰਘ ਪੀਰੋ ਤੋਂ ਪਹਿਲਾਂ ਅਠਾਰ੍ਹਵੀਂ ਸਦੀ ਵਿੱਚ ਮੌਜੂਦ ਸਹਿਜੋਬਾਈ, ਦਯਾਬਾਈ ਅਤੇ ਸਾਹਿਬ ਦੇਵੀ ਅਰੋੜੀ ਦੀ ਕਵਿਤਾ ਨੂੰ ਗੁਰੂ ਮਹਿਮਾ ਦੀ ਕਵਿਤਾ ਆਖਦਾ ਹੈ। ਉਹਨਾਂ ਅਨੁਸਾਰ ਇਸ ਕਵਿਤਾ ਵਿਚਲਾ ਗੁਰੂ ਜਾਂ ਪ੍ਰਮੇਸ਼ਵਰ ਪੁਰਸ਼ ਰੂਪ ਹੈ। ਇਸ ਕਵਿਤਾ ਦੀ ਮੂਲ ਭਾਵਨਾ ਸੰਪੂਰਨ ਆਤਮ-ਸਮਰਪਣ ਦੀ ਹੈ।[170]

ਉੱਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਪੰਜਾਬ 'ਚ ਬਰਤਾਨਵੀ ਰਾਜ ਦੀ ਸਥਾਪਤੀ ਨਾਲ ਇਕ ਪਾਸੇ ਰਾਜਸੀ ਤੇ ਆਰਥਿਕ ਖੇਤਰ ਵਿੱਚ ਪਰਿਵਰਤਨ ਆਉਂਦਾ ਹੈ ਅਤੇ ਦੂਜੇ ਪਾਸੇ ਤਕਨੀਕੀ ਵਿਕਾਸ, ਪੱਛਮੀ ਸਾਂਸਕ੍ਰਿਤਕ ਚੇਤਨਾ ਤੇ ਪੱਛਮੀ ਸਿੱਖਿਆ ਦੇ ਪਾਸਾਰ ਨਾਲ ਪੰਜਾਬੀਆਂ ਦੇ ਮਾਨਸਿਕ ਵਿਵਹਾਰ ਵਿੱਚ ਵੀ ਬਦਲਾਅ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਪਰਿਵਰਤਨ ਅਤੇ ਨਵੀਂ ਚੇਤਨਤਾ ਸਦਕਾ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਬਹੁਤ ਸਾਰੇ ਨਵੇਂ ਸਾਹਿਤਕਾਰ, ਨਵਾਂ ਸਾਹਿਤ ਅਤੇ ਨਵੇਂ ਸਾਹਿਤ ਰੂਪ ਸਾਹਮਣੇ ਆਏ। ਸਿੱਖਿਆ ਅਤੇ ਨਵੀਂ ਚੇਤਨਾ ਨੇ ਪੰਜਾਬੀ ਔਰਤ ਸਾਹਮਣੇ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ। ਨਾਰੀ ਅੰਦਰ ਵਿਕਸਤ ਹੋਈ ਚੇਤਨਸ਼ੀਲਤਾ ਜਿੱਥੇ ਉਸ ਨੂੰ ਆਪਣੇ ਅਸਤਿਤਵ ਨਾਲ ਜੁੜੇ ਪ੍ਰਸ਼ਨਾਂ ਦੇ ਉੱਤਰ ਤਲਾਸ਼ਣ ਵੱਲ ਅਗਰਸਰ ਕਰਦੀ ਹੈ, ਉੱਥੇ ਉਸਦੇ ਅਸਤਿਤਵ ਨਾਲ ਜੁੜੇ ਸਰੋਕਾਰ ਸਾਹਿਤ ਦਾ ਹਿੱਸਾ ਬਣਨੇ ਸ਼ੁਰੂ ਹੋਏ। ਅਧੁਨਿਕ ਪੰਜਾਬੀ ਸਾਹਿਤ ਵਿੱਚ ਔਰਤ ਸਿਰਫ਼ ਪਾਤਰ ਹੀ ਨਹੀਂ ਬਣਦੀ ਸਗੋਂ ਸਿਰਜਕ ਵੀ ਬਣਦੀ ਹੈ। ਨਾਰੀ ਪੱਖ ਤੋਂ ਜੇਕਰ ਆਧੁਨਿਕ ਪੰਜਾਬੀ ਕਵਿਤਾ ਦੀ ਗੱਲ ਕਰੀਏ ਤਾਂ ਇਸ ਕਾਵਿ ਨੇ ਮੱਧਕਾਲੀਨ ਕਾਵਿ ਦੀਆਂ ਸਥਾਪਿਤ ਧਾਰਨਾਵਾਂ ਨੂੰ ਰੱਦ ਕਰਦਿਆਂ ਜਿੱਥੇ ਔਰਤ ਮਨ ਅੰਦਰ ਦਮਿਤ ਸੂਖ਼ਮ ਭਾਵਨਾਵਾਂ ਅਤੇ ਖ਼ਾਹਿਸ਼ਾਂ ਨੂੰ ਜ਼ੁਬਾਨ ਦਿੱਤੀ ਉੱਥੇ ਪਿੱਤਰਕੀ ਸਮਾਜ ਵਿਰੋਧੀ ਰਵੱਈਏ ਉੱਪਰ ਵੀ ਕਟਾਖ਼ਸ਼ ਕੀਤਾ। ਆਧੁਨਿਕ ਪੰਜਾਬੀ ਮਰਦ ਕਵੀਆਂ ਵਿੱਚੋਂ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ ਅਤੇ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਆਦਿ ਦੇ ਨਾਂ ਵਿਸ਼ੇਸ਼ ਜ਼ਿਕਰਯੋਗ ਹਨ, ਜਿਨ੍ਹਾਂ ਨੇ ਆਪਣੀ ਕਾਵਿ ਰਚਨਾ ਰਾਹੀਂ ਪਿੱਤਰੀ ਸਮਾਜ ਵਿੱਚ ਨਾਰੀ ਦੀ ਹਾਸ਼ੀਆਗਤ ਸਥਿਤੀ, ਉਸਦੀਆਂ ਦਮਿਤ ਕਾਮਨਾਵਾਂ ਅਤੇ ਮੂਕ ਵੇਦਨਾ ਨੂੰ ਪ੍ਰਗਟਾਇਆ ਹੈ। ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤ ਦੀ ਦੁਜੈਲੀ ਅਤੇ ਵਸਤੂਗਤ ਸਥਿਤੀ ਨੂੰ ਬਾਵਾ ਬਲਵੰਤ ਇਸ ਤਰ੍ਹਾਂ ਬਿਆਨ ਕਰਦਾ ਹੈ:

ਅਜਲ ਤੋਂ ਹੀ ਆਦਮੀ ਜ਼ਾਲਿਮ ਰਿਹਾ,
ਲੈ ਕੇ ਖ਼ੁਸ਼ੀਆਂ ਸੁਹਲ ਦੇਂਦਾ ਗ਼ਮ ਰਿਹਾ,
ਹਾਏ! ਔਰਤ ਇਕ ਖਿਡੌਣਾ ਹੀ ਰਹੀ,
ਔਰਤ ਹਮੇਸ਼ਾ ਮਰਦ ਦੀ ਦਾਸੀ ਰਹੀ।[171]

ਸ਼ਿਵ ਕੁਮਾਰ ਬਟਾਲਵੀ ਨੇ 'ਲੂਣਾ' ਰਚਨਾ ਰਾਹੀਂ ਪਿੱਤਰਸੱਤਾਤਮਕ ਸਮਾਜ ਦੇ ਦੋਹਰੇ ਮਾਪਦੰਡਾਂ ਨੂੰ ਪ੍ਰਸ਼ਨ ਚਿੰਨ੍ਹ ਕਰਦਿਆਂ ਨਾਰੀ ਦੇ ਹੱਕਾਂ ਦੀ ਗੱਲ ਕੀਤੀ। ਮੱਧਕਾਲ ਵਿੱਚ ਕਾਦਰਯਾਰ ਨੇ ਆਪਣੇ ਕਿੱਸੇ ਵਿੱਚ ਜਿੱਥੇ 'ਲੂਣਾ' ਨੂੰ ਚਰਿੱਤਰਹੀਣ ਅਤੇ ਕਾਮਨੀ ਦੇ ਰੂਪ ਵਿੱਚ ਪੇਸ਼ ਕੀਤਾ, ਉੱਥੇ ਸ਼ਿਵ ਕੁਮਾਰ ਨੇ 'ਲੂਣਾ'ਨੂੰ ਨਾਰੀ ਚੇਤਨਾ ਦੀ ਦ੍ਰਿਸ਼ਟੀਕੋਣ ਤੋਂ ਚਿਤਰਿਆ ਹੈ। ਉਹ ਨਾਰੀ ਦੀ ਪ੍ਰਤੀਨਿਧਤਾ ਕਰਦਾ ਲਿਖਦਾ ਹੈ:

ਪਿਤਾ ਜੇ ਧੀ ਦਾ ਰੂਪ ਹੰਢਾਵੇ

ਤਾਂ ਲੋਕਾਂ ਨੂੰ ਲਾਜ ਨਾ ਆਵੇ

.................................

ਚਰਿਤਰਹੀਣ ਤੇ ਤਾਂ ਕੋਈ ਆਖੇ

ਜੇਕਰ ਲੂਣਾ ਵੇਚੇ ਹਾਸੇ

ਪਰ ਜੇ ਹਾਣ ਨਾ ਲੱਭਣ ਮਾਪੇ

ਹਾਣ ਲੱਭਣ ਵਿੱਚ ਗੱਲ ਕੀਹ ਹੈ

ਅਪਮਾਨ ਦੀ?[172]

ਆਧੁਨਿਕ ਪੰਜਾਬੀ ਕਾਵਿ ਦੇ ਅੰਤਰਗਤ ਨਾਰੀ ਚੇਤਨਾ ਦੇ ਪੱਖੋਂ ਨਾਰੀ ਰਚਿਤ ਕਾਵਿ ਵਿਸ਼ੇਸ਼ ਵਿਲੱਖਣਤਾ ਦਾ ਧਾਰਨੀ ਹੈ। ਭਾਰਤੀ ਪੰਜਾਬੀ ਅਤੇ ਪ੍ਰਵਾਸੀ ਪੰਜਾਬੀ ਕਵਿੱਤਰੀਆਂ ਆਪਣੀ ਲੇਖਣੀ ਰਾਹੀਂ ਪ੍ਰਾਚੀਨ ਸਮੇਂ ਤੋਂ ਨਾਰੀ ਦੀ ਦਮਨਸ਼ੀਲ ਸਥਿਤੀ ਲਈ ਜ਼ਿੰਮੇਵਾਰ ਪ੍ਰੰਪਰਾਵਾਂ, ਰਸਮਾਂ-ਰੀਤਾਂ ਅਤੇ ਕੱਟੜ ਸਭਿਆਚਾਰਕ ਮਰਿਆਦਾਵਾਂ ਨੂੰ ਵੰਗਾਰਦੀਆਂ ਹੋਈਆਂ ਨਾਰੀ ਮਨ ਦੀਆਂ ਦਮਿਤ ਇੱਛਾਵਾਂ, ਅਕਾਂਖਿਆਵਾਂ ਨੂੰ ਰੂਪਮਾਨ ਕਰਦੀਆਂ ਹਨ। ਅੰਮ੍ਰਿਤਾ ਪ੍ਰੀਤਮ ਸਭ ਤੋਂ ਪਹਿਲੀ ਕਵਿੱਤਰੀ ਹੈ ਜਿਸ ਨੇ ਪਿੱਤਰੀ ਸਮਾਜ ਦੁਆਰਾ ਸਥਾਪਿਤ ਅਤੇ ਨਾਰੀ ਉੱਤੇ ਥੋਪੀਆਂ ਗਈਆਂ ਗ੍ਰਹਿਸਥ ਮਰਿਆਦਾ, ਪਤੀਬ੍ਰਤਾ ਤੇ ਚਰਿੱਤਰਕ ਪਵਿੱਤਰਤਾ ਤੇ ਕਟਾਖ਼ਸ਼ ਕਰਦਿਆਂ ਵਿਆਹ ਪ੍ਰਬੰਧ ਵਿੱਚ ਨਾਰੀ ਦੀ ਦੁਜੈਲੀ ਸਥਿਤੀ ਨੂੰ ਪ੍ਰਗਟ ਕੀਤਾ ਹੈ। ਇਸ ਸੰਦਰਭ ਵਿੱਚ ਉਸ ਦੀ 'ਅੰਨਦਾਤਾ' ਕਵਿਤਾ ਦੇਖੀ ਜਾ ਸਕਦੀ ਹੈ ਜੋ ਮਰਦ ਉੱਪਰ ਨਿਰਭਰ ਨਾਰੀ ਦੀ ਸਥਿਤੀ ਨੂੰ ਬਿਆਨ ਕਰਦੀ ਹੈ :

ਅੰਨਦਾਤਾ

ਮੈਂ ਚੰਮ ਦੀ ਗੁੱਡੀ, ਖੇਡ ਲੈ, ਖਿਡਾ ਲੈ

ਲਹੂ ਦਾ ਪਿਆਲਾ, ਪੀ ਲੈ ਪਿਲਾ ਲੈ

ਤੇਰੇ ਸਾਹਵੇਂ ਖੜ੍ਹੀ ਹਾਂ ਵਰਤਣ ਦੀ ਸ਼ੈ

ਜਿਵੇ ਚਾਹੇਂ ਵਰਤੇ ਲੈ।[173]

ਪ੍ਰਭਜੋਤ ਕੌਰ ਦੀ ਕਵਿਤਾ ਵਿੱਚ ਪ੍ਰੇਮ ਕੇਂਦਰੀ ਧੁਰਾ ਹੈ। ਉਸਦਾ ਕਾਵਿ ਨਾਰੀ ਚੇਤਨਾ ਦੇ ਅੰਤਰਗਤ ਪਤੀ ਵਿਰੋਧੀ ਜਾਂ ਮਰਦ-ਵਿਰੋਧੀ ਰੂਪ ਨਹੀ ਅਪਣਾਉਂਦਾ ਸਗੋਂ ਪਤੀ-ਪਤਨੀ ਸੰਬੰਧਾਂ ਵਿੱਚ ਬਰਾਬਰਤਾ ਸਥਾਪਿਤ ਕਰਨ ਵੱਲ ਰੁਚਿਤ ਹੁੰਦਾ ਹੈ। ਜਿਵੇ :

ਮੈਂ ਤੈਨੂੰ ਮਰਦ ਕਰ ਜਾਣਿਆ

ਮਰਦ

ਜੋ ਤੀਵੀਂ ਨੂੰ ਓਵੇਂ ਹੀ ਸੰਪੂਰਨ ਕਰਦਾ ਹੈ

ਜਿਵੇਂ ਤੀਵੀਂ ਮਰਦ ਨੂੰ [174]

ਸੁਖਵਿੰਦਰ ਅੰਮ੍ਰਿਤ ਦੇ ਕਾਵਿ ਵਿਚਲੀ ਨਾਰੀ ਨਾ ਕੇਵਲ ਆਪਣੇ ਸ਼ੋਸ਼ਣ ਪ੍ਰਤੀ ਜਾਗਰੂਕ ਹੈ ਬਲਕਿ ਨਾਰੀ ਦੀ ਹਾਸ਼ੀਆਕ੍ਰਿਤ ਸਥਿਤੀ ਨੂੰ ਬਣਾਈ ਰੱਖਣ ਲਈ ਸਥਾਪਿਤ ਮਿੱਥਕ ਪ੍ਰਬੰਧ ਨੂੰ ਤਰਕਸ਼ੀਲ ਦ੍ਰਿਸ਼ਟੀ ਰਾਹੀਂ ਵਿਸਥਾਪਿਤ ਵੀ ਕਰਦੀ ਹੈ :

ਨਹੀਂ ਪਰਵਾਣ

ਕਿ ਯਸ਼ੋਧਾਰਾ ਬਣ ਕੇ

ਵਿਛੋੜੇ ਦਾ ਸੱਲ ਜਰਾਂ

ਸ਼ਕੁੰਤਲਾ ਬਣ

ਉਡੀਕ ਦੀ ਸੂਲੀ ਤੇ ਚੜ੍ਹਾਂ।[175]

ਉਪਰੋਕਤ ਕਵਿੱਤਰੀਆਂ ਤੋਂ ਇਲਾਵਾ ਮਨਜੀਤ ਟਿਵਾਣਾ, ਪਾਲ ਕੌਰ, ਵਨੀਤਾ, ਮਨਜੀਤਪਾਲ ਕੌਰ, ਸ਼ਸ਼ੀ ਸਮੁੰਦਰਾ, ਸ਼ਰਨ ਮੱਕੜ, ਸੁਰਜੀਤ ਕਲਸੀ, ਭੁਪਿੰਦਰ ਕੌਰ ਪ੍ਰੀਤ, ਨਿਰੂਪਮਾ ਦੱਤ, ਮਨਜੀਤ ਇੰਦਰਾ, ਅਮਰਜੀਤ ਘੁੰਮਣ, ਅਮਰ ਜਿਉਤੀ, ਰਾਣੀ ਕੈਲਾਸ਼ਪੁਰੀ, ਕੁਲਦੀਪ ਕਲਪਨਾ, ਕਾਨਾ ਸਿੰਘ, ਬਲਜੀਤ ਕੌਰ, ਸਿਮਰਤ ਗਗਨ, ਡਾ. ਗੁਰਮਿੰਦਰ ਸਿੱਧੂ, ਰੁਪਿੰਦਰ ਕੌਰ, ਅਰਤਿੰਦਰ ਸੰਧੂ, ਨੀਰੂ ਅਸੀਮ, ਸ਼ਰੀਨ ਅਨੰਦਿਤਾ, ਇੰਦਰਜੀਤ ਨੰਦਨ, ਨੀਤੂ ਅਰੋੜਾ ਆਦਿ ਅਜਿਹੀਆਂ ਕਾਵਿ ਲੇਖਿਕਾਵਾਂ ਨੇ ਸਮਾਜ ਵਿੱਚ ਨਾਰੀ ਦਾ ਸਥਾਨ, ਉਸਦੇ ਸ਼ੋਸ਼ਣ ਅਤੇ ਦਮਨ ਪ੍ਰਤਿ ਚੇਤਨਾ, ਇਸ ਦਮਨ ਦਾ ਵਿਰੋਧ, ਨਾਰੀ ਦੇ ਆਤਮ-ਸਨਮਾਨ ਦੀ ਬਹਾਲੀ, ਉਸਦੇ ਅਸਤਿਤਵੀ ਮਸਲੇ ਆਦਿ ਨਾਰੀ ਸਰੋਕਾਰਾਂ ਨੂੰ ਸਮੇਂ-ਸਮੇਂ ਤੇ ਆਪਣੀ ਚੇਤਨ ਨਾਰੀ ਦ੍ਰਿਸ਼ਟੀ ਰਾਹੀਂ ਵਿਅਕਤ ਕੀਤਾ ਹੈ।

ਆਧੁਨਿਕ ਪੰਜਾਬੀ ਨਾਵਲ ਆਪਣੇ ਆਰੰਭਿਕ ਸਮੇਂ ਤੋਂ ਹੀ ਨਾਰੀ ਸਮੱਸਿਆਵਾਂ ਅਤੇ ਵਿਭਿੰਨ ਨਾਰੀ ਸਰੋਕਾਰਾਂ ਨੂੰ ਪੇਸ਼ ਕਰਨ ਵੱਲ ਰੁਚਿਤ ਰਿਹਾ ਹੈ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਨਾਵਲ ਦਾ ਮੋਢੀ ਮੰਨਿਆ ਜਾਂਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਦਾ ਵਿਸ਼ਾ ਭਾਵੇਂ ਸਿੱਖ ਇਤਿਹਾਸ ਨੂੰ ਵਿਸਤਾਰਨਾ ਰਿਹਾ ਹੈ ਪਰ ਉਸਨੇ ਆਪਣੇ ਨਾਰੀ ਪਾਤਰਾਂ ਨੂੰ ਆਪਣੀਆਂ ਸਮਕਾਲੀ ਸਮੱਸਿਆਵਾਂ ਨਾਲ ਜੂਝਦਿਆਂ ਦਿਖਾ ਕੇ ਉਸ ਸਮੇਂ ਦੀ ਨਾਰੀ ਅੰਦਰਲੀ ਸ਼ਕਤੀ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਉਸਦੇ 'ਸੁੰਦਰੀ' ਨਾਵਲ ਦੀ ਪਾਤਰ

ਸੁੰਦਰੀ, 'ਬਿਜੈ ਸਿੰਘ' ਨਾਵਲ ਦੀ ਪਾਤਰ ਸੁਸ਼ੀਲ ਕੌਰ, ਨਾਵਲ 'ਸਤਵੰਤ ਕੌਰ' ਦੀ ਪਾਤਰ ਸਤਵੰਤ ਕੌਰ, 'ਬਾਬਾ ਨੌਧ ਸਿੰਘ' ਦੀ ਪਾਤਰ ਸੁਭਾਗ ਕੌਰ ਆਦਿ ਦਲੇਰ, ਪਰਉਪਕਾਰੀ, ਨਿਡਰ, ਉੱਚੇ-ਸੁੱਚੇ ਇਖਲਾਕ ਵਾਲੀਆਂ ਆਦਰਸ਼ ਸਿੱਖ ਔਰਤਾਂ ਵਜੋਂ ਪੇਸ਼ ਹੁੰਦੀਆਂ ਹਨ ਜੋ ਸਮਾਜ ਦੀਆਂ ਗਲਤ ਕਦਰਾਂ-ਕੀਮਤਾਂ ਨਾਲ ਟਕਰਾਉਣ ਦੀ ਹਿੰਮਤ ਰੱਖਦੀਆਂ ਹਨ। ਸਮੁੱਚੇ ਤੌਰ ਤੇ ਭਾਈ ਵੀਰ ਸਿੰਘ ਦੇ ਨਾਵਲਾਂ ਵਿਚਲੇ ਨਾਰੀ ਪਾਤਰ ਧਾਰਮਿਕ ਗੌਰਵ ਦੇ ਪ੍ਰਤੀਕ ਹਨ।

ਨਾਨਕ ਸਿੰਘ ਪਹਿਲਾ ਸਮਾਜ ਸੁਧਾਰਵਾਦੀ ਨਾਵਲਕਾਰ ਹੈ ਜਿਸਨੇ ਜਾਗੀਰਦਾਰੀ ਸਮਾਜਿਕ ਪ੍ਰਬੰਧ ਵਿੱਚ ਜਿੱਥੇ ਪਿਆਰ ਵਿਆਹ, ਬਾਲ ਵਿਆਹ, ਵਿਧਵਾ ਵਿਆਹ ਅਤੇ ਅਣਜੋੜ ਵਿਆਹ, ਵੇਸਵਾ ਵ੍ਰਿਤੀ ਆਦਿ ਨਾਰੀ ਕੇਂਦਰਿਤ ਸਮੱਸਿਆਵਾਂ ਨੂੰ ਚਿਤਰਿਆ ਹੈ, ਉੱਥੇ ਉਹ ਇਹਨਾਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਸੁਝਾਅ ਵੀ ਪੇਸ਼ ਕਰਦਾ ਹੈ। ਨਾਨਕ ਸਿੰਘ ਦੇ ਨਾਵਲਾਂ ਵਿੱਚ ਜਿੱਥੇ ਪ੍ਰੰਪਰਕ ਭਾਰਤੀ ਸੰਸਕਾਰਾਂ ਵਿੱਚ ਬੱਝੇ ਅਤੇ ਆਤਮ-ਤਿਆਗ ਦੀ ਭਾਵਨਾ ਵਿੱਚ ਗ੍ਰਸਤ ਨਾਰੀ ਪਾਤਰ ਪੇਸ਼ ਹੋਏ, ਉੱਥੇ ਦੂਜੇ ਪਾਸੇ ਆਪਣੀ ਸਥਿਤੀ ਪ੍ਰਤੀ ਚੇਤੰਨ ਅਤੇ ਸੰਘਰਸ਼ਸ਼ੀਲ ਨਾਰੀ ਪਾਤਰ ਵੀ ਦ੍ਰਿਸ਼ਟੀਗੋਚਰ ਦਿਖਾਈ ਦਿੰਦੇ ਹਨ ਜਿਵੇਂ ਨਾਵਲ 'ਪਵਿੱਤਰ ਪਾਪੀ' ਦੀ ਮੁੱਖ ਪਾਤਰ ਵੀਣਾ, ਨਾਵਲ 'ਨਾਸੂਰ' ਦੀ ਪਾਤਰ ਬਾਲੀ, ਨਾਵਲ 'ਕੱਟੀ ਹੋਈ ਪਤੰਗ' ਦੀ ਕਾਮਨੀ ਆਦਿ। ਜਸਵੰਤ ਸਿੰਘ ਕੰਵਲ ਨੇ ਵੀ ਇਸਤਰੀ ਦੇ ਅਧਿਕਾਰਾਂ ਲਈ ਆਵਾਜ਼ ਉਠਾਈ। ਉਸਦੇ ਨਾਵਲਾਂ 'ਹਾਣੀ', 'ਪਾਲੀ', 'ਪੂਰਨਮਾਸ਼ੀ' ਵਿੱਚ ਜਾਗੀਰਦਾਰੀ ਨਿਜ਼ਾਮ ਵਿੱਚ ਮਰਦ ਦੇ ਰੋਹਬ ਥੱਲੇ ਲਿਤਾੜੀ ਨਾਰੀ ਦੀ ਸਥਿਤੀ ਨੂੰ ਪੇਸ਼ ਕਰਦੇ ਹਨ। 'ਰੂਪਧਾਰਾ' ਵਿੱਚ ਉਹਦੇ ਨਾਰੀ ਪਾਤਰ ਨਵੇਂ ਰੋਹ ਵਿੱਚ ਉੱਭਰਦੇ ਦਿਖਾਈ ਦਿੰਦੇ ਹਨ। 'ਜੇਰਾ' ਨਾਵਲ ਦੀ ਨਾਇਕਾ ਜਾਗੀਰੂ ਸਮਾਜਿਕ ਪ੍ਰਬੰਧ ਦੀਆਂ ਕਠੋਰ ਮਰਿਆਦਾਵਾਂ ਨੂੰ ਵੰਗਾਰਨ ਵਾਲੀ ਬੇਬਾਕ ਨਾਰੀ ਵਜੋਂ ਪੇਸ਼ ਹੋਈ ਹੈ।

ਕਰਤਾਰ ਸਿੰਘ ਦੁੱਗਲ 'ਇਕ ਦਿਲ ਵਿਕਊ ਹੈ' ਨਾਵਲ ਵਿੱਚ ਇਕ ਕਲਾਕਾਰ ਨਾਰੀ ਦੇ ਜੀਵਨ-ਬਿਰਤਾਂਤ ਦੇ ਨਾਲ-ਨਾਲ ਉਸਦੇ ਮਨ ਦੀਆਂ ਸਥਿਤੀਆਂ ਨੂੰ ਚਿਤਰਦਾ ਹੈ। ਰਾਮ ਸਰੂਪ ਅਣਖੀ ਨੇ ਵੀ ਆਪਣੇ ਨਾਵਲਾਂ ਵਿੱਚ ਨਾਰੀ ਦੀ ਦੁਖਾਂਤਕ ਸਥਿਤੀ ਨੂੰ ਸਮਾਜ-ਸਭਿਆਚਾਰਕ ਸੰਦਰਭ ਵਿੱਚ ਰੱਖ ਕੇ ਵਿਚਾਰਦਿਆਂ ਨਾਰੀ ਦੀਆਂ ਮਾਨਸਿਕ ਪਰਤਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਉਹ ਆਪਣੇ ਨਾਵਲਾਂ ਵਿੱਚ ਨਾਰੀ ਨਾਲ ਹੁੰਦੀਆਂ ਵਧੀਕੀਆਂ ਉਪਰੰਤ ਉਸ ਅੰਦਰ ਪੈਦਾ ਹੋਏ ਵਿਦਰੋਹ ਨੂੰ ਚਿਤਰ ਕੇ ਸਮਾਜ ਦੇ ਨਾਰੀ ਪ੍ਰਤੀ ਕਰੂਰ ਰਵੱਈਏ ਤੇ ਚੋਟ ਮਾਰਦਾ ਹੈ। ਜਿਵੇਂ 'ਪਰਤਾਪੀ' ਨਾਵਲ ਦੀ ਪਾਤਰ ਪਰਤਾਪੀ ਧਰਮਦਾਸ ਹੱਥੋਂ ਬਲਾਤਕਾਰ ਦੀ ਸ਼ਿਕਾਰ ਹੋਣ ਉਪਰੰਤ ਉਸਨੂੰ ਮਾਰ ਕੇ ਆਪਣੇ ਸ਼ੋਸ਼ਣ ਦਾ ਬਦਲਾ ਲੈਂਦੀ ਹੈ। ਇਸੇ ਤਰ੍ਹਾਂ 'ਕੋਠੇ ਖੜਕ ਸਿੰਘ' ਨਾਵਲ ਦੀ ਪਾਤਰ ਪੁਸ਼ਪਿੰਦਰ ਸਮੇਂ ਦੇ ਬਦਲਾਵ ਨਾਲ ਨਾਰੀ ਅੰਦਰ ਆਪਣੇ ਅਧਿਕਾਰਾਂ ਬਾਰੇ

ਪੈਦਾ ਹੋ ਰਹੀ ਚੇਤਨਾ ਨੂੰ ਦਰਸਾਉਂਦੀ ਹੈ। ਨਾਵਲਕਾਰ ਮੋਹਨ ਕਾਹਲੋਂ ਨੇ 'ਮੱਛਲੀ ਇਕ ਦਰਿਆ ਦੀ' ਅਤੇ 'ਬੇੜੀ ਤੇ ਬਰੇਤਾ' ਨਾਵਲਾਂ ਰਾਹੀਂ ਜਾਗੀਰਦਾਰੀ ਮਰਿਆਦਾ ਤੇ ਜਿਨਸੀ ਖਾਹਿਸ਼ਾਂ ਦੀ ਤ੍ਰਿਪਤੀ ਦੇ ਦਵੰਦ ਵਿੱਚ ਫਸੀ ਇਸਤਰੀ ਦੇ ਦੁਖਾਂਤ ਨੂੰ ਪੇਸ਼ ਕਰਨ ਦੇ ਨਾਲ-ਨਾਲ ਔਰਤ ਦੀ ਮਾਨਸਿਕ ਅਵਸਥਾ ਨੂੰ ਵੀ ਰੂਪਮਾਨ ਕੀਤਾ ਹੈ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਨਰੂਲਾ, ਨਰਿੰਦਰਪਾਲ ਸਿੰਘ, ਸੁਰਜੀਤ ਸੇਠੀ, ਨਿਰੰਜਨ ਤਸਨੀਮ, ਸੁਖਬੀਰ, ਕਰਮਜੀਤ ਕੁੱਸਾ, ਹਰਜੀਤ ਅਟਵਾਲ, ਨਦੀਮ ਪਰਮਾਰ ਆਦਿ ਨਾਵਲਕਾਰਾਂ ਨੇ ਸਮਕਾਲੀਨ ਸਮਾਜਿਕ ਪ੍ਰਬੰਧ ਅਤੇ ਵਿਭਿੰਨ ਪ੍ਰਸਥਿਤੀਆਂ ਵਿੱਚੋਂ ਉਤਪੰਨ ਨਾਰੀ ਦੀਆਂ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਉਹਨਾਂ ਦੇ ਨਾਵਲਾਂ ਵਿੱਚ ਪ੍ਰੰਪਰਕ ਭਾਰਤੀ ਸੰਸਕਾਰਾਂ ਵਿੱਚ ਬੱਝੇ ਨਾਰੀ ਪਾਤਰ ਵੀ ਨਜ਼ਰ ਆਉਂਦੇ ਹਨ ਅਤੇ ਆਪਣੀਆਂ ਸਥਿਤੀਆਂ ਪ੍ਰਤੀ ਜਾਗਰੂਕ ਅਤੇ ਪੜ੍ਹੇ-ਲਿਖੇ ਨਾਰੀ ਪਾਤਰ ਵੀ ਪੇਸ਼ ਹੋਏ ਹਨ। ਪੰਜਾਬੀ ਨਾਵਲ ਵਿੱਚ ਔਰਤ ਦਾ ਆਪਣੀ ਸਥਿਤੀ ਪ੍ਰਤੀ ਪਹਿਲਾ ਪ੍ਰਗਟਾਅ ਅੰਮ੍ਰਿਤਾ ਪ੍ਰੀਤਮ ਰਾਹੀਂ ਹੋਇਆ ਅਤੇ ਬਾਅਦ ਵਿੱਚ ਦਲੀਪ ਕੌਰ ਟਿਵਾਣਾ ਅਤੇ ਅਜੀਤ ਕੌਰ ਨੇ ਵੀ ਆਪਣੀਆਂ ਰਚਨਾਵਾਂ ਰਾਹੀਂ ਨਾਰੀ ਮਨ ਦੀ ਸੰਵੇਦਨਾ ਅਤੇ ਉਸ ਦੀਆਂ ਬਹੁਪਰਤੀ ਅਤੇ ਬਹੁਪੱਖੀ ਅਸਤਿਤਵੀ ਸਮੱਸਿਆਵਾਂ ਨੂੰ ਪੇਸ਼ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿੱਚ ਜਾਗੀਰਦਾਰੀ ਅਤੇ ਪੂੰਜੀਵਾਦੀ ਢਾਂਚੇ ਵਿੱਚ ਦੋਹਰੀ-ਤੀਹਰੀ ਲੁੱਟ ਦੀ ਸ਼ਿਕਾਰ ਹੋ ਰਹੀ ਔਰਤ ਨੂੰ ਵੀ ਪੇਸ਼ ਕੀਤਾ ਹੈ ਅਤੇ ਨਾਲ ਹੀ ਆਧੁਨਿਕ ਸੋਚ ਨੂੰ ਪ੍ਰਣਾਈ ਅਤੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਔਰਤ ਨੂੰ ਵੀ ਚਿਤਰਿਆ ਹੈ। ਉਸਦਾ ਚਰਚਿਤ ਨਾਵਲ 'ਪਿੰਜਰ' ਮਰਦ ਪ੍ਰਧਾਨ ਸਮਾਜ ਵਿੱਚ ਉਧਾਲੇ ਦੀ ਸ਼ਿਕਾਰ ਪਾਤਰ 'ਪੂਰੋ' ਰਾਹੀਂ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਰੂਪਮਾਨ ਕਰਦਾ ਹੋਇਆ ਔਰਤ ਦੀ ਮਨੋ-ਵੇਦਨਾ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪ੍ਰਗਟ ਕਰਦਾ ਹੈ। 'ਚੱਕ ਨੰਬਰ ਛੱਤੀ' ਵਿੱਚ ਅੰਮ੍ਰਿਤਾ ਪ੍ਰੀਤਮ ਨੇ ਔਰਤ-ਮਰਦ ਦੇ ਸੰਤੁਲਿਤ ਰਿਸ਼ਤੇ ਦੀ ਪ੍ਰਾਪਤੀ ਦੀ ਸਦੀਵੀ ਇੱਛਾ ਨੂੰ ਇਸਤਰੀ ਦੇ ਨੁਕਤੇ ਤੋਂ ਵਿਰੋਧੀ ਸਥਿਤੀ ਦੇ ਪ੍ਰਸੰਗ ਦੁਆਰਾ ਉਸਾਰਿਆ ਹੈ।

ਨਾਵਲਕਾਰ ਦਲੀਪ ਕੌਰ ਟਿਵਾਣਾ ਦੇ ਨਾਵਲਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਨਾਰੀ-ਮਰਦ ਦੇ ਰਿਸ਼ਤਿਆਂ ਨੂੰ ਆਲੋਚਨਾਤਮਕ ਪੱਧਰ ਤੇ ਚਿਤਰਿਆ ਹੈ। ਟਿਵਾਣਾ ਉਨ੍ਹਾਂ ਪ੍ਰਸਥਿਤੀਆਂ ਅਤੇ ਸਮਾਜ ਸਭਿਆਚਾਰਕ ਕਦਰਾਂ-ਕੀਮਤਾਂ 'ਤੇ ਸਵਾਲੀਆ ਨਿਸ਼ਾਨ ਲਾਉਂਦੀ ਹੈ ਜੋ ਔਰਤ ਨੂੰ ਇਕ ਵਸਤੂ ਬਣਾ ਦਿੰਦੀਆਂ ਹਨ। ਉਸਦੇ ਨਾਵਲਾਂ ਵਿਚਲੇ ਕਈ ਨਾਰੀ ਪਾਤਰ ਆਪਣੀਆਂ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਅਤੇ ਸ਼ੋਸ਼ਣ ਪ੍ਰਤੀ ਚੇਤੰਨ ਤਾਂ ਹਨ ਪਰ ਆਪਣੀਆਂ ਸੰਕਟਮਈ ਸਥਿਤੀਆਂ ਵਿੱਚੋਂ ਨਿਕਲਣ ਲਈ ਬੇਵੱਸ ਹਨ ਜਿਵੇਂ ਕਿ 'ਅਗਨੀ ਪ੍ਰੀਖਿਆ' ਨਾਵਲ ਦੀ ਪਾਤਰ ਮਨਦੀਪ ਅਤੇ 'ਤੀਲੀ ਦਾ ਨਿਸ਼ਾਨ' ਦੀ ਪਾਤਰ ਕਿਰਨ, 'ਵਾਟ ਹਮਾਰੀ' ਵਿਚਲੀ ਪਾਤਰ ਕੰਵਲ ਅਤੇ 'ਰਿਣ ਪਿੱਤਰਾਂ ਦਾ' ਦੀ ਪਾਤਰ ਸਿੰਮੀ ਨੂੰ ਦੇਖਿਆ ਜਾ ਸਕਦਾ ਹੈ। ਅਜੀਤ ਕੌਰ ਨੂੰ

ਪੰਜਾਬੀ ਸਾਹਿਤ ਵਿੱਚ ਬੇਬਾਕ ਲੇਖਿਕਾ ਦੇ ਤੌਰ ਤੇ ਜਾਣਿਆ ਜਾਂਦਾ ਹੈ। ਉਸਦੀ ਸੁਤੰਤਰ ਸੋਚ ਪਰੰਪਰਾ ਤੋਂ ਚਲੇ ਆ ਰਹੇ ਪ੍ਰਤੀਮਾਨਾਂ ਨੂੰ ਤੋੜਦੀ ਹੈ। ਉਸਦੇ ਨਾਵਲਿਟਾਂ ਵਿਚਲੇ ਨਾਰੀ ਪਾਤਰ ਸਦੀਆਂ ਤੋਂ ਨਾਰੀ ਅਤੇ ਨਾਰੀਤਵ ਬਾਰੇ ਪ੍ਰਚਲਿਤ ਆਦਰਸ਼ਾਂ ਅਤੇ ਵਿਸ਼ਵਾਸਾਂ ਤੋਂ ਮੁਕਤ ਹੋ ਕੇ ਨਿਵੇਕਲੀ ਕਿਸਮ ਦਾ ਸਦਾਚਾਰ ਸਿਰਜਣ ਵੱਲ ਆਕਰਸ਼ਿਤ ਹੁੰਦੇ ਹਨ। ਇਹ ਨਾਰੀ ਪਾਤਰ ਨਾ ਤਾਂ ਬੀਵੀ ਦੇ ਪ੍ਰਵਾਨਿਤ ਰੋਲ ਵਿੱਚ ਬੱਝੇ ਹੋਏ ਹਨ ਨਾ ਹੀ ਵੇਸਵਾ ਜਾਂ ਰਖੇਲ ਦੀ ਹੈਸੀਅਤ ਵਿੱਚ। ਨਾਵਲਿਟ 'ਪੋਸਟ ਮਾਰਟਮ' ਦੀ ਨਾਇਕਾ ਮੀਰਾ ਅਤੇ 'ਕੱਟੀਆ ਲਕੀਰਾਂ ਟੁੱਟੇ ਤ੍ਰਿਕੋਣ' ਦੀ ਨਾਇਕਾ ਸਿੰਮੀ, 'ਧੁੱਪ ਵਾਲਾ ਸ਼ਹਿਰ' ਦੀ ਨਾਇਕਾ ਗੀਤਾ ਆਦਿ ਅਜਿਹੀਆਂ ਨਾਰੀਆਂ ਹਨ ਜਿਹੜੀਆਂ ਆਪਣੇ ਮਰਦ ਸਾਥੀ ਤੋਂ ਸੰਪੂਰਨ ਪਿਆਰ ਅਤੇ ਸਾਥ ਦੀ ਉਮੀਦ ਕਰਦੀਆਂ ਹਨ। ਉਹ ਸਮਾਜਿਕ ਮਾਣ-ਮਰਿਆਦਾਵਾਂ ਨੂੰ ਆਪਣੇ ਆਪ 'ਤੇ ਲਾਗੂ ਨਹੀਂ ਹੋਣ ਦਿੰਦੀਆਂ ਪਰ ਆਪਣੀ ਮਰਜ਼ੀ ਨਾਲ ਲੱਭੇ ਸਾਥ ਵਿੱਚੋਂ ਆਪਣੀ ਬਰਾਬਰ ਦੀ ਹੋਂਦ ਮੰਨੇ ਜਾਣ ਦੀ ਤਵੱਕੋ ਰੱਖਦੀਆਂ ਹਨ ਅਤੇ ਇਸ ਇੱਛਾ ਦੀ ਪੂਰਤੀ ਨਾ ਹੋਣ ਕਾਰਨ ਨਿਰੰਤਰ ਭਟਕਣਾ, ਮਾਨਸਿਕ ਬੇਚੈਨੀ ਦਾ ਸੰਤਾਪ ਹੰਢਾਉਂਦੀਆਂ ਹਨ।

ਨਾਵਲਕਾਰ ਬਲਜੀਤ ਕੌਰ ਬੱਲੀ ਆਪਣੇ ਨਾਵਲਾਂ ਵਿੱਚ ਔਰਤ-ਮਰਦ ਦੋਵਾਂ ਨੂੰ ਹੀ ਸਮਾਜ-ਸਭਿਆਚਾਰਕ ਪ੍ਰਸਥਿਤੀਆਂ ਦੀ ਕਠੋਰਤਾ ਕਾਰਨ ਸੰਕਟਗ੍ਰਸਤ ਹੁੰਦਿਆਂ ਦਿਖਾਉਂਦੀ ਹੈ। ਨਾਵਲ 'ਠਰੀ ਰਾਤ' ਵਿੱਚ ਅਣਜੋੜ ਰਿਸ਼ਤਿਆਂ ਦਾ ਦੁਖਾਂਤ ਸਮਾਜਿਕ-ਆਰਥਿਕ ਵਿਵਸਥਾ ਦੇ ਪ੍ਰਸੰਗ ਵਿੱਚ ਸਿਰਜਿਆ ਗਿਆ ਹੈ। 'ਧੁੱਪ ਦੀ ਵਾਟ' ਨਾਵਲ ਤਿੰਨ ਪੀੜ੍ਹੀਆਂ ਦੀਆਂ ਔਰਤਾਂ ਭੂਆ ਗੁਲਾਬ ਕੌਰ, ਰਾਜਬੀਰ ਅਤੇ ਕਲਪਨਾ ਪਾਤਰਾਂ ਦੇ ਜੀਵਨ ਬਿਰਤਾਂਤ ਰਾਹੀਂ ਬਦਲਦੇ ਸਮਾਜਿਕ-ਸਭਿਆਚਾਰਕ ਸੰਦਰਭ ਵਿੱਚ ਔਰਤ ਦੀ ਸਥਿਤੀ ਨੂੰ ਪੇਸ਼ ਕਰਦਾ ਹੈ।

ਉਪਰੋਕਤ ਨਾਵਲਕਾਰਾਂ ਤੋਂ ਇਲਾਵਾ ਚੰਦਨ ਨੇਗੀ, ਕੈਲਾਸ਼ਪੁਰੀ, ਬਚਿੰਤ ਕੌਰ, ਸੁਖਵੰਤ ਕੌਰ ਮਾਨ, ਸੁਰਿੰਦਰ ਕੌਰ ਬਰਾੜ, ਸੁਰਿੰਦਰ ਨੀਰ ਆਦਿ ਨਾਰੀ ਨਾਵਲਕਾਰਾਂ ਨੇ ਵੀ ਆਪਣੇ ਨਾਵਲਾਂ ਰਾਹੀਂ ਨਾਰੀ ਦੀਆਂ ਸਮੱਸਿਆਵਾਂ, ਉਸਦੀਆਂ ਸੂਖ਼ਮ ਭਾਵਨਾਵਾਂ ਨੂੰ ਪ੍ਰਗਟਾਉਣ ਅਤੇ ਨਾਰੀ ਅੰਦਰ ਆਪਣੇ ਸਵੈ ਪ੍ਰਤੀ ਪੈਦਾ ਹੋ ਰਹੀ ਚੇਤਨਤਾ ਨੂੰ ਰੂਪਮਾਨ ਕਰਨ ਦਾ ਯਤਨ ਕੀਤਾ ਹੈ।

ਪੰਜਾਬੀ ਨਾਟਕ ਦੇ ਖੇਤਰ ਵਿੱਚ ਸਭ ਤੋਂ ਪਹਿਲਾ ਨਾਟਕਕਾਰ ਈਸ਼ਵਰ ਚੰਦਰ ਨੰਦਾ ਨੇ ਆਪਣੇ ਨਾਟਕਾਂ ਵਿੱਚ ਨਾਰੀ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਪੇਸ਼ ਕੀਤਾ। 'ਸੁਭੱਦਰਾ' ਨਾਟਕ ਵਿੱਚ ਉਸਨੇ ਵਿਧਵਾ ਦੇ ਪੁਨਰ ਵਿਆਹ ਅਤੇ 'ਵਰ-ਘਰ' ਵਿੱਚ ਪ੍ਰੇਮ ਵਿਆਹ ਆਦਿ ਨਾਰੀ ਸਰੋਕਾਰਾਂ ਨੂੰ ਪੇਸ਼ ਕੀਤਾ। 'ਸੁਭੱਦਰਾ' ਨਾਟਕ ਦੀ ਮੁੱਖ ਪਾਤਰ ਸੁਭੱਦਰਾ ਬਾਲ ਵਿਧਵਾ ਹੈ ਜਿਹੜੀ ਆਪਣੇ ਸਮੇਂ ਦੇ ਕੱਟੜ ਬ੍ਰਾਹਮਣਵਾਦੀ ਸਮਾਜ ਦੀਆਂ ਕੀਮਤਾਂ ਨੂੰ ਉਲੰਘ ਕੇ ਵਿਆਹ ਰਚਾਉਂਦੀ ਹੈ। ਨਾਟਕਕਾਰ ਨੇ ਇਸ ਨਾਟਕ ਰਾਹੀਂ ਆਪਣੇ ਸਮੇਂ ਦੀ

ਵਿਸ਼ਾਲ ਸਮੱਸਿਆ ਵਿਧਵਾ ਨਾਰੀ ਦੀ ਦੁਰਦਸ਼ਾ ਦਾ ਚਿਤਰਨ ਕਰਕੇ ਨਾਰੀ ਨੂੰ ਆਪਣੇ ਮਾਨਵੀ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਦਾ ਯਤਨ ਕੀਤਾ ਹੈ।

ਸੰਤ ਸਿੰਘ ਸੇਖੋਂ ਨੇ 'ਕਲਾਕਾਰ' ਅਤੇ 'ਦਮਯੰਤੀ' ਨਾਟਕਾਂ ਵਿੱਚ ਮਿਥਿਹਾਸਕ ਪਾਤਰਾਂ ਨੂੰ ਯੁੱਗ ਅਨੁਕੂਲ ਪ੍ਰਸਥਿਤੀਆਂ ਵਿੱਚ ਢਾਲ ਕੇ ਪੇਸ਼ ਕੀਤਾ ਹੈ। 'ਕਲਾਕਾਰ' ਵਿੱਚ ਸੇਖੋਂ ਨੇ ਗੌਤਮ ਰਿਸ਼ੀ ਅਤੇ ਅਹੱਲਿਆ ਦੀ ਕਥਾ ਨੂੰ ਪਿਛੋਕੜ ਵਿੱਚ ਰੱਖ ਕੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਪੁਰਾਤਨ ਕਥਾ ਵਿੱਚ ਨਾਰੀ ਨੂੰ ਬੜੀ ਬੇਵੱਸ ਦੱਸਿਆ ਗਿਆ ਸੀ ਜੋ ਮਰਦਾਂ ਦੇ ਜ਼ੁਲਮਾਂ ਨੂੰ ਸਹਿੰਦੀ ਹੈ, ਪਰ ਅੱਜ ਦੀ ਅਹੱਲਿਆ ਮਰਦਾਂ ਦੁਆਰਾ ਸ਼ੋਸ਼ਣ ਨੂੰ ਸਹਿਣ ਤੋਂ ਇਨਕਾਰੀ ਹੈ। ਏਸੇ ਤਰ੍ਹਾਂ ਹੀ ਦਮਯੰਤੀ ਪੁਰਾਤਨ ਕਾਲ ਦੀ ਨਾਰੀ ਹੈ ਪ੍ਰੰਤੂ ਆਪਣੇ ਨਾਟਕ ਵਿੱਚ ਸੇਖੋਂ ਨੇ ਉਸ ਨੂੰ ਨਵੀਨ ਕਾਲ ਦੀ ਨਾਰੀ ਬਣਾ ਕੇ ਪ੍ਰਸਤੁਤ ਕੀਤਾ ਹੈ, ਜਿਹੜੀ ਕਿ ਨਿੱਜੀ ਪਿਆਰ ਵਿੱਚ ਅਡੋਲ ਹੋਣ ਤੋਂ ਇਲਾਵਾ ਆਰਥਿਕ ਯੋਜਨਾਵਾਂ ਬਣਾਉਣ ਵਾਲੀ ਜਨਹਿਤੈਸ਼ੀ ਨਾਰੀ ਹੈ। ਡਾ. ਹਰਚਰਨ ਸਿੰਘ ਨੇ 'ਸੋਭਾ ਸ਼ਕਤੀ' ਅਤੇ 'ਅਨਜੋੜ' ਨਾਟਕਾਂ ਰਾਹੀਂ ਔਰਤ ਅੰਦਰ ਚੇਤਨਤਾ ਜਗਾਉਣ ਦਾ ਯਤਨ ਕੀਤਾ ਹੈ। 'ਸੋਭਾ ਸ਼ਕਤੀ' ਨਾਟਕ ਦੀ ਮੁੱਖ ਪਾਤਰ ਸੋਭਾ ਜ਼ਹੀਨ, ਸੰਵੇਦਨਸ਼ੀਲ ਅਤੇ ਸ਼ਕਤੀਸ਼ਾਲੀ ਔਰਤ ਹੈ ਜਿਹੜੀ ਆਪਣੇ ਮਨ ਚਾਹੇ ਜੀਵਨ-ਸਾਥੀ ਨੂੰ ਅਪਣਾਉਣ ਲਈ ਆਪਣੇ ਪਿਤਾ ਤੋਂ ਬਗਾਵਤ ਕਰਨ ਦਾ ਸਾਹਸ ਕਰਦੀ ਹੈ। ਬਲਵੰਤ ਗਾਰਗੀ ਨੇ ਆਪਣੇ ਨਾਟਕਾਂ ਵਿੱਚ ਪਹਿਲੀ ਵਾਰ ਸਮਾਜਿਕ ਸਮੱਸਿਆਵਾਂ ਦੇ ਸਮਾਨਾਂਤਰ ਮਨੁੱਖੀ ਮਨ ਦੀਆਂ ਦੱਬੀਆਂ-ਘੁੱਟੀਆਂ ਇੱਛਾਵਾਂ ਨੂੰ ਰੂਪਮਾਨ ਕੀਤਾ ਹੈ। ਉਸਦੇ ਨਾਟਕਾਂ ਵਿੱਚ ਹਰ ਤਰ੍ਹਾਂ ਦੀ ਨਾਰੀ ਪੇਸ਼ ਹੋਈ ਹੈ ਜਿਵੇਂ ਪਿੱਤਰੀ ਪ੍ਰਬੰਧ ਵਿੱਚ ਜਕੜੀ ਰਹਿਣ ਵਾਲੀ 'ਕਣਕ ਦੀ ਬੱਲੀ' ਨਾਟਕ ਦੀ ਪਾਤਰ ਤਾਰੋ, ਵਿਆਹ ਸੰਸਥਾ ਨੂੰ ਤੱਜ ਕੇ ਖੁੱਲ੍ਹ ਕੇ ਜ਼ਿੰਦਗੀ ਮਾਨਣ ਦੀ ਚਾਹਤ ਰੱਖਣ ਵਾਲੀ 'ਧੂਣੀ ਦੀ ਅੱਗ' ਨਾਟਕ ਦੀ ਪਾਤਰ ਰੀਟਾ ਆਦਿ। ਭਾਰਤੀ ਮਹਾਂਨਗਰਾਂ ਵਿੱਚ ਨਾਰੀ ਚੇਤਨਾ ਕਿਵੇਂ ਵਿਕਸਿਤ ਹੋ ਕੇ ਨਾਰੀ ਸੰਘਰਸ਼ ਵਿੱਚ ਤਬਦੀਲ ਹੋ ਜਾਂਦੀ ਹੈ ਇਸ ਪ੍ਰਕਿਰਿਆ ਨੂੰ ਗੁਰਚਰਨ ਸਿੰਘ ਜਸੂਜਾ ਨੇ ਆਪਣੇ ਨਾਟਕ 'ਪਰੀਆ' ਰਾਹੀਂ ਦਰਸਾਇਆ ਹੈ। ਡਾ. ਸੁਰਜੀਤ ਸਿੰਘ ਸੇਠੀ ਦਾ ਨਾਟਕ 'ਮੈਂ ਵੀ ਹਾਂ ਨਾਟਕ ਦੀ ਪਾਤਰ' ਵਿੱਚ ਅਜਿਹਾ ਪ੍ਰੇਰਨਾਮਈ ਸੰਦੇਸ਼ ਹੈ, ਜਿਸ ਤੋਂ ਯੁਵਾ ਪੀੜ੍ਹੀ ਦੀ ਨਾਰੀ ਉਤਸ਼ਾਹਿਤ ਹੁੰਦੀ ਹੈ। ਨਾਟਕ ਦੀ ਪਾਤਰ ਮਿਸ ਰਾਜ ਢਿੱਲੋਂ ਪੜ੍ਹੀ-ਲਿਖੀ, ਅਗਾਂਹਵਧੂ ਸੋਚ ਨੂੰ ਪ੍ਰਣਾਈ ਅਜਿਹੀ ਨਾਰੀ ਹੈ ਜਿਹੜੀ ਬਿਨਾਂ ਕਿਸੇ ਦੀ ਨਿਰਭਰਤਾ ਦੇ ਆਪਣੀ ਨਿੱਜੀ ਕਾਬਲੀਅਤ ਰਾਹੀਂ ਅਜਿਹੇ ਪਦ 'ਤੇ ਪਹੁੰਚਦੀ ਹੈ ਜਿਸ ਤੇ ਪਹਿਲਾਂ ਮਰਦ ਦੀ ਹੀ ਇਜ਼ਾਰੇਦਾਰੀ ਹੁੰਦੀ ਸੀ। ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ 'ਝਨਾਂ ਦੇ ਪਾਣੀ', 'ਤਲਖ਼ ਹਨੇਰੇ', 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਵਿੱਚ ਸਮਾਜਿਕ ਸ਼ੋਸ਼ਣ ਦੀ ਸ਼ਿਕਾਰ ਨਾਰੀ ਦੀ ਸਥਿਤੀ ਦਾ ਉਲੇਖ ਕਰਕੇ ਨਾਰੀ ਦੀ ਮਨੋਦਸ਼ਾ ਨੂੰ ਰੂਪਮਾਨ ਕੀਤਾ

ਹੈ। ਡਾ. ਆਤਮਜੀਤ ਨੇ 'ਮੈਂ ਤਾਂ ਇਕ ਸਾਰੰਗੀ ਹਾਂ' ਵਿੱਚ ਤਿੰਨ ਨਾਰੀ ਪਾਤਰਾਂ ਗੀਤਾ, ਪਾਲ ਤੇ ਮੀਨਾ ਰਾਹੀਂ ਨਾਰੀ ਦੀ ਪਿੱਤਰੀ ਸਮਾਜਿਕ ਪ੍ਰਬੰਧ ਵਿੱਚ ਸ਼ੋਸ਼ਿਤ ਸਥਿਤੀ ਨੂੰ ਰੂਪਮਾਨ ਕੀਤਾ ਹੈ। ਜਤਿੰਦਰ ਬਰਾੜ 'ਕੁਦੇਸਣ' ਨਾਟਕ ਵਿੱਚ ਗੰਗਾ ਨਾਂ ਦੀ ਪਾਤਰ ਰਾਹੀਂ ਮੁੱਲ ਦੀ ਤੀਵੀਂ ਦੇ ਦੁਖਾਂਤ ਨੂੰ ਪੇਸ਼ ਕਰਦਾ ਹੈ। ਸਵਰਾਜਬੀਰ ਨੇ 'ਸ਼ਾਇਰੀ' ਨਾਟਕ ਰਾਹੀਂ ਉੱਨੀਵੀਂ ਸਦੀ ਦੀ ਪੰਜਾਬੀ ਕਵਿਤਰੀ ਪੀਰੋ ਦੇ ਜੀਵਨ ਕਾਲ ਨਾਲ ਸੰਬੰਧਿਤ ਘਟਨਾਵਾਂ ਨੂੰ ਆਧਾਰ ਬਣਾ ਕੇ ਇਕ ਸੰਵੇਦਨਸ਼ੀਲ ਨਾਰੀ ਦੀ ਕੱਟੜ ਸਾਮੰਤਕੀ ਪ੍ਰਬੰਧ ਨਾਲ ਜਦੋ-ਜਹਿਦ ਨੂੰ ਪੇਸ਼ ਕੀਤਾ ਹੈ। ਨਾਟਕਕਾਰ ਭੁਪਿੰਦਰ ਸਿੰਘ ਪਾਲੀ ਨੇ 'ਚੰਦਨ ਦੇ ਓਹਲੇ' ਨਾਟਕ ਰਾਹੀਂ ਸਮਾਜ ਦੀ ਉਸ ਪਿੱਤਰਕੀ ਸੋਚ ਨੂੰ ਉਘਾੜਿਆ ਹੈ ਜਿਸ ਤਹਿਤ ਮਾਪੇ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਧੀਆਂ ਨੂੰ ਪਰਵਾਸੀ ਬੁੱਢਿਆਂ ਨਾਲ ਨਰੜ ਦਿੰਦੇ ਹਨ।

ਪੰਜਾਬੀ ਨਾਟਕ ਦੇ ਖੇਤਰ ਵਿੱਚ ਵਧੇਰੇ ਯੋਗਦਾਨ ਮਰਦ ਲੇਖਕਾਂ ਦਾ ਹੀ ਰਿਹਾ ਹੈ। ਔਰਤ ਲੇਖਿਕਾਵਾਂ ਨੇ ਵਧੇਰੇ ਕਰਕੇ ਕਾਵਿ ਅਤੇ ਗਲਪ ਸਾਹਿਤ ਰਾਹੀਂ ਨਾਰੀ ਸਰੋਕਾਰਾਂ ਨੂੰ ਪੇਸ਼ ਕੀਤਾ ਹੈ। ਉਪਰੋਕਤ ਮਰਦ ਨਾਟਕਕਾਰਾਂ ਤੋਂ ਬਿਨਾਂ ਜਿਨ੍ਹਾਂ ਕੁਝ ਕੁ ਨਾਰੀ ਨਾਟਕਕਾਰਾਂ ਨੇ ਨਾਟਕ ਵਿਧਾ ਵਿੱਚ ਨਾਰੀ ਸਮੱਸਿਆਵਾਂ ਅਤੇ ਨਾਰੀ ਸਥਿਤੀ ਨੂੰ ਦ੍ਰਿਸ਼ਮਾਨ ਕੀਤਾ ਹੈ ਉਹਨਾਂ ਵਿੱਚ ਮਨਜੀਤ ਪਾਲ ਕੌਰ ਦਾ ਨਾਟਕ 'ਸਾਹਿਬਾਂ', 'ਸੁੰਦਰਾ', ਰਾਜਵੰਤ ਕੌਰ ਮਾਨ ਦਾ ਨਾਟਕ 'ਅਮਨ ਦੀ ਆਵਾਜ਼', ਅਵਤਾਰ ਕੌਰ ਆਜ਼ਾਦ ਦਾ ਨਾਟਕ 'ਅੱਜ ਦੀ ਦਰੋਪਦੀ', 'ਕਰਵਾ ਚੌਥ' ਅਤੇ ਸੁਖਵੰਤ ਕੌਰ ਦਾ 'ਸਤੀ ਪ੍ਰੀਖਿਆ' ਜ਼ਿਕਰਯੋਗ ਨਾਂ ਹਨ।

ਆਧੁਨਿਕ ਪੰਜਾਬੀ ਸਾਹਿਤ ਰੂਪਾਂ ਵਿੱਚੋਂ ਕਹਾਣੀ ਸਾਹਿਤ ਰੂਪ ਸਭ ਤੋਂ ਵੱਧ ਪ੍ਰਫੁਲਿਤ ਅਤੇ ਹਰਮਨ ਪਿਆਰਾ ਸਾਹਿਤ ਰੂਪ ਹੈ। ਪੰਜਾਬੀ ਕਹਾਣੀ ਆਪਣੇ ਮੁੱਢਲੇ ਸਮੇਂ ਤੋਂ ਲੈ ਕੇ ਸਮਕਾਲ ਤੱਕ ਮਨੁੱਖੀ ਸਮਾਜਿਕ ਜੀਵਨ ਦੇ ਹਰ ਪੱਖ ਅਤੇ ਹਰ ਵਿਸ਼ੇ ਨੂੰ ਪ੍ਰਗਟਾਉਣ ਵਿੱਚ ਸਫਲ ਰਹੀ ਹੈ। ਇਹ ਆਪਣੀਆਂ ਸਮਕਾਲੀ ਪ੍ਰਸਥਿਤੀਆਂ ਅਨੁਸਾਰ ਆਪਣਾ ਰੁਖ ਬਦਲਦੀ ਆਈ ਹੈ। ਆਧੁਨਿਕ ਪੰਜਾਬੀ ਕਹਾਣੀ ਵਿੱਚ ਵੀ ਹੋਰਨਾਂ ਸਾਹਿਤਕ ਵਿਧਾਵਾਂ ਵਾਂਗ ਆਰੰਭਲੇ ਸਮੇਂ ਤੋਂ ਹੀ ਨਾਰੀ ਸਥਿਤੀ ਨਾਲ ਜੁੜੇ ਅਨੇਕਾਂ ਸਰੋਕਾਰ ਜਿਵੇਂ ਦਾਜ ਦੀ ਸਮੱਸਿਆ, ਅਣਜੋੜ ਵਿਆਹ, ਬਾਲ ਵਿਆਹ, ਮੁੱਲ ਦਾ ਵਿਆਹ, ਬਾਂਝ ਔਰਤ ਦੀ ਸਥਿਤੀ, ਵਿਧਵਾ ਵਿਆਹ, ਵੇਸਵਾ ਪ੍ਰਥਾ, ਉਧਾਲੀ ਹੋਈ ਔਰਤ ਦਾ ਦੁਖਾਂਤ, 1947 ਦੀ ਵੰਡ ਦਾ ਸੰਤਾਪ ਭੋਗਦੀ ਔਰਤ ਦੀ ਮਨੋਦਸ਼ਾ, ਜਾਗੀਰਦਾਰੀ ਸਿਸਟਮ ਵਿੱਚ ਜਕੜੀ ਔਰਤ ਦੀ ਸਥਿਤੀ ਦੀ ਪੇਸ਼ਕਾਰੀ ਨਿਰੰਤਰ ਹੁੰਦੀ ਆਈ ਹੈ। ਮੁੱਢਲੇ ਪੰਜਾਬੀ ਕਹਾਣੀਕਾਰਾਂ ਵਿੱਚੋਂ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਡਾ. ਮੋਹਨ ਸਿੰਘ ਦੀਵਾਨਾ, ਗੁਰਮੁਖ ਸਿੰਘ ਮੁਸਾਫ਼ਿਰ ਆਦਿ ਨੇ ਨਾਰੀ ਮਨ ਦੀ ਸਥਿਤੀ, ਉਸ ਦੀਆਂ ਸੂਖ਼ਮ ਭਾਵਨਾਵਾਂ ਨੂੰ ਬੜੀ ਸੰਵੇਦਨਸ਼ੀਲ ਦ੍ਰਿਸ਼ਟੀ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹਨਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਵਿੱਚ ਆਦਰਸ਼ਵਾਦੀ

ਰੰਗ ਭਾਰੂ ਹੋਣ ਕਰਕੇ ਇਹਨਾਂ ਵਿਚਲੇ ਨਾਰੀ ਪਾਤਰ ਆਦਰਸ਼ ਪਤਨੀ, ਪੁੱਤਰੀ, ਪ੍ਰਮਿਕਾ, ਭੈਣ ਅਤੇ ਨੂੰਹ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਉਂਦੇ ਹਨ। ਪਰੰਪਰਕ ਸੰਸਕਾਰਾਂ ਵਿੱਚ ਬੱਝੇ ਇਹਨਾਂ ਨਾਰੀ ਪਾਤਰਾਂ ਦੀ ਸੰਵੇਦਨਾ ਪਿੱਤਰਕੀ ਪ੍ਰਬੰਧ ਦੇ ਸ਼ੋਸ਼ਣ ਖ਼ਿਲਾਫ਼ ਵਿਦਰੋਹੀ ਸੁਰ ਧਾਰਨ ਕਰਦੀ ਦਿਖਾਈ ਨਹੀਂ ਦਿੰਦੀ।

ਕਹਾਣੀਕਾਰ ਨਾਨਕ ਸਿੰਘ ਨੇ ਨਾਰੀ ਦੀ ਹੋਂਦ ਨੂੰ ਅਣਜੋੜ ਵਿਆਹ, ਵਿਧਵਾ ਵਿਆਹ, ਵੇਸਵਾ ਪ੍ਰਥਾ ਆਦਿ ਸਮੱਸਿਆਵਾਂ ਦੇ ਪ੍ਰਸੰਗ ਵਿੱਚ ਰੱਖ ਕੇ ਪੇਸ਼ ਕੀਤਾ ਹੈ। ਉਸ ਦੀਆਂ ਕਥਾ ਨਾਇਕਾਵਾਂ ਆਦਰਸ਼ ਮਾਂ, ਪਤਨੀ ਅਤੇ ਭੈਣ ਦੇ ਰੂਪ ਵਜੋਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਜਿਵੇਂ 'ਯਾਦ' ਕਹਾਣੀ ਦੀ ਮੁੱਖ ਪਾਤਰ ਇੰਦਰਾ ਜਵਾਨੀ ਵਿੱਚ ਵਿਧਵਾ ਹੋਣ ਉਪਰੰਤ ਪਹਿਲਾਂ ਆਪਣੇ ਪੁੱਤਰ ਦੇ ਸਹਾਰੇ ਜ਼ਿੰਦਗੀ ਕੱਟਣ ਦਾ ਮਨ ਬਣਾਉਂਦੀ ਹੈ ਅਤੇ ਪੁੱਤਰ ਦੀ ਮੌਤ ਤੋਂ ਬਾਅਦ ਉਸ ਦੀਆਂ ਯਾਦਾਂ ਨੂੰ ਹੀ ਆਪਣੇ ਜੀਵਨ ਦਾ ਸਹਾਰਾ ਬਣਾ ਲੈਂਦੀ ਹੈ। ਏਸੇ ਤਰ੍ਹਾਂ 'ਹਾਰ ਬਦਲੇ ਮੋਤੀ' ਕਹਾਣੀ ਦੀ ਬੇਔਲਾਦ ਪਾਤਰ ਜਮੁਨਾ ਆਪਣੇ ਪਤੀ ਦਾ ਦੂਜਾ ਵਿਆਹ ਸਿਰਫ਼ ਇਸ ਡਰੋਂ ਕਰਵਾ ਦਿੰਦੀ ਹੈ ਤਾਂ ਜੋ ਉਹਨਾਂ ਦੀ ਜ਼ਮੀਨ ਸ਼ਰੀਕੇ ਵਿੱਚ ਨਾ ਚਲੀ ਜਾਵੇ। ਆਪਣੀ ਸੌਂਕਣ ਦੀ ਕੁੱਖੋਂ ਹੋਏ ਬੱਚੇ ਨੂੰ ਦੇਖ ਕੇ ਜਮੁਨਾ ਬੇਹੱਦ ਖੁਸ਼ੀ ਮਹਿਸੂਸ ਕਰਦੀ ਹੈ। ਸੋ ਨਾਨਕ ਸਿੰਘ ਦੀਆਂ ਕਥਾ ਨਾਇਕਾਵਾਂ ਆਪਣੇ ਵਿਅਕਤੀਗਤ ਅਧਿਕਾਰਾਂ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕਰਦੀਆਂ। ਨਾਨਕ ਸਿੰਘ ਵਾਂਗ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਹਾਣੀਆਂ ਵੀ ਅਣਜੋੜ ਵਿਆਹ, ਵਿਧਵਾ ਵਿਆਹ, ਵੇਸਵਾਵ੍ਰਿਤੀ, ਔਰਤ-ਮਰਦ ਸੰਬੰਧ ਅਤੇ ਆਦਰਸ਼ ਪ੍ਰੇਮ ਆਦਿ ਨਾਲ ਸੰਬੰਧਿਤ ਹਨ। ਉਸਦੀ ਕਹਾਣੀ 'ਭਾਬੀ ਮੈਨਾ' ਪੱਚੀ ਵਰ੍ਹਿਆਂ ਦੀ ਵਿਧਵਾ ਮੈਨਾ ਦੇ ਅੰਤਰਮਨ ਦੀ ਸਥਿਤੀ ਅਤੇ ਦੁਖਾਂਤ ਨੂੰ ਪੇਸ਼ ਕਰਦੀ ਹੈ। ਜਵਾਨ ਉਮਰ ਵਿੱਚ ਆਪਣਾ ਪਤੀ ਅਤੇ ਇਕ ਬੱਚਾ ਗਵਾ ਚੁੱਕੀ ਮੈਨਾ ਕਠੋਰ ਸਭਿਆਚਾਰਕ ਦਮਨ ਅਤੇ ਕੱਟੜ ਧਾਰਮਿਕ ਪ੍ਰਪੰਚ ਹੱਥੋਂ ਮਜ਼ਬੂਰ ਹੋ ਕੇ ਅੰਤ ਆਤਮ ਹੱਤਿਆ ਕਰ ਲੈਂਦੀ ਹੈ। ਏਸੇ ਤਰ੍ਹਾਂ 'ਪ੍ਰਮੇਸ਼ਵਰੀ ਦਾ ਵਿਆਹ' ਕਹਾਣੀ ਵਿੱਚ ਮੁੱਲ ਦੇ ਵਿਆਹ ਦੀ ਸਮੱਸਿਆ ਨੂੰ ਪੇਸ਼ ਕੀਤਾ ਗਿਆ ਹੈ। ਪ੍ਰਮੇਸ਼ਵਰੀ ਦੀ ਵਿਧਵਾ ਮਾਂ ਮਾੜੀ ਆਰਥਿਕ ਸਥਿਤੀ ਕਾਰਨ ਆਪਣੀ ਜਵਾਨ ਧੀ ਪ੍ਰਮੇਸ਼ਵਰੀ ਦਾ ਵਿਆਹ ਬੁੱਢੇ ਅਮੀਰ ਸੇਠ ਨਾਲ ਕਰ ਦਿੰਦੀ ਹੈ। 'ਵੀਣਾ ਵਿਨੋਦ' ਕਹਾਣੀ ਵਿੱਚ ਕਹਾਣੀਕਾਰ ਵਿਨੋਦ ਪਾਤਰ ਦੁਆਰਾ ਵਿਧਵਾ ਵੀਣਾ ਨਾਲ ਵਿਆਹ ਕਰਾਉਣ ਦਾ ਘਟਨਾਕ੍ਰਮ ਦਿਖਾ ਕੇ ਵਿਧਵਾ ਦੇ ਪੁਨਰ ਵਿਆਹ ਦੀ ਹਾਮੀ ਭਰਦਾ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਈ ਕਥਾ ਨਾਇਕਾਵਾਂ ਆਪਣੇ ਪਰਿਵਾਰ ਅਤੇ ਪ੍ਰੀਤ ਨੂੰ ਨਿਭਾਉਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦੀਆਂ ਹਨ ਜਿਵੇਂ 'ਰਤਨਾਵਲੀ' ਅਤੇ 'ਵਿਧਵਾ ਪ੍ਰੀਤ' ਦੀਆਂ ਨਾਇਕਾਵਾਂ। ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਦੁੱਗਲ ਅਤੇ ਕੁਲਵੰਤ ਸਿੰਘ ਵਿਰਕ ਆਦਿ ਨਾਲ ਪੰਜਾਬੀ ਕਹਾਣੀ ਵਿੱਚ ਪ੍ਰਗਤੀਵਾਦੀ ਚੇਤਨਾ ਦਾ ਪ੍ਰਵੇਸ਼ ਹੁੰਦਾ ਹੈ। ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਹੇਠ ਇਹਨਾਂ ਲੇਖਕਾਂ ਨੇ ਆਪਣੀ ਯਥਾਰਥਵਾਦੀ ਦ੍ਰਿਸ਼ਟੀ

ਰਾਹੀਂ ਉਹਨਾਂ ਕਰੂਰ ਅਤੇ ਜਟਿਲ ਪ੍ਰਸਥਿਤੀਆਂ ਨੂੰ ਪੇਸ਼ ਕੀਤਾ ਜੋ ਨਾਰੀ ਦੀ ਨਿਮਨ ਸਥਿਤੀ ਲਈ ਜ਼ਿੰਮੇਵਾਰ ਹਨ। ਇਸ ਸਮੇਂ ਦੀ ਕਹਾਣੀ ਵਿੱਚ ਪੂੰਜੀਵਾਦੀ ਢਾਂਚੇ ਵਿੱਚ ਸ਼ੋਸ਼ਿਤ ਹੋ ਰਹੀ ਮਜ਼ਦੂਰ, ਘਰੇਲੂ ਅਤੇ ਨੌਕਰੀਪੇਸ਼ਾ ਔਰਤ ਉੱਪਰ ਵਿਸ਼ੇਸ਼ ਰੂਪ ਵਿੱਚ ਧਿਆਨ ਕੇਂਦਰਿਤ ਕੀਤਾ ਗਿਆ ਹੈ। ਫਰਾਇਡਵਾਦੀ ਚਿੰਤਨ ਤੋਂ ਪ੍ਰੇਰਿਤ ਹੋ ਕੇ ਇਸ ਸਮੇਂ ਦੇ ਕਹਾਣੀਕਾਰ ਨਾਰੀ ਮਨ ਦੇ ਅਣਦਿਸਦੇ ਸੰਸਾਰ ਨੂੰ ਚਿਤਰਣ ਵੱਲ ਰੁਚਿਤ ਹੁੰਦੇ ਹਨ। ਜਿਵੇਂ ਸੰਤ ਸਿੰਘ ਸੇਖੋਂ ਦੀ ਕਹਾਣੀ 'ਮੁੜ ਵਿਧਵਾ' ਅਤੇ ਸੁਜਾਨ ਸਿੰਘ ਦੀ ਕਹਾਣੀ 'ਰਾਸ ਲੀਲਾ' ਨੂੰ ਦੇਖਿਆ ਜਾ ਸਕਦਾ ਹੈ। 'ਮੁੜ ਵਿਧਵਾ' ਕਹਾਣੀ ਵਿੱਚ ਵਿਧਵਾ ਕੁੜੀ ਗੱਡੀ ਵਿੱਚ ਸਫਰ ਦੌਰਾਨ ਪਰਾਏ ਮਰਦ ਨਾਲ ਕੁਝ ਘੰਟਿਆਂ ਦੇ ਸਾਥ ਵਿੱਚੋਂ ਆਪਣੀ ਕਾਮਨਾ ਦੀ ਤ੍ਰਿਪਤੀ ਅਤੇ ਅਪਣਾਪਣ ਮਹਿਸੂਸ ਕਰਦੀ ਹੈ। ਸੁਜਾਨ ਸਿੰਘ ਦੀ ਕਹਾਣੀ 'ਰਾਸ ਲੀਲਾ' ਪੈਂਹਠ ਸਾਲ ਦੇ ਬੁੱਢੇ ਦੁਆਰਾ ਪੈਸੇ ਨਾਲ ਵਿਆਹ ਕੇ ਲਿਆਂਦੀ ਗਰੀਬ ਨੌਜਵਾਨ ਕੁੜੀ ਰਾਧਾ ਦੀਆਂ ਅਤ੍ਰਿਪਤ ਕਾਮਨਾਵਾਂ ਨੂੰ ਬੜੀ ਸੂਖ਼ਮਤਾ ਨਾਲ ਪੇਸ਼ ਕਰਦੀ ਹੈ। ਰਾਧਾ ਆਪਣੇ ਗੁਆਂਢ ਵਿੱਚ ਰਹਿੰਦੇ ਦਸ ਸਾਲ ਦੇ ਲੜਕੇ ਕ੍ਰਿਸ਼ਨ ਨੂੰ ਮਰਦ ਰੂਪ ਵਿੱਚ ਗ੍ਰਹਿਣ ਕਰਦੀ ਹੋਈ ਉਸ ਨਾਲ ਰਾਸ ਲੀਲ੍ਹਾ ਦਾ ਪ੍ਰਪੰਚ ਰਚਾ ਕੇ ਇੰਦਰਾਈ ਸਪਰਸ਼ ਵਿੱਚੋਂ ਕਾਮ ਆਨੰਦ ਦੀ ਤ੍ਰਿਪਤੀ ਅਨੁਭਵ ਕਰਦੀ ਹੈ। ਏਸੇ ਤਰ੍ਹਾਂ ਕਰਤਾਰ ਸਿੰਘ ਦੁੱਗਲ ਦੀ 'ਹਵਾਲਦਾਰ ਦੀ ਵਹੁਟੀ' ਕਹਾਣੀ ਵੀ ਬਾਲ ਉਮਰ ਵਿੱਚ ਹਵਾਲਦਾਰ ਸੈਦੇ ਖਾਨ ਨਾਲ ਵਿਆਹੀ ਪਾਤਰ ਫ਼ਜ਼ਲ ਨੂਰ ਦੀ ਮਨੋ ਸਥਿਤੀ ਨੂੰ ਬਿਆਨ ਕਰਦੀ ਹੈ। ਫ਼ਜ਼ਲਾਂ ਦੀ ਬਿਮਾਰੀ ਕਾਰਨ ਉਸਦੇ ਪਤੀ ਸੈਦੇ ਖਾਨ ਦਾ ਦੂਰ ਰਹਿਣਾ ਸੀ ਪਰ ਉਸਦਾ ਪੇਕਾ ਅਤੇ ਸਹੁਰਾ ਪਰਿਵਾਰ ਉਸਦੀ ਮਾਨਸਿਕਤਾ ਨੂੰ ਸਮਝਣ ਦੀ ਬਜਾਇ ਜਾਦੂ-ਟੂਣਿਆਂ ਰਾਹੀਂ ਉਸਨੂੰ ਠੀਕ ਕਰਨ ਵਿੱਚ ਲੱਗੇ ਰਹਿੰਦੇ ਹਨ। ਪਰ ਜਦੋਂ ਸੈਦਾ ਖਾਨ ਘਰ ਆਉਂਦਾ ਹੈ ਤਾਂ ਉਹ ਫਿਰ ਨਵੀਂ ਨਰੋਈ ਹੋ ਜਾਂਦੀ ਹੈ। ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਛਾਹ ਵੇਲਾ' ਵੀ ਇਸਤਰੀ-ਮਰਦ ਦੀ ਆਪਸੀ ਖਿੱਚ ਅਤੇ ਪਿਆਰ ਦੀ ਸਿੱਕ ਨੂੰ ਬਿਆਨ ਕਰਦੀ ਹੈ। ਸੰਤ ਸਿੰਘ ਸੇਖੋਂ ਦੀ ਕਹਾਣੀ 'ਵਿੱਦਿਆ', 'ਪਿਕਨਿਕ', ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਸ਼ੇਰਨੀਆ', 'ਬੰਦ ਤਾਕੀਆਂ', ਦੁੱਗਲ ਦੀ ਕਹਾਣੀ 'ਪਿੱਪਲ ਪੱਤੀਆਂ', 'ਮੀਰਾ ਮੁਸੱਲੀ' ਨਾਰੀ ਦੇ ਸੰਘਰਸ਼ ਅਤੇ ਉਸ ਅੰਦਰ ਪੈਦਾ ਹੋ ਰਹੀ ਚੇਤਨਤਾ ਨੂੰ ਪੇਸ਼ ਕਰਦੀਆਂ ਹਨ। ਰਾਮ ਸਰੂਪ ਅਣਖੀ ਦੀਆਂ ਕਹਾਣੀਆਂ ਵੀ ਔਰਤ ਚੇਤਨਤਾ ਅਤੇ ਔਰਤ ਦੀ ਬਦਲ ਰਹੀ ਸਥਿਤੀ ਨੂੰ ਦਰਸਾਉਂਦੀਆਂ ਹਨ। 'ਬਹੁਤਾ ਬੋਲਣ ਵਾਲੀ' ਅਤੇ 'ਇਕ ਕੁੜੀ ਧੌਲ ਮੋਲ' ਕਹਾਣੀਆਂ ਦੀਆਂ ਨਾਰੀ ਪਾਤਰਾਂ ਅਜਿਹੀਆਂ ਜਾਗਰੂਕ ਔਰਤਾਂ ਹਨ ਜਿਹੜੀਆਂ ਆਪਣੀ ਜ਼ਿੰਦਗੀ ਦੇ ਫ਼ੈਸਲੇ ਖ਼ੁਦਮੁਖ਼ਤਿਆਰੀ ਨਾਲ ਲੈਂਦੀਆਂ ਹਨ। 'ਪੈਰ ਦੀ ਜੁੱਤੀ' ਕਹਾਣੀ ਦੀ ਨਾਇਕਾ ਨਿਹਾਲੋ ਪਿੱਤਰੀ ਪ੍ਰਬੰਧ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਣ ਵਾਲੇ ਨਿਮਨ ਅਤੇ ਨਿਮਾਣੇ ਬਿੰਬ ਨੂੰ ਤੋੜਦੀ ਹੋਈ ਇਕ ਦਲੇਰ ਔਰਤ ਵਜੋਂ ਪ੍ਰਗਟ ਹੁੰਦੀ ਹੈ। ਉਹ ਆਪਣੇ ਸ਼ਰਾਬੀ ਪਤੀ ਨੂੰ ਸਬਕ ਸਿਖਾਉਂਦੀ ਹੋਈ ਆਪਣੀ ਸਥਿਤੀ ਨੂੰ ਬਦਲਦੀ ਹੈ। ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ

ਔਰਤ-ਮਰਦ ਸੰਬੰਧਾਂ ਦੇ ਜਟਿਲ ਵਰਤਾਰੇ ਨੂੰ ਆਪਣੀ ਵਿਭਿੰਨ ਦ੍ਰਿਸ਼ਟੀ ਰਾਹੀਂ ਪ੍ਰਗਟਾਇਆ ਹੈ। ਉਹ ਆਪਣੀਆਂ ਕਹਾਣੀਆਂ ਵਿੱਚ ਪਾਤਰਾਂ ਦੇ ਮਾਨਸਿਕ ਧਰਾਤਲ ਉੱਪਰ ਧਿਆਨ ਕੇਂਦਰਿਤ ਕਰਦਾ ਹੈ। ਉਸ ਦੀਆਂ ਕਥਾ ਨਾਇਕਾਵਾਂ ਪ੍ਰੌੜ ਅਵਸਥਾ ਵਿੱਚ ਜਾ ਕੇ ਆਪਣੇ ਪਤੀ ਕੋਲੋਂ ਸਰੀਰਕ ਅਤੇ ਮਾਨਸਿਕ ਪੱਖੋਂ ਅਸੰਤੁਸ਼ਟ ਜਾਪਦੀਆਂ ਹਨ ਅਤੇ ਅਜਿਹੀ ਸਥਿਤੀ ਵਿੱਚ ਸਮਾਜਿਕ-ਨੈਤਿਕ ਮਰਿਆਦਾਵਾਂ ਦੀ ਉਲੰਘਣਾ ਕਰਦੀਆਂ ਹਨ। 'ਸ਼ਵੇਤਾਂਬਰ ਨੇ ਕਿਹਾ ਸੀ' ਕਹਾਣੀ ਦੀ ਸ਼ਾਦੀਸ਼ੁਦਾ ਔਰਤ ਪਾਤਰ ਪ੍ਰੋਫੈਸਰ ਮੋਦੀ ਵੱਲ ਝੁਕਦੀ ਹੋਈ ਉਸ ਪਾਸੋਂ ਸਰੀਰਕ, ਮਾਨਸਿਕ ਤ੍ਰਿਪਤੀ ਕਰਦੀ ਹੈ ਭਾਵੇਂ ਕਿ ਬਾਅਦ ਵਿੱਚ ਇਹ ਸੰਬੰਧ ਉਸ ਨੂੰ ਬੋਝ ਜਾਪਣ ਲੱਗਦਾ ਹੈ। ਇਸੇ ਤਰ੍ਹਾਂ 'ਡੈਂਡਲਾਈਨ' ਕਹਾਣੀ ਦੀ ਮੁੱਖ ਪਾਤਰ ਮਿਸਿਜ਼ ਆਨੰਦ ਆਪਣੇ ਬਿਮਾਰ ਦਿਉਰ ਸੱਤੀ ਨਾਲ ਜਿਨਸੀ ਸੰਬੰਧ ਬਣਾਉਣ ਤੋਂ ਸੰਕੋਚ ਨਹੀਂ ਕਰਦੀ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚਲੇ ਨਾਰੀ ਪਾਤਰ ਆਜ਼ਾਦ ਜ਼ਿੰਦਗੀ ਜਿਉਣ ਅਤੇ ਖੁੱਲ੍ਹ ਦੀਆਂ ਇਛੁੱਕ ਹਨ।

ਇਹਨਾਂ ਕਹਾਣੀਕਾਰਾਂ ਤੋਂ ਇਲਾਵਾ ਪ੍ਰੇਮ ਗੋਰਖੀ, ਕਰਪਾਲ ਕਜ਼ਾਕ, ਮੋਹਨ ਭੰਡਾਰੀ, ਜਸਬੀਰ ਭੁੱਲਰ, ਅਜਮੇਰ ਸਿੱਧੂ, ਸੁਖਜੀਤ, ਜਿੰਦਰ, ਤਲਵਿੰਦਰ, ਕੁਲਵੰਤ ਗਿੱਲ, ਜਤਿੰਦਰ ਹਾਂਸ, ਜਸਬੀਰ ਰਾਣਾ, ਗੁਰਪਾਲ ਸਿੰਘ ਲਿੱਟ, ਗੁਰਪ੍ਰੀਤ ਧਾਲੀਵਾਲ, ਜਰਨੈਲ ਸਿੰਘ, ਰਵਿੰਦਰ ਰਵੀ, ਅਮਨਪਾਲ ਸਾਰਾ, ਜਗਜੀਤ ਸਿੰਘ ਬਰਾੜ, ਆਦਿ ਭਾਰਤੀ ਅਤੇ ਪਰਵਾਸੀ ਪੰਜਾਬੀ ਮਰਦ ਕਹਾਣੀਕਾਰਾਂ ਨੇ ਔਰਤ ਦੀ ਸਮਾਜ-ਸਭਿਆਚਾਰਕ ਸਥਿਤੀ, ਔਰਤ ਮਨ ਦੀਆਂ ਸੂਖ਼ਮ ਭਾਵਨਾਵਾਂ, ਬਦਲ ਰਹੀਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿੱਚ ਔਰਤ ਦੀ ਬਦਲ ਰਹੀ ਸੰਵੇਦਨਾ ਅਤੇ ਨਾਰੀ ਚੇਤਨਾ ਦੇ ਵਿਭਿੰਨ ਪਾਸਾਰਾਂ ਨੂੰ ਵਿਭਿੰਨ ਸੰਦਰਭਾਂ ਵਿੱਚ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ।

ਔਰਤ ਕਹਾਣੀਕਾਰਾਂ ਵਿੱਚ ਪ੍ਰਗਤੀਵਾਦੀ ਚੇਤਨਾ ਦੇ ਪ੍ਰਭਾਵ ਸਰੂਪ ਸਭ ਤੋਂ ਪਹਿਲਾਂ ਅੰਮ੍ਰਿਤਾ ਪ੍ਰੀਤਮ ਨੇ ਆਪਣੀਆਂ ਕਹਾਣੀਆਂ ਵਿੱਚ ਅਣਜੋੜ ਵਿਆਹ, ਵਿਧਵਾ ਵਿਆਹ, ਬਾਲ ਵਿਆਹ, ਔਰਤ ਦਾ ਜਬਰਦਸਤੀ ਉਧਾਲਾ, ਵੇਸਵਾ ਪ੍ਰਥਾ, ਨੌਕਰੀਪੇਸ਼ਾ ਅਤੇ ਘਰੇਲੂ ਔਰਤ ਦੀ ਸਥਿਤੀ ਆਦਿ ਨਾਰੀ ਮਸਲਿਆਂ ਨੂੰ ਪੇਸ਼ ਕੀਤਾ ਹੈ। 'ਘੱਲੂ ਦੀ ਮਾਂ' ਕਹਾਣੀ ਵਿੱਚ ਅੰਮ੍ਰਿਤਾ ਪ੍ਰੀਤਮ ਅਣਜੋੜ ਵਿਆਹ ਅਤੇ ਮਤਰੇਈ ਮਾਂ ਦੀ ਮਾਨਸਿਕ ਸਥਿਤੀ ਨੂੰ ਰੂਪਮਾਨ ਕਰਦੀ ਹੋਈ ਮਤਰੇਈ ਮਾਂ ਪ੍ਰਤੀ ਬਣੇ ਪ੍ਰੰਪਰਕ ਨਾਂਹ ਮੁਖੀ ਦ੍ਰਿਸ਼ਟੀਕੋਣ ਨੂੰ ਤੋੜਦੀ ਹੈ। 'ਸ਼ਾਮੀ ਕਬਾਬ' ਕਹਾਣੀ ਔਰਤ ਦੀ ਮੁਹੱਬਤ ਅਤੇ ਔਰਤਾਂ ਦੇ ਜ਼ਬਰਦਸਤੀ ਉਧਾਲੇ ਦੇ 'ਦੁਖਾਂਤ' ਨੂੰ ਪੇਸ਼ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਪਰੰਪਰਕ ਭਾਰਤੀ ਸੰਸਕਾਰਾਂ ਨੂੰ ਪ੍ਰਣਾਏ ਔਰਤ ਪਾਤਰ ਵੀ ਪੇਸ਼ ਹੋਏ ਹਨ ਅਤੇ ਪਿੱਤਰਕੀ ਪ੍ਰਬੰਧ ਨੂੰ ਚੁਣੌਤੀ ਦੇਣ ਅਤੇ ਆਪਣੀ ਸੁਤੰਤਰ ਹੋਂਦ ਪ੍ਰਤੀ ਚੇਤੰਨ ਨਾਰੀ ਪਾਤਰ ਵੀ ਦਿਖਾਈ ਦਿੰਦੇ ਹਨ। 'ਛੱਬੀ ਵਰ੍ਹੇ' ਕਹਾਣੀ ਦੀ ਨਾਇਕਾ ਮਮਤਾ ਪ੍ਰੇਮ ਵਿਆਹ ਲਈ ਮਾਪਿਆਂ ਜਾਂ ਸਮਾਜ ਦਾ ਵਿਰੋਧ ਕਰਨ ਦੀ ਬਜਾਇ ਮਾਪਿਆਂ ਦੀ ਮਰਜ਼ੀ ਅਨੁਸਾਰ ਵਿਆਹ ਕਰਵਾ ਕੇ ਆਪਣੀ ਹੋਂਦ ਨੂੰ ਖ਼ਤਰੇ ਵਿੱਚ ਪਾ ਲੈਂਦੀ ਹੈ। 'ਖਾਲੀ

ਕੈਨਵਾਸ’ ਅਤੇ ‘ਉਹ ਔਰਤ’ ਕਹਾਣੀਆਂ ਦੀਆਂ ਨਾਇਕਾਵਾਂ ਸਦੀਆਂ ਤੋਂ ਹਾਸ਼ੀਏ ਤੇ ਧੱਕੀ ਔਰਤ ਦੀ ਚੁੱਪੀ ਨੂੰ ਤੋੜਦੀਆਂ ਹੋਈਆਂ ਆਪਣੇ ਸਵੈਮਾਨ ਲਈ ਪਿੱਤਰਕੀ ਪ੍ਰਬੰਧ ਵਿਰੁੱਧ ਬਗਾਵਤ ਕਰਦੀਆਂ ਹਨ।

ਦਲੀਪ ਕੌਰ ਟਿਵਾਣਾ ਦੀਆਂ ਕਹਾਣੀਆਂ ਜਾਗੀਰਦਾਰੀ ਪ੍ਰਬੰਧ ਵਿੱਚ ਜਕੜੀ ਹੋਈ ਮਰਦਾਵੇਂ ਸਮਾਜ ਹੱਥੋਂ ਸ਼ੋਸ਼ਿਤ ਹੁੰਦੀ ਔਰਤ ਦੀ ਸਥਿਤੀ ਨੂੰ ਰੂਪਮਾਨ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਵਿੱਚ ਪੰਜਾਬੀ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਨੈਤਿਕ ਮਰਿਆਦਾਵਾਂ ਦਾ ਪਾਲਣਾ ਕਰਨ ਵਾਲੇ ਔਰਤ ਪਾਤਰ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਅਤੇ ਸਥਾਪਿਤ ਮਰਿਆਦਾਵਾਂ ਦਾ ਵਿਰੋਧ ਕਰਨ ਵਾਲੇ ਔਰਤ ਪਾਤਰ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਉਸਦੀ ਕਹਾਣੀ ‘ਵਾਵਰੋਲਾ’ ਦੀ ਪਾਤਰ ਮਨਦੀਪ ‘ਰੂਪ ਰਾਣੀ’ ਕਹਾਣੀ ਦੀ ਪਾਤਰ ਰਾਣੀ, ‘ਕਿਸੇ ਦੀ ਧੀ’ ਕਹਾਣੀ ਦੀ ਨਾਇਕਾ ਪਾਲੀ ਅਣਜੋੜ ਵਿਆਹ ਦਾ ਸੰਤਾਪ ਹੰਢਾਉਂਦੀਆਂ ਹੋਈਆਂ ਪਿੱਤਰਕੀ ਪ੍ਰਬੰਧ ਪ੍ਰਤੀ ਕੋਈ ਵਿਦਰੋਹ ਨਹੀਂ ਜਤਾਉਂਦੀਆਂ। ‘ਅਮਰ ਬਾਬੂ’ ਕਹਾਣੀ ਦੀ ਨਾਇਕਾ ਊਸ਼ਾ ਪੜ੍ਹੀ-ਲਿਖੀ ਅਤੇ ਨੌਕਰੀਪੇਸ਼ਾ ਹੋਣ ਦੇ ਬਾਵਜੂਦ ਪਤੀ ਅਮਰ ਦੀ ਵਧੀਕੀਆਂ ਜਰਦੀ ਹੋਈ ਪਹਿਲਾਂ ਪਤੀ ਦੇ ਦਬਾਅ ਹੇਠ ਨੌਕਰੀ ਛੱਡ ਦਿੰਦੀ ਹੈ ਅਤੇ ਫਿਰ ਪਤੀ ਦੁਆਰਾ ਉਸਦਾ ਗਰਭਪਾਤ ਕਰਵਾਉਣ ਸਮੇਂ ਮੌਤ ਦੇ ਮੂੰਹ ਵਿੱਚ ਚਲੀ ਜਾਂਦੀ ਹੈ। ‘ਬਾਲਾ ਦੀਦੀ’, ‘ਤੇਰਾ ਸਭ ਕੁਝ’ ਅਤੇ ‘ਮਰਨ ਰੁੱਤ’ ਕਹਾਣੀਆਂ ਦੀਆਂ ਕਥਾ ਨਾਇਕਾਵਾਂ ਆਪਣੀ ਸਵੈ ਹੋਂਦ ਪ੍ਰਤੀ ਚੇਤੰਨ ਔਰਤ ਵਜੋਂ ਸਾਹਮਣੇ ਆਉਂਦੀਆਂ ਹਨ ਜਿਹੜੀਆਂ ਆਪਣੇ ਪ੍ਰੇਮੀ ਦੀ ਬੇਵਫਾਈ ਕਾਰਨ ਬੇਸ਼ੱਕ ਮਾਨਸਿਕ ਦੁੱਖ ਭੋਗਦੀਆਂ ਹਨ ਪਰ ਆਪਣੀ ਚੇਤਨਤਾ ਕਾਰਨ ਉਹ ਮੁੜ ਜ਼ਿੰਦਗੀ ਨੂੰ ਜਿਊਣ ਲਈ ਅੱਗੇ ਵੱਧਦੀਆਂ ਹਨ।

ਅਜੀਤ ਕੌਰ ਦੀਆਂ ਕਹਾਣੀਆਂ ਮਹਾਂਨਗਰੀ ਸਭਿਆਚਾਰ ਵਿਚਲੇ ਔਰਤ-ਮਰਦ ਸੰਬੰਧਾਂ ਦੇ ਸੱਚ ਨੂੰ ਬੜੀ ਨਿਸ਼ੰਗਤਾ ਨਾਲ ਪੇਸ਼ ਕਰਦੀਆਂ ਹਨ। ਉਸ ਦੀਆਂ ਕਥਾ ਨਾਇਕਾਵਾਂ ਭਰਪੂਰ ਪਿਆਰ ਦੀ ਪ੍ਰਾਪਤੀ ਲਈ ਸਥਾਪਿਤ ਮਰਿਆਦਾਵਾਂ ਨੂੰ ਤੋੜਨ ਦੀ ਜ਼ੁਰੱਅਤ ਕਰਦੀਆਂ ਹੋਈਆਂ ਸਮਾਜਿਕ ਬਦਨਾਮੀ ਦੀ ਪਰਵਾਹ ਨਹੀਂ ਕਰਦੀਆਂ। ਇਹ ਔਰਤ ਪਾਤਰਾਂ ਮਰਦ ਲਈ ਮਹਿਜ ਕਾਮ ਵਸਤੂ ਬਣਨਾ ਸਵਿਕਾਰ ਨਹੀ ਕਰਦੀਆਂ ਜਿਸ ਕਰਕੇ ਉਹ ਅਜਿਹੇ ਮਰਦ ਦੀ ਸੋਚ ਦੀ ਵੀ ਵਿਰੋਧਤਾ ਕਰਦੀਆਂ ਹਨ। ‘ਫਾਲਤੂ ਔਰਤ’ ਕਹਾਣੀ ਦੀ ਨਾਇਕਾ ਆਪਣੇ ਪ੍ਰੇਮੀ ਉਮੇਸ਼ ਨਾਲ ਅਜਿਹਾ ਰਿਸ਼ਤਾ ਰੱਖਣ ਤੋਂ ਇਨਕਾਰੀ ਹੋ ਜਾਂਦੀ ਹੈ ਜਿਹੜਾ ਸਿਰਫ਼ ਆਪਣੇ ਨਿੱਜੀ ਰੁਝੇਵਿਆਂ ਤੋਂ ਰਾਹਤ ਪਾਉਣ ਲਈ ਗੀਤਾ ਨਾਲ ਜਿਨਸੀ ਸੰਬੰਧ ਰੱਖਣਾ ਚਾਹੁੰਦਾ ਹੈ। ਜਦੋਂਕਿ ਗੀਤਾ ਉਮੇਸ਼ ਨਾਲ ਦਿਲੋਂ ਪਿਆਰ ਕਰਦੀ ਹੈ ਅਤੇ ਉਸਨੂੰ ਆਪਣਾ ਜੀਵਨ ਸਾਥੀ ਬਣਾਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ‘ਖੋਖੇ ਦੀ ਠੂਠੀ’ ਕਹਾਣੀ ਦੀ ਨਾਇਕਾ ਜੂਹੀ ਨੂੰ ਆਪਣਾ ਆਪ ਖੋਪੇ ਦੀ ਠੂਠੀ ਵਰਗਾ ਲੱਗਦਾ ਹੈ। ਜੂਹੀ ਇਕ ਤੋਂ ਬਾਅਦ ਦੂਜੇ, ਤੀਜੇ ਮਰਦ ਨਾਲ ਸੰਬੰਧ ਬਣਾਉਂਦੀ ਹੈ ਪਰ ਉਸਨੂੰ ਆਪਣੇ ਮਨ ਦਾ ਮੀਤ

ਨਹੀਂ ਮਿਲਦਾ। 'ਇਕ ਪੋਰਟਰੇਟ' ਕਹਾਣੀ ਦੀ ਨਾਇਕਾ ਤਾਰਾ ਵੀ ਇਸ ਕਿਸਮ ਦੀਆਂ ਸਥਿਤੀਆਂ ਵਿੱਚ ਘਿਰੀ ਹੋਈ ਹੈ। 'ਸੂਹਾ ਸਾਲੂ' ਅਤੇ 'ਗੁਲਬਾਨੋ' ਦੀਆਂ ਕਥਾ ਨਾਇਕਾਵਾਂ ਰਾਹੀਂ ਕਹਾਣੀਕਾਰ ਅਜੀਤ ਕੌਰ ਆਪਣੇ ਪਤੀ ਪਾਸੋਂ ਭਰਪੂਰ ਪਿਆਰ ਨਾ ਮਿਲਣ ਕਾਰਣ ਪਰਾਏ ਮਰਦ ਪ੍ਰਤੀ ਆਕਰਸ਼ਿਤ ਹੁੰਦੀ ਪਤਨੀ ਦੀ ਮਨੋ ਸਥਿਤੀ ਅਤੇ ਪਿੱਤਰਕੀ ਸਿਸਟਮ ਦੇ ਉਸ ਪ੍ਰਤੀ ਵਿਹਾਰ ਨੂੰ ਦਰਸਾਉਂਦੀ ਹੈ।

ਸੁਖਵੰਤ ਕੌਰ ਮਾਨ ਦੀਆਂ ਕਹਾਣੀਆਂ ਜਿੱਥੇ ਪੇਂਡੂ ਜੀਵਨ ਵਿੱਚ ਵਿਚਰਦੀਆਂ ਔਰਤਾਂ ਦੀ ਸਥਿਤੀ ਨੂੰ ਪੇਸ਼ ਕਰਦੀਆਂ ਹਨ, ਉੱਥੇ ਇਹ ਕਹਾਣੀਆਂ ਸ਼ਹਿਰੀ ਜੀਵਨ ਵਿੱਚ ਜਿਉਂ ਰਹੀਆਂ ਪੜ੍ਹੀਆਂ ਲਿਖੀਆਂ, ਨੌਕਰੀਪੇਸ਼ਾ ਔਰਤਾਂ ਦੀਆਂ ਸਮੱਸਿਆਵਾਂ ਅਤੇ ਸਥਿਤੀ ਨੂੰ ਵੀ ਰੂਪਮਾਨ ਕਰਦੀਆਂ ਹਨ। ਉਸਦੀ 'ਰੁੱਤ ਰਾਗ' ਕਹਾਣੀ ਦਲਿਤ ਸ਼੍ਰੇਣੀ ਦੀਆਂ ਔਰਤਾਂ ਦੀ ਆਪਣੇ ਹੱਕਾਂ ਪ੍ਰਤੀ ਜਾਗ੍ਰੂਰਕਤਾ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਮੁੱਖ ਪਾਤਰ ਭਾਨੋ ਸਾਰੀ ਉਮਰ ਜਿਮੀਂਦਾਰਾਂ ਦੇ ਘਰ ਕੰਮ ਕਰਦੀ ਰਹੀ ਪਰ ਉਸਦੀ ਆਰਥਿਕ ਸਥਿਤੀ ਨਹੀਂ ਬਦਲਦੀ। ਉਹ ਆਪਣੇ ਨਸ਼ੇੜੀ ਪਤੀ ਦੀ ਵਿਰੋਧਤਾ ਕਰਦੀ ਹੋਈ ਆਪਣੀਆਂ ਧੀਆਂ ਨੂੰ ਪੜ੍ਹਾਉਂਦੀ ਹੋਈ ਅਗਾਂਹਵਧੂ ਔਰਤ ਦੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਚੰਦਨ ਨੇਗੀ ਦੀਆਂ ਕਹਾਣੀਆਂ ਦਾ ਕੇਂਦਰ ਸ਼ਹਿਰੀ ਮੱਧਵਰਗੀ ਔਰਤ ਹੈ। ਉਹ ਨਾਰੀ ਦੀ ਤਣਾਓਸ਼ੀਲ ਮਾਨਸਿਕਤਾ ਦੇ ਵਿਭਿੰਨ ਪਾਸਾਰਾਂ ਨੂੰ ਉਭਾਰਨ ਦੇ ਨਾਲ-ਨਾਲ ਆਪਣੀ ਵਸਤੂ ਬਣ ਚੁੱਕੀ ਹੋਂਦ ਪ੍ਰਤੀ ਚੇਤਨ ਔਰਤ ਦੀ ਵਿਦਰੋਹੀ ਸੁਰ ਨੂੰ ਵੀ ਪੇਸ਼ ਕਰਦੀ ਹੈ। 'ਕਟੀਂਦਾ ਮਾਸ' ਕਹਾਣੀ ਨਾਰੀ ਜਾਤ ਪ੍ਰਤੀ ਲਿੰਗਕ ਪੱਖਪਾਤ ਅਤੇ ਨਾਰੀ ਦੇ ਸਰੀਰਕ, ਮਾਨਸਿਕ ਸ਼ੋਸ਼ਣ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਵਿੱਚ ਮੁੱਖ ਪਾਤਰ ਮਹਿੰਦਰੀ ਅਤੇ ਉਸ ਦੀ ਮਾਂ ਮਰਦਾਂ ਹੱਥੋਂ ਸ਼ੋਸ਼ਿਤ ਹੋਈਆਂ ਨਾਰੀਆਂ ਦੀ ਸਮਾਜ ਵਿਚਲੀ ਦੁਜੈਲੀ ਸਥਿਤੀ ਨੂੰ ਦਰਸਾਉਂਦੀਆਂ ਹਨ। 'ਨਵੀਂ ਚਿੱਪਰ' ਕਹਾਣੀ ਆਰਥਿਕ ਤੰਗੀ ਕਾਰਨ ਮਾਪਿਆਂ ਦੁਆਰਾ ਵੇਚੀ ਨਾਰੀ ਦੇ ਸੰਘਰਸ਼ ਨੂੰ ਬਿਆਨ ਕਰਦੀ ਹੈ। ਇਸ ਕਹਾਣੀ ਦੀ ਨਾਇਕਾ ਰਾਜ ਭਾਵੇਂ ਚੁੱਪ-ਚਾਪ ਆਪਣਿਆਂ ਦੀ ਮਰਜ਼ੀ ਅਨੁਸਾਰ ਮਜ਼ਬੂਰੀ ਵੱਸ ਵਿਦੇਸ਼ੀ ਸਿੱਧੜ ਮੁੰਡੇ ਨਾਲ ਵਿਆਹ ਕਰਵਾ ਲੈਂਦੀ ਹੈ। ਜਦੋਂ ਉਹ ਆਰਥਿਕ ਪੱਖੋਂ ਸੁਤੰਤਰ ਹੋ ਜਾਂਦੀ ਹੈ ਤਾਂ ਉਹ ਆਪਣੀ ਦੁਖਾਂਤਕ ਸਥਿਤੀ ਤੋਂ ਛੁਟਕਾਰਾ ਪਾ ਲੈਂਦੀ ਹੈ। 'ਮੈਂ ਸੀਤਾ ਨਹੀਂ' ਕਹਾਣੀ ਦੀ ਨਾਇਕਾ ਦਰਸ਼ੀ ਆਦਰਸ਼ ਭਾਰਤੀ ਪਤਨੀ ਹੈ ਪ੍ਰੰਤੂ ਜਦੋਂ ਉਸ ਉੱਤੇ ਸਹੁਰਿਆਂ ਵੱਲੋਂ ਚਰਿੱਤਰਕ ਦੋਸ਼ ਲਾ ਕੇ ਭਰੀ ਸਭਾ ਵਿੱਚ ਜ਼ਲੀਲ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਪਤੀ ਨਾਲੋਂ ਸੰਬੰਧ ਤੋੜ ਕੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਚਲੀ ਜਾਂਦੀ ਹੈ। ਬਲਜੀਤ ਕੌਰ ਬਲੀ 'ਇਕ ਪੈਰ ਵਾਲਾ ਘਰ' ਕਹਾਣੀ ਵਿੱਚ ਇਸਦੀ ਮੁੱਖ ਪਾਤਰ ਸਿੰਮੀ ਰਾਹੀਂ ਇਕ ਪੜ੍ਹੀ-ਲਿਖੀ, ਆਜ਼ਾਦ ਅਤੇ ਆਪਣੀ ਸਥਿਤੀ ਪ੍ਰਤੀ ਚੇਤੰਨ ਹੋ ਰਹੀ ਔਰਤ ਨੂੰ ਪੇਸ਼ ਕਰਦੀ ਹੈ।

ਸਿੰਮੀ ਪ੍ਰੰਪਰਕ ਪਿੱਤਰਕੀ ਪ੍ਰਬੰਧ ਦੀ ਨੁਮਾਇੰਦਗੀ ਕਰਨ ਵਾਲੀ ਆਪਣੀ ਮਾਂ ਦੀ ਇੱਛਾ ਦੇ ਖ਼ਿਲਾਫ਼ ਜਾ ਕੇ ਆਪਣੇ ਮਰਜ਼ੀ ਦੇ ਮੁੰਡੇ ਨਾਲ ਵਿਆਹ ਕਰਾਉਣ ਦਾ ਖ਼ੁਦਮੁਖ਼ਤਿਆਰ ਫੈਸਲਾ ਕਰਦੀ ਹੋਈ ਮਾਂ ਦਾ ਘਰ ਛੱਡ ਕੇ ਚਲੀ ਜਾਂਦੀ ਹੈ।

ਉਪਰੋਕਤ ਇਸਤਰੀ ਕਹਾਣੀਕਾਰਾਂ ਤੋਂ ਇਲਾਵਾ ਬਚਿੰਤ ਕੌਰ, ਰਸ਼ਪਿੰਦਰ ਰਸ਼ਿਮ, ਨਿਰਮਲ ਜਸਵਾਲ, ਬਲਵਿੰਦਰ ਕੌਰ ਬਰਾੜ, ਕਾਨਾ ਸਿੰਘ, ਵਿਸ਼ਵ ਜਯੋਤੀ ਧੀਰ, ਚੰਦਨ ਨੇਗੀ ਪਰਵਾਸੀ ਕਹਾਣੀਕਾਰਾਂ ਵਿੱਚ ਬਲਬੀਰ ਕੌਰ ਸੰਘੇੜਾ, ਕੈਲਾਸ਼ਪੁਰੀ, ਵੀਨਾ ਵਰਮਾ, ਪਰਵੇਜ਼ ਸੰਧੂ, ਰਾਣੀ ਨਗੇਂਦਰ ਕੌਰ, ਸ਼ਰਨ ਮੱਕੜ, ਸੁਰਜੀਤ ਕਲਸੀ, ਸੁਸ਼ੀਲ ਕੌਰ, ਮਨਜੀਤ ਕੌਰ ਸੇਖੋਂ, ਮਿੰਨੀ ਗਰੇਵਾਲ ਆਦਿ ਨੇ ਨਾਰੀ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਨ ਦੇ ਨਾਲ-ਨਾਲ ਅਜੋਕੀ ਔਰਤ ਵਿੱਚ ਆਪਣੇ ਹੱਕਾਂ ਪ੍ਰਤੀ ਆਈ ਚੇਤਨਤਾ ਨੂੰ ਆਪੋ-ਆਪਣੇ ਜਾਵੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਕਹਾਣੀ ਵਿੱਚ ਆਰੰਭਲੇ ਸਮੇਂ ਤੋਂ ਲੈ ਕੇ ਸਮਕਾਲ ਤੱਕ ਨਾਰੀ ਦੀ ਸਥਿਤੀ ਨਾਲ ਜੁੜਿਆ ਸ਼ਾਇਦ ਹੀ ਕੋਈ ਅਜਿਹਾ ਸਰੋਕਾਰ ਹੋਵੇਗਾ ਜਿਸਦੀ ਗੱਲ ਨਾ ਕੀਤੀ ਗਈ ਹੋਵੇ। ਪੰਜਾਬੀ ਕਹਾਣੀ ਵਿੱਚ ਔਰਤ ਦੇ ਵਿਭਿੰਨ ਰੂਪਾਂ ਘਰੇਲੂ, ਪੇਂਡੂ, ਮੱਧ ਵਰਗੀ, ਸ਼ਹਿਰੀ, ਪਰਵਾਸੀ, ਅਣਪੜ੍ਹ, ਪੜ੍ਹੀ-ਲਿਖੀ, ਨੌਕਰੀਪੇਸ਼ਾ, ਪਰੰਪਰਾਪਾਲਕ, ਆਧੁਨਿਕ ਸੋਚ ਵਾਲੀ, ਮਜ਼ਬੂਤ, ਦਲੇਰ ਔਰਤ ਦੀ ਪੇਸ਼ਕਾਰੀ ਹੋਈ ਮਿਲ ਜਾਂਦੀ ਹੈ। ਅੱਜ ਪੰਜਾਬੀ ਕਹਾਣੀ ਵਿਸ਼ਵੀਕਰਨ ਅਤੇ ਨਵ-ਪੂੰਜੀਵਾਦੀ ਵਿਵਸਥਾ ਵਾਲੇ ਯੁੱਗ ਵਿੱਚ ਨਾਰੀ ਦੀਆਂ ਬਹੁਪੱਖੀ ਸਮੱਸਿਆਵਾਂ, ਵਿਸ਼ਵ ਪੱਧਰ ਤੇ ਨਾਰੀ ਦੀ ਬਦਲ ਰਹੀ ਸਥਿਤੀ ਦੇ ਫਲਸਰੂਪ ਪੰਜਾਬੀ ਨਾਰੀ ਦੀ ਬਦਲ ਰਹੀ ਸੰਵੇਦਨਾ, ਔਰਤ-ਮਰਦ ਸੰਬੰਧਾਂ ਦੀਆਂ ਬਦਲ ਰਹੀਆਂ ਸਮੀਕਰਣਾਂ ਅਤੇ ਨਾਰੀ ਮਨ ਦੀਆਂ ਵਿਭਿੰਨ ਪਰਤਾਂ ਨੂੰ ਸਮਕਾਲੀ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਨਿਰਖਣ-ਪਰਖਣ ਅਤੇ ਪ੍ਰਗਟਾਉਣ ਵਿੱਚ ਨਿਰੰਤਰ ਕਾਰਜਸ਼ੀਲ ਹੈ। ਇਸ ਸ਼ੋਧ-ਪ੍ਰਬੰਧ ਦੇ ਅਗਲੇ ਅਧਿਆਇ ਵਿੱਚ ਅਸੀਂ ਸੰਨ 2000 ਤੋਂ ਹੁਣ ਤੱਕ ਲਿਖੀ ਗਈ ਸਮਕਾਲੀ ਪੰਜਾਬੀ ਕਹਾਣੀ ਵਿੱਚ ਪੇਸ਼ ਨਾਰੀ ਦੀ ਸਥਿਤੀ ਅਤੇ ਨਾਰੀ ਚੇਤਨਾ ਦਾ ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਅਧਿਐਨ-ਵਿਸ਼ਲੇਸ਼ਣ ਕਰਨ ਦਾ ਯਤਨ ਕਰਾਂਗੇ।

0-0-0

## ਹਵਾਲੇ ਤੇ ਟਿੱਪਣੀਆਂ


1. Sushila Singh, Feminism: Theory, Criticism, Analysis, P 22
2. Jane Freedman, Feminism, P 2
3. Ibid, P 3
4. Maggie Humm, (ed.) The Dictionary of Feminsit Theory, P 71
5. The New International Webster's Comprehansive Dictionary of the English Language, P 481
6. Stanford Encyclopedia of Philosophy (Feminist Philosophy) June 28, 2018, Plato. Stanford.edu/entries/Feminist-Philosophy Accessed 23 Nov.2018
7. O.Neil, William, The Women Movement, P 13
8. Pam Morris, Literature and Feminism: An introduction, P 32
9. ਅਨਾਮਿਕਾ, ਇਸਤਰੀਤਵ ਕਾ ਮਾਨਚਿਤ੍ਰ, ਪੰਨਾ 53
10. ਪ੍ਰਭਾ ਖੇਤਾਨ, ਅਤੀਤ ਹੋਤੀ ਸਦੀ ਔਰ ਇਸਤਰੀ ਕਾ ਭਵਿੱਸ਼ (ਵਿਸ਼ੇਸ਼ ਅੰਕ-1), ਹੰਸ, 2001, ਪੰਨਾ 36
11. Sushila Singh, Feminism: Theory Criticism, Analysis, PP 23-24
12. ਡਾ. ਵਨੀਤਾ, ਨਾਰੀਵਾਦ ਤੇ ਸਾਹਿਤ, ਪੰਨਾ 9
13. Meggie Humm (ed.) The Dictionary of Feminist Theory, PP 238-239
14. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 21
15. ਉਹੀ, ਪੰਨਾ 23
16. ਉਹੀ, ਪੰਨੇ 23-25
17. ਉਹੀ, ਪੰਨੇ 25-26
18. ਉਹੀ, ਪੰਨਾ 131
19. Judith Butler, Gender Trouble: Feminism and the subversion of identity, P 34
20. ਡਾ. ਬਲਵਿੰਦਰ ਕੌਰ ਬਰਾੜ, ਨਾਰੀਵਾਦ ਸਿਧਾਂਤ, ਚਿੰਤਨ ਅਤੇ ਵਿਹਾਰ, ਪੰਨਾ 17

21 Encyclopedia Americana: International Edition Vol. 29, PP 102-103

22. ਅਨਾਮਿਕਾ, ਇਸਤਰੀਤਵ ਕਾ ਮਾਨਚਿਤਰ, ਪੰਨੇ 18-36

23. ਪ੍ਰਮੀਲਾ ਕੇ.ਪੀ, ਇਸਤਰੀ ਅਧਿਐਨ ਕੀ ਬੁਨਿਆਦ, ਪੰਨਾ 16

24 Neeru Tandon, Feminism: A Paradigm Shift, P 17

25. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 67

26. Vidyut Bhagwat, Feminist Social Thought: An introduction to six key Thinkers, P 19

27. Deborah L.Madsen, Feminist Theory and Literary Practice, P 35

28. John Locke, Two Treatise of Government, PP 321-322

29. As quoted in Feminism by John Charvet, P 13

30. Mary Wollstonecraft Godwin, A Vindication of the Rights of Women, P 58

31. Ibid, P. 52

32. ਜੇ.ਐਸ.ਮਿਲ., ਗ਼ੁਲਾਮ ਔਰਤ, (ਅਨੁ. ਅਤੇ ਸਮੀਖਿਆ-ਗੁਰਜੀਤ ਸਿੰਘ ਸੰਧੂ), ਪੰਨੇ 62-63

33. Betty Friedan, The Feminine Mystique, P 26

34. ਦਵਿੰਦਰ ਇਸਰ, ਇਸਤਰੀ ਮੁਕਤੀ ਕੇ ਪ੍ਰਸ਼ਨ, ਪੰਨਾ 41

35. Virginia Woolf, a Room of One's own, P 105

36. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨੇ 58-59

37. ਉਹੀ, ਪੰਨੇ 194-195

38. ਉਹੀ, ਪੰਨੇ 111-120

39. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨੇ 16-17

40. ਰਾਕੇਸ਼ ਕੁਮਾਰ, ਨਾਰੀਵਾਦੀ ਵਿਮਰਸ਼, ਪੰਨਾ 146 ਤੋਂ ਉੱਧਰਿਤ

41. Germaine Greer, The Female Eunch, PP 18-20

42. ਡਾ. ਵਨੀਤਾ, ਨਾਰੀਵਾਦ ਤੇ ਸਾਹਿਤ, ਪੰਨਾ 30 ਤੋਂ ਉੱਧਰਿਤ

43. ਪ੍ਰਮੀਲਾ ਕੇ. ਪੀ., ਇਸਤਰੀ ਅਧਿਐਨ ਕੀ ਬੁਨਿਆਦ, ਪੰਨਾ 44

44. ਦਵਿੰਦਰ ਇਸਰ, ਇਸਤਰੀ ਮੁਕਤੀ ਦੇ ਪ੍ਰਸ਼ਨ, ਪੰਨਾ 65 ਤੋਂ ਉੱਧਰਿਤ

45. ਉਹੀ, ਪੰਨਾ 65

46. As quoted in Feminism: A Paradigm Shift by Neeru Tandon P 56

47. ਪ੍ਰਮੀਲਾ. ਕੇ. ਪੀ., ਇਸਤਰੀ ਅਧਿਐਨ ਕੀ ਬੁਨਿਆਦ, ਪੰਨਾ 56

48. ਫਰੈਡਰਿਕ ਏਂਗਲਜ਼, ਪਰਿਵਾਰ, ਨਿੱਜੀ ਸੰਪਤੀ ਅਤੇ ਰਾਜ ਦੀ ਉਤਪਤੀ, (ਅਨੁ. ਅਤੇ ਸੰਪਾ. ਨਰੇਸ਼ 'ਨਦੀਮ'), ਪੰਨਾ 64

49. ਵੀ.ਆਈ. ਲੈਨਿਨ, ਔਰਤ ਦੇ ਜੀਵਨ ਵਿੱਚ ਇਨਕਲਾਬ, ਪੰਨੇ 7-8

50. ਉਹੀ, ਪੰਨੇ 9-10

51. J. Beechar and R. Bienvenu (eds.), The Utopian vision of Charles Fourier, PP 169-176

52. A. Bebel, Women under Socialism, PP 1-6

53. Juliet Mitchell, Women: The longest Revolution, P 90

54. ਅਨਾਮਿਕਾ, ਇਸਤਰੀਤਵ ਕਾ ਮਾਨਚਿਤਰ, ਪੰਨਾ 48

55. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 40

56. Sigmund Freud, Introductory Lecturers On Psychoanalysis (Vol.I), P 163

57. ਸੀਮੋਨ-ਦ-ਬੋਵਾਰ, ਇਸਤਰੀ ਉਪੇਖਸ਼ਿਤਾ, (ਅਨੁ. ਪ੍ਰਭਾ ਖੇਤਾਨ), ਪੰਨਾ 39

58. ਉਹੀ, ਪੰਨਾ 38

59. ਉਹੀ, ਪੰਨਾ 44

60. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 44 ਤੋਂ ਉੱਧਰਿਤ

61. ਉਹੀ, ਪੰਨੇ 42-43

62. ਡਾ. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ, ਪੰਨਾ 52

63. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ, ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨਾ 159 ਤੋਂ ਉੱਧਰਿਤ

64. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 45

65. ਡਾ. ਗੁਰਭਗਤ ਸਿੰਘ, ਉਤਰ ਆਧੁਨਿਕਤਾਵਾਦ, ਪੰਨਾ 98

66. ਉਹੀ, ਪੰਨੇ 91-92

67. ਡਾ. ਗੁਰਭਗਤ ਸਿੰਘ, ਉਤਰ ਆਧੁਨਿਕਤਾਵਾਦ, ਪੰਨੇ 97-98

68. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ, ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨਾ 133

69. ਡਾ. ਗੁਰਭਗਤ ਸਿੰਘ, ਉਤਰ ਆਧੁਨਿਕਤਾਵਾਦ, ਪੰਨਾ 97

70. ਉਹੀ, ਪੰਨਾ 98

71. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 149

72. ਡਾ. ਬੇਅੰਤ ਕੌਰ, ਨਾਰੀਵਾਦੀ ਚਿੰਤਨ: ਪਰਿਪੇਖ ਤੇ ਵਿਹਾਰ, ਪੰਨਾ 45

73. ਗੋਪੀਚੰਦ ਨਾਰੰਗ, ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, (ਅਨੁ. ਜਗਬੀਰ ਸਿੰਘ), ਪੰਨਾ 190

74. ਉਹੀ, ਪੰਨਾ 196

75. ਉਹੀ, ਪੰਨਾ 197

76. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ, ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨਾ 127

77. ਉਹੀ, ਪੰਨਾ 128

78. ਉਹੀ, ਪੰਨੇ 153-55

79. ਅਨਾਮਿਕਾ, ਇਸਤਰੀ ਵਿਮਰਸ਼ ਕੀ ਉੱਤਰ-ਗਾਥਾ, ਪੰਨਾ 81

80. ਡਾ. ਗੁਰਭਗਤ ਸਿੰਘ, ਉਤਰ ਆਧੁਨਿਕਤਾਵਾਦ, ਪੰਨਾ 92 ਤੋਂ ਉੱਧਰਿਤ

81. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ, ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨਾ 153

82. ਗੋਪੀਚੰਦ ਨਾਰੰਗ, ਸੰਰਚਨਾਵਾਦ, ਉੱਤਰ-ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, (ਅਨੁ. ਜਗਬੀਰ ਸਿੰਘ), ਪੰਨਾ 179

83. ਉਹੀ, ਪੰਨੇ 178-182

84. Sara Ahmed, Differences that Matter: Feminist Theory and Postmodernism, P 16

85. ਰਜਿੰਦਰ ਯਾਦਵ, ਅਰਚਨਾ ਵਰਮਾ (ਸੰਪਾ.), ਅਤੀਤ ਹੋਤੀ ਸਦੀ ਔਰ ਇਸਤਰੀ ਕਾ ਭਵਿੱਸ਼, ਪੰਨੇ 189-190

86. Stephanie Genz and Benjamin A. Brabon, Postfeminism cultural Texts and Theories, P 36

87. ਬੈੱਲ ਹੁਕਸ, "ਪਿਤਰਸੱਤਾ ਕਾ ਸਾਮੰਤਵਾਦ", ਗੂੰਗੇ ਇਤਿਹਾਸੋਂ ਕੀ ਸਰਹਦੋਂ ਪਰ: ਪੱਛਮ ਦਾ ਸਮਕਾਲੀਨ ਇਸਤਰੀ ਚਿੰਤਨ, (ਅਨੁ.) ਸਬੋਧ ਸ਼ੁਕਲ, ਪੰਨਾ 196

88. ਉਹੀ, ਪੰਨਾ 200

89. ਉਹੀ, ਪੰਨੇ 208-212

90. Barbara Smith, "A press of our Own: Kitchen Table: Women of color Pres" Communications at the crossroads: the Gender Gap connection, (ed.) Romana R.Rush, Donna Allen, PP 202-203

91. Alice Walker, The Color Purple, en.m.wikipedia.org/wiki/The_color_purple Accessed 20 Nov. 2017

92. Chandra Talpade Mohanty, Under Western eyes: Feminist Scholarship and colonial discourses, P 335

93. Ibid, P 335

94. ਜਗਦੀਸ਼ਵਰ ਚਤੁਰਵੇਦੀ, ਸੁਧਾ ਸਿੰਘ, ਕਾਮੁਕਤਾ, ਪੋਨਰੋਗ੍ਰਾਫੀ ਅਤੇ ਇਸਤਰੀਵਾਦ, ਪੰਨਾ 297ਤੋਂ ਉੱਧਰਿਤ

95. Mina Roces, ''Asian Feminisms, Womens's movements from the Asian Perspective'', Women's Movements in Asia: Feminisms and Transnational activism, (ed.) Mina Roces & Louise Edwards, PP 1-2

96. Khawar Mumtaz, Farida Shaheed, Women of Pakistan: Two Steps Forward, one Step Back, P 51

97. K. Mumtaz, F. Shaheed, Women of Pakistan, PP 61-62

98. F. Shaheed and S.A. Warraich, "The Context of Women's Activism", Shaping Womens's Lives: Laws, Practices & Strategies in Pakistan (ed.) F. Shaheed, PP 276-278

99. F. Azim, "Secularism and Women's Movement in Bangladesh", Feminist Subversion and complicity, (ed.) M. Mukhopadhyay, P 224

100. A. Banu, "Global-Local interactions: First Three decades of Women's movement in Bangladesh", The Journal of Asiatic Society of Bangladesh, V.60 (2), 2015, PP 203-230

101. Sohela Nazneen, The Women's Movement in Bangladesh, P 15

102. A. Zito, "Secularizing the pain of Footbinding in China: Missionaries and Medical Stagings of the Universal body", Journal of the American Academy of Religion, 75 (1) PP 1-4

103. Louise Edwards, "Chinese Feminism in a Transnational Frame", Women's Movement in Asia (ed.) Mina Roces & Louise Edwards, P 58

104. Ibid, P 59

105. Ibid, P 61

106. Dr. Shen Yifei, Feminism in China, P 11

107. Ibid, P 11

108. Setsu Shigematsu, Scream from the Shadows: The Women's Liberation Movements in Japan, PP 120-122

109. Barbara Malony, "Women's Rights, Feminism and Suffrage in Japan, 1870-1925", The Pacific Historical Review, Vol.69, No.4, P 645

110. E. Patricia Tsurumi, Factory Girls: Women in the Thread Mills of Meiji Japan, PP 132-142

111. Feminism in Japan, en.m.wikipedia.org/wiki/Feminismin-Japan Accessed 23 January 2018

112. A. Tokuza, The Rise of the Feminist Movement in Japan, P 215

113. Women in Japan, en.m.wikipedia.org/wiki/Women_in_Japan Accessed 26 January 2018

114. Monica Lindberg Falk, "Feminism, Buddhism and transnational Women's movement in Thailand", Women's Movement in Asia, (ed.) Mina Roces & Louise Edwards, P 114

115. D. Tantiwiramanond and S.R. Panday, By Women for Women: A study of Women's organizations in Thailand, P 31

116. Susan Blackburn, "Feminism and the Women's movement in the world's largest Islamic nation", Women's movement in Asia, (ed.) Mina Roces & Louise Edwards, P 21

117. Ibid, PP 22-23

118. C. Brown, "Sukarno on the Role of Women in the nationalist Movement", Review of Indonesian and Malay Affairs, 15, PP 68-92

119. Susan Blackburn, "Feminism and the Women's movement in the world's largest Islamic nation", Women's movement in Asia, (ed.) Mina Roces & Louise Edwards, P 27

120. Ibid, P 26

121. Mina Roces, "Rethinking the Filipino woman: a century of women's activism in the Philippines, 1905-2006", Women's Movements in Asia, (ed.) Mina Roces & Louise Edwards, PP 35-36

122. Ibid, P 36

123. C. Sobritchea, "Women's Movement in Philippines and the Politics of Critical Collaboration with the state", civil Society in Southea St Asia, (ed.) L.H. Guan, P 103

124. Mina Roces, "Rethinking 'the Filipino Woman:A Century of Womens's activism in the Philippines, 1905-2006", Women's Movements in Asia, (ed.) Mina Roces & Louise Edwards, P 38

125. Women's Rights movement in Iran, en.m.wikipedia.org./wiki/women%27s_rights_movements_in_Iran Acessed 27 February 2018

126. Jam'iyat_e_Nesvan_e vatankhah, en.m.wikipedia.org./wiki/Jam%27iyat_e_Nesvan_e_vatankhah Accessed 27 Februray 2018

127. Women's Rights movement in Iran, Ibid

128. Women in Afgahanistan, en.m.wikipedia.org./wiki/women_m_Afghanistan Accessed 2 March 2018

129. Humma Ahmed-Ghosh, A History of Women in Afgahanistan: Lessons Learnt for the future or yesterdays and Tomorrow: Women in Afghanistan, Journal of International women's studies Vol.4(3), P 4

130. Women in Afghanistan, Ibid

131. Polly Toynbee, 'Behind the Burka', The Guardian 28 sep. 2001

132. Women in Afghanistan, Ibid

133. ਆਸ਼ਾ ਰਾਣੀ ਵੋਹਰਾ, ਭਾਰਤੀਯ ਨਾਰੀ: ਦਸ਼ਾ ਔਰ ਦਿਸ਼ਾ, ਪੰਨੇ 4-5

134. ਡਾ. ਅ. ਸ. ਅਰੋੜਾ, ਭਾਰਤ ਦਾ ਇਤਿਹਾਸ, ਪੰਨਾ 30

135. A.S. Altekar, The Position of Women in Hindu Civilzation, P 235

136. ਡਾ. ਭਾਰਤੀ ਆਰਯ, ਸਮਰਿਤੀਓ ਮੇਂ ਨਾਰੀ, ਪੰਨਾ 15

137. John Mclead, The History of India, P 27

138. A.S. Altekar, The Position of Women in Hindu Civilzation, P 340

139. ਆਸ਼ਾ ਰਾਣੀ ਵੋਹਰਾ, ਭਾਰਤੀਯ ਨਾਰੀ: ਦਸ਼ਾ ਔਰ ਦਿਸ਼ਾ, ਪੰਨੇ 6

140. ਵੀ.ਐਨ. ਸਿੰਘ, ਜਨਮੇਜਯ ਸਿੰਘ, ਨਾਰੀਵਾਦ, ਪੰਨਾ 60

141. ਵੀ.ਐਨ. ਸਿੰਘ, ਜਨਮੇਜਯ ਸਿੰਘ, ਨਾਰੀਵਾਦ, ਪੰਨੇ 21-72

142. ਉਹੀ, ਪੰਨਾ 9

143. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473

144. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ 1800-1990, (ਅਨੁ. ਅਤੇ ਸੰਪਾ. ਰਮਾ ਸੰਕਰ ਸਿੰਘ 'ਦਿਵਯਦ੍ਰਿਸ਼ਟੀ'), ਪੰਨਾ 24

145. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ 1800-1990, ਪੰਨੇ 26

146. ਵੀ.ਐਨ. ਸਿੰਘ, ਜਨਮੇਜਯ ਸਿੰਘ, ਨਾਰੀਵਾਦ, ਪੰਨੇ 82-83

147. A.K. Sinha (ed.) History of Bangal 1757-1905, P 45

148. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ, ਪੰਨਾ 14

149. ਉਹੀ, ਪੰਨਾ 55

150. ਵੀ.ਐਨ. ਸਿੰਘ, ਜਨਮੇਜਯ ਸਿੰਘ, ਨਾਰੀਵਾਦ, ਪੰਨੇ 89-94

151. ਉਹੀ, ਪੰਨੇ 94-98

152. ਉਹੀ, ਪੰਨੇ 99-101

153. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ 1800-1990, ਪੰਨੇ 66-72

154. ਉਹੀ, ਪੰਨਾ 89

155. ਵੀ.ਐਨ. ਸਿੰਘ, ਜਨਮੇਜਯ ਸਿੰਘ, ਨਾਰੀਵਾਦ, ਪੰਨੇ 290-91

156. Usha Chakraborty, conditions of Bengali Women Around the 2nd half of the 19th Century, PP 129-41

157. Ibid, PP 1-25

158. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ, ਪੰਨੇ 122

159. ਰਾਧਾ ਕੁਮਾਰ, ਇਸਤਰੀ ਸੰਘਰਸ਼ ਦਾ ਇਤਿਹਾਸ 1800-1990, ਪੰਨਾ 126

160. R.K. Sharma, Nationalism, Social reform and Indian women, P 118

161. ਰਾਧਾ ਕੁਮਾਰ, ਪੰਨੇ 195-212

162. ਉਹੀ, ਪੰਨਾ 213

163. ਉਹੀ, ਪੰਨੇ 217-220

164. ਪੀਤਾਂਬਰ ਦੱਤ ਬੜਥਵਾਲ, ਗੋਰਖਬਾਣੀ, ਪੰਨਾ 148

165. ਬੁਲ੍ਹੇ ਸ਼ਾਹ, ਜੀਵਨ ਤੇ ਰਚਨਾ, (ਸੰਪਾ. ਡਾ. ਜੀਤ ਸਿੰਘ ਸੀਤਲ), ਪੰਨਾ 89

166. ਆਦਿ ਗ੍ਰੰਥ, ਪੰਨਾ 413

167. ਹੀਰ ਵਾਰਿਸ, (ਸੰਪਾ. ਜੀਤ ਸਿੰਘ ਸੀਤਲ), ਪੰਨਾ 129

168. ਪੀਲੂ ਦਾ ਮਿਰਜ਼ਾ ਸਾਹਿਬਾਂ, (ਸੰਪਾ. ਅਜੀਤ ਸਿੰਘ), ਪੰਨਾ 94

169. ਸੁਖਦੇਵ ਸਿੰਘ, ਪੰਜਾਬੀ ਕਾਵਿ : ਪ੍ਰਤਿਰੋਧ ਦਾ ਪ੍ਰਵਚਨ, ਪੰਨੇ 92-93

170. ਉਹੀ, ਪੰਨਾ 93

171. ਬਾਵਾ ਬਲਵੰਤ, ਮਹਾਂਨਾਚ, ਪੰਨਾ 50

172. ਸ਼ਿਵ ਕੁਮਾਰ, ਲੂਣਾਂ, ਪੰਨਾ 121

173. ਅੰਮ੍ਰਿਤਾ ਪ੍ਰੀਤਮ, ਪੱਥਰ ਗੀਟੇ, ਪੰਨਾ 58

174. ਪ੍ਰਭਜੋਤ ਕੌਰ, ਚੰਦਰਯੁਗ, ਪੰਨਾ 66

175. ਸੁਖਵਿੰਦਰ ਅੰਮ੍ਰਿਤ, ਕਣੀਆਂ, ਪੰਨਾ 38